Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763





Ad Space is Available.
Contact us at:
847-359-0746



COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587







Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 26, Issue 15; April 12, 2025
20451 N. Plum Grove Rd., Palatine, IL 60074
Ph:847-359-0746, Fax:847-705-9388


## ਟਰੰਪ ਨੇ ਬਾਜ਼ਾਰ ਦੀ ਮੰਦੀ ਨੂੰ 'ਦਵਾਈ' ਦਾ ਅਸਰ ਦੱਸਿਆ

### ਕਦੀ-ਕਦੀ ਸਭ ਕੁਝ ਠੀਕ ਕਰਨ ਲਈ ਦਵਾਈ ਲੈਣੀ ਪੈਂਦੀ ਹੈ: ਟਰੰਪ

**ਨਵੀਂ ਦਿੱਲੀ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫ ਨੇ ਭਾਰਤ ਸਮੇਤ ਦੁਨੀਆ ਭਰ ਦੇ ਸ਼ੇਅਰ ਬਾਜ਼ਾਰਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸਵੇਰੇ ਨੌਂ ਵਜੇ ਭਾਰਤੀ ਸ਼ੇਅਰ ਬਾਜ਼ਾਰ ਖੁੱਲ੍ਹਦੇ ਹੀ ਕੁਝ ਸਕਿੰਟਾਂ 'ਚ ਨਿਵੇਸ਼ਕਾਂ ਦੇ 20 ਲੱਖ ਕਰੋੜ ਡੁੱਬ ਗਏ। ਟਰੰਪ ਦੇ ਟੈਰਿਫ ਦੇ ਡਰ ਨਾਲ ਬੰਬੇ ਸਟਾਕ ਐਕਸਚੇਂਜ



(ਬੀਐੱਸਈ) ਦਾ ਸੈਂਸੇਕਸ ਕਾਰੋਬਾਰੀ ਦਿਨ ਦੌਰਾਨ 3,940 ਤੇ ਨਿਫਟੀ 1,160 ਅੰਕ ਤੋਂ ਜ਼ਿਆਦਾ ਡਿੱਗ ਕੇ ਖੁੱਲ੍ਹੇ। ਸਾਰਾ ਦਿਨ ਚੱਲੇ ਉਤਰਾਅ-ਚੜ੍ਹਾਅ ਦਰਮਿਆਨ ਬਾਜ਼ਾਰ ਬੰਦ ਹੋਣ ਤੱਕ ਇਸ ਵਿਚ ਕੁਝ ਸੁਧਾਰ ਦਿਸਿਆ। ਸੈਂਸੇਕਸ ਕਾਰੋਬਾਰੀ ਦਿਨ ਦੌਰਾਨ 5.22 ਫ਼ੀਸਦੀ ਅੰਕਾਂ ਦੀ ਵੱਡੀ ਗਿਰਾਵਟ ਦੇਖਣ ਦੇ ਬਾਅਦ ਆਖਰ 2,227 ਅੰਕ (2.95 ਫ਼ੀਸਦੀ) ਡਿੱਗ ਕੇ 71,138 ਅੰਕਾਂ 'ਤੇ ਬੰਦ ਹੋਇਆ।

ਵਾਸ਼ਿੰਗਟਨ ਤੋਂ ਖਬਰ ਅਨੁਸਾਰ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵੱਡੇ ਪੱਧਰ 'ਤੇ ਯੋਜਨਾਵਾਂ ਨੇ ਸੋਮਵਾਰ ਨੂੰ ਆਲਮੀ ਵਿੱਤੀ ਬਾਜ਼ਾਰਾਂ ਨੂੰ ਪ੍ਰਭਾਵਿਤ ਕੀਤਾ। ਟਰੰਪ ਨੇ ਵਿੱਤੀ ਬਾਜ਼ਾਰਾਂ 'ਚ ਭਾਰੀ ਉਥਲ-ਪੁਥਲ ਨੂੰ ''ਦਵਾਈ'' ਦਾ ਅਸਰ ਕਰਾਰ ਦਿੱਤਾ ਹੈ। ਉਨ੍ਹਾਂ ਵਿਦੇਸ਼ੀ ਸਰਕਾਰਾਂ ਨੂੰ ਚਿਤਾਵਨੀ ਦਿੱਤੀ ਕਿ ਉਨ੍ਹਾਂ ਨੂੰ ਇਨ੍ਹਾਂ ਟੈਕਸਾਂ ਨੂੰ ਹਟਾਉਣ ਲਈ ਬਹੁਤ ਸਾਰਾ ਪੈਸਾ ਦੇਣਾ ਹੋਵੇਗਾ। ਏਸ਼ਿਆਈ ਸ਼ੇਅਰ ਬਾਜ਼ਾਰ ਡੁੱਬ ਗਏ, ਯੂਰਪੀ ਸ਼ੇਅਰ ਬਾਜ਼ਾਰ 16 ਮਹੀਨੇ ਦੇ ਹੇਠਲੇ ਪੱਧਰ 'ਤੇ ਆ ਗਏ ਤੇ ਤੇਲ ਦੀਆਂ ਕੀਮਤਾਂ 'ਚ ਭਾਰੀ ਗਿਰਾਵਟ ਆਈ। ਨਿਵੇਸ਼ਕਾਂ ਨੂੰ ਡਰ ਹੈ ਕਿ ਟਰੰਪ ਵੱਲੋਂ ਪਿਛਲੇ ਹਫਤੇ ਐਲਾਨੇ ਟੈਕਸਾਂ ਕਾਰਨ ਕੀਮਤਾਂ ਵੱਧ ਸਕਦੀਆਂ ਹਨ, ਮੰਗ ਕਮਜ਼ੋਰ ਹੋ ਸਕਦੀ ਹੈ ਤੇ ਆਲਮੀ ਮੰਦੀ ਦਾ ਖ਼ਦਸ਼ਾ ਡੂੰਘਾ ਹੋ ਸਕਦਾ ਹੈ। ਐਤਵਾਰ ਨੂੰ ਏਅਰ ਫੋਰਸ ਵਨ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਟਰੰਪ ਨੇ ਘਾਟੇ ਨੂੰ ਨਜ਼ਰਅੰਦਾਜ਼ ਕਰ ਦਿੱਤਾ, ਜਿਸਨੇ ਆਲਮੀ ਸ਼ੇਅਰ ਬਾਜ਼ਾਰਾਂ 'ਚ ਖ਼ਰਬਾਂ ਡਾਲਰਾਂ ਦਾ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂ ਨਹੀਂ ਚਾਹੁੰਦਾ ਕਿ ਕੁਝ ਵੀ ਡਿੱਗੇ ਪਰ ਕਦੀ-ਕਦੀ ਤੁਹਾਨੂੰ ਸਭ ਕੁਝ ਠੀਕ ਕਰਨ ਲਈ ਦਵਾਈ ਲੈਣੀ ਪੈਂਦੀ ਹੈ। ਮੈਂ ਹਫਤੇ ਦੇ ਅੰਤ 'ਚ ਯੂਰਪ ਤੇ ਏਸ਼ੀਆ ਦੇ ਨੇਤਾਵਾਂ ਨਾਲ ਗੱਲ ਕੀਤੀ ਸੀ, ਜੋ ਮੈਨੂੰ ਟੈਰਿਫ ਨੂੰ ਘੱਟ ਕਰਨ ਲਈ ਮਨਾਉਣ ਦੀ ਉਮੀਦ ਕਰ ਰਹੇ ਹਨ। ਟਰੰਪ ਲਗਾਤਾਰ ਆਪਣੀ ਗੱਲ 'ਤੇ ਅੜੇ ਰਹੇ। ਚੀਨ ਨੇ ਅਮਰੀਕਾ 'ਤੇ ਟੈਰਿਫ਼ ਨੂੰ ਲੈ ਕੇ ਇਕਪਾਸੜ ਕਦਮ ਚੁੱਕਣ, ਸੁਰੱਖਿਆਵਾਦ ਤੇ ਆਰਥਿਕ ਬਦਮਾਸ਼ੀ ਦਾ ਦੋਸ਼ ਲਗਾਇਆ ਤੇ ਟੈਸਲਾ ਸਮੇਤ ਅਮਰੀਕੀ ਕੰਪਨੀਆਂ ਨੂੰ ਇਸ ਮੁੱਦੇ ਨੂੰ ਹੱਲ ਕਰਨ ਲਈ ਠੋਸ ਕਾਰਵਾਈ ਕਰਨ ਦਾ ਸੱਦਾ ਦਿੱਤਾ।

*(ਬਾਕੀ ਸਫ਼ਾ 6 'ਤੇ)*

## ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਪ੍ਰਧਾਨ ਦੀ ਚੋਣ 12 ਅਪ੍ਰੈਲ ਨੂੰ

### ਸੁਖਬੀਰ ਦਾ ਦੁਬਾਰਾ ਪ੍ਰਧਾਨ ਬਣਨਾ ਲਗਪਗ ਤੈਅ

**ਚੰਡੀਗੜ੍ਹ:** ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਵਰਕਿੰਗ ਕਮੇਟੀ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਪਾਰਟੀ 12 ਅਪ੍ਰੈਲ ਨੂੰ ਸਵੇਰੇ ਗਿਆਰਾਂ ਵਜੇ ਅੰਮ੍ਰਿਤਸਰ ਦੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਨਵੇਂ ਪ੍ਰਧਾਨ ਦੀ ਚੋਣ ਲਈ ਆਪਣਾ ਜਨਰਲ ਡੈਲੀਗੇਟ ਇਜਲਾਸ ਕਰੇਗੀ। ਇਸੇ ਦਿਨ ਨਵੀਂ ਵਰਕਿੰਗ ਕਮੇਟੀ ਅਤੇ ਅਕਾਲੀ ਦਲ ਦੇ ਹੋਰ ਅਹੁਦੇਦਾਰ ਵੀ ਚੁਣੇ ਜਾਣਗੇ।

ਇਹ ਫੈਸਲਾ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਪ੍ਰਧਾਨਗੀ ਹੇਠ ਹੋਈ ਸ਼੍ਰੋਮਣੀ ਅਕਾਲੀ ਦਲ ਵਰਕਿੰਗ ਕਮੇਟੀ ਦੀ ਮੀਟਿੰਗ ਦੌਰਾਨ ਲਿਆ ਗਿਆ। ਕਮੇਟੀ ਨੇ ਇਹ ਵੀ ਐਲਾਨ ਕੀਤਾ ਕਿ ਵਿਸਾਖੀ ਮੌਕੇ 13 ਅਪ੍ਰੈਲ ਨੂੰ ਤਲਵੰਡੀ ਸਾਬੋ ਵਿਖੇ ਸਿਆਸੀ ਕਾਨਫਰੰਸ ਕੀਤੀ ਜਾਵੇਗੀ। ਕਮੇਟੀ ਨੇ ਇਹ ਵੀ ਐਲਾਨ ਕੀਤਾ ਕਿ ਵਿਸਾਖੀ ਮੌਕੇ 13 ਅਪ੍ਰੈਲ ਨੂੰ ਤਲਵੰਡੀ ਸਾਬੋ ਵਿਖੇ ਸਿਆਸੀ ਕਾਨਫਰੰਸ ਕੀਤੀ ਜਾਵੇਗੀ। ਇਸ ਮੀਟਿੰਗ ਤੋਂ ਪਹਿਲਾਂ ਮੰਗਲਵਾਰ ਸਵੇਰ ਦੀਆਂ ਅਖ਼ਬਾਰਾਂ ਵਿੱਚ ਇਹ ਰਿਪੋਰਟਾਂ ਛਪੀਆਂ ਹਨ ਕਿ ਸੁਖਬੀਰ ਸਿੰਘ ਬਾਦਲ ਦਾ ਮੁੜ ਪ੍ਰਧਾਨ ਬਣਨਾ ਲਗਪਗ ਤੈਅ ਹੈ। ਪਾਰਟੀ ਨੇ ਜ਼ਿਲ੍ਹਾ ਡੈਲੀਗੇਟਾਂ ਦੀ ਚੋਣ ਪ੍ਰਕਿਰਿਆ ਮੁਕੰਮਲ ਕਰ ਲਈ ਹੈ। ਜ਼ਿਲ੍ਹਾ ਡੈਲੀਗੇਟ ਨੇ ਪ੍ਰਧਾਨ ਦੀ ਚੋਣ ਸਬੰਧੀ ਸਾਰੇ ਅਧਿਕਾਰ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਸੌਂਪ ਦਿੱਤੇ ਹਨ।



***ਸੁਖਬੀਰ ਬਾਦਲ ਦੇ ਨਾਂ 'ਤੇ ਹੀ ਮੁੜ ਮੋਹਰ ਲੱਗਣ ਦੀ ਚਰਚਾ।**
***ਪਾਰਟੀ ਦੇ ਅੰਦਰ ਜਾਂ ਡੈਲੀਗੇਟ ਵਿਚੋਂ ਸੁਖਬੀਰ ਨੂੰ ਕੋਈ ਚੁਣੌਤੀ ਦੇਣ ਵਾਲਾ ਨਹੀਂ।**

ਨਵੇਂ ਪ੍ਰਧਾਨ ਦਾ ਤਾਜ ਸੁਖਬੀਰ ਬਾਦਲ ਦੇ ਸਿਰ 'ਤੇ ਸਜਾਉਣ ਲਈ ਸਾਰੀ ਪ੍ਰਕਿਰਿਆ ਕਰੀਬ ਪੂਰੀ ਹੋ ਚੁੱਕੀ ਹੈ। ਸਿਰਫ਼ ਰਸਮੀ ਐਲਾਨ ਬਾਕੀ ਹੈ। ਜਾਣਕਾਰੀ ਅਨੁਸਾਰ ਅਕਾਲੀ ਦਲ ਨੇ ਵਰਕਿੰਗ ਕਮੇਟੀ ਦੀ ਮੀਟਿੰਗ ਮੰਗਲਵਾਰ ਬਾਅਦ ਦੁਪਹਿਰ ਦੋ ਵਜੇ ਹੋਈ। ਮੀਟਿੰਗ ਵਿਚ ਡੈਲੀਗੇਟ ਅਤੇ ਪ੍ਰਧਾਨ ਦੀ ਚੋਣ ਕਰਵਾਉਣ ਸਬੰਧੀ ਤਰੀਕ ਨੂੰ ਅੰਤਮ ਰੂਪ ਦਿੱਤਾ ਗਿਆ। ਦੱਸਿਆ ਜਾਂਦਾ ਹੈ ਕਿ ਹਰੇਕ ਜ਼ਿਲ੍ਹੇ, ਵਿਧਾਨ ਸਭਾ ਹਲਕੇ ਵਿਚੋਂ ਚਾਰ ਡੈਲੀਗੇਟ ਸਟੇਟ ਲਈ ਚੁਣਨ ਦਾ ਫ਼ੈਸਲਾ ਲਿਆ ਗਿਆ ਹੈ।ਇਹ ਸਟੇਟ ਡੈਲੀਗੇਟ ਪਾਰਟੀ ਦੇ ਪ੍ਰਧਾਨ ਚੁਣਨਗੇ।

ਚਰਚਾ ਹੈ ਵਿਸਾਖੀ ਤੋਂ ਪਹਿਲਾਂ ਪਾਰਟੀ ਚੋਣ ਪ੍ਰਕਿਰਿਆ ਪੂਰੀ ਕਰਨ ਦਾ ਫੈਸਲਾ ਇਸ ਲਈ ਕੀਤਾ ਗਿਆ ਹੈ ਤਾਂ ਕਿ ਵਿਸਾਖੀ ਮੌਕੇ ਤਲਵੰਡੀ ਸਾਬੋ ਵਿਖੇ ਹੋਣ ਵਾਲੀ ਕਾਨਫਰੰਸ ਵਿਚ ਪਾਰਟੀ ਦੇ ਨਵੇਂ ਪ੍ਰਧਾਨ ਨੂੰ ਲੋਕਾਂ ਦੇ ਰੂਬਰੂ ਕੀਤਾ ਜਾ ਸਕੇ।

ਵਿਸਾਖੀ ਕਾਨਫਰੰਸ ਅਕਾਲੀ ਸਿਆਸਤ ਵਿਚ ਕਾਫ਼ੀ ਮਹੱਤਵ ਰੱਖਦੀ ਹੈ ਕਿਉਂਕਿ ਇਸ ਦਿਨ ਖਾਲਸਾ ਪੰਥ ਦੀ ਸਥਾਪਨਾ ਹੋਈ ਸੀ। ਵਿਸਾਖੀ ਤੋਂ ਕਣਕ ਦੀ ਵਾਢੀ ਦਾ ਕੰਮ ਵੀ ਸ਼ੁਰੂ ਹੋ ਜਾਂਦਾ ਹੈ। ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਮੀਟਿੰਗ ਵਿਚ ਪ੍ਰਧਾਨ ਦੀ ਚੋਣ ਕਰਵਾਉਣ ਬਾਰੇ ਫ਼ੈਸਲਾ ਲਿਆ ਗਿਆ ਹੈ।

*(ਬਾਕੀ ਸਫ਼ਾ 6 'ਤੇ)*


GOLDEN STATE REALITY
"Realtor You Can Trust"
CRE Group Inc
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com







Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloода Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880






# ਗੁਰਦੁਆਰਾ ਸਿੰਘ ਸਭਾ ਵਿਖੇ ਵਿਸਾਖੀ ਮੌਕੇ ਵਿਰਾਸਤੀ ਖੇਡਾਂ ਕਰਵਾਈਆਂ

### *ਕੀਰਤਨ, ਕਥਾ ਅਤੇ ਅਰਦਾਸ ਰਾਹੀਂ ਸੰਗਤ ਨੇ ਵਿਸਾਖੀ ਦੀ ਮਹਿਮਾ ਨੂੰ ਯਾਦ ਕੀਤਾ*

**ਫਰਿਜ਼ਨੋ:** ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵਿਰਾਸਤੀ ਖੇਡਾਂ ਦੀ ਰੌਣਕ ਨੇ ਸਮੂਹ ਸੰਗਤ ਦਾ ਮਨ ਮੋਹ ਲਿਆ।



ਸਵੇਰ ਤੋਂ ਹੀ ਗੁਰਦੁਆਰੇ ਵਿਚ ਭਾਵਨਾਤਮਕ ਦੀਵਾਨ ਸਜਾਏ ਗਏ, ਜਿੱਥੇ ਕੀਰਤਨ, ਕਥਾ ਅਤੇ ਅਰਦਾਸ ਰਾਹੀਂ ਸੰਗਤ ਨੇ ਵਿਸਾਖੀ ਦੀ ਮਹਿਮਾ ਨੂੰ ਯਾਦ ਕੀਤਾ। ਸਮਾਗਮ ਦੌਰਾਨ ਵੱਖ-ਵੱਖ ਤਰ੍ਹਾਂ ਦੇ ਲੰਗਰ ਵੀ ਲਗਾਏ ਗਏ, ਜਿਨ੍ਹਾਂ ਦਾ ਸੰਗਤ ਨੇ ਭਰਪੂਰ ਆਨੰਦ ਮਾਣਿਆ।

ਵਿਰਾਸਤੀ ਖੇਡਾਂ- ਜਿਵੇਂ ਕਿ ਚਾਟੀ ਦੌੜ, ਗਿੱਟਿਆਂ ਦੀ ਖੇਡ, ਤੇ ਬੋਰਿਆਂ ਦੀ ਦੌੜ ਵਿਚ ਛੋਟੇ ਬੱਚਿਆਂ ਤੋਂ ਲੈ ਕੇ ਔਰਤਾਂ ਅਤੇ ਮਰਦਾਂ ਤੱਕ ਨੇ ਪੂਰੇ ਜੋਸ਼ ਨਾਲ ਭਾਗ ਲਿਆ। ਜੇਤੂਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਸਮਾਗਮਾਂ ਦੌਰਾਨ ਪੀ.ਸੀ.ਏ. ਫਰਿਜ਼ਨੋ ਦੇ ਮੈਂਬਰਾਂ ਦਾ ਵੀ ਭਰਪੂਰ ਸਹਿਯੋਗ ਰਿਹਾ। ਇਸ ਮੌਕੇ ਸੇਵਾ ਕਰ ਰਹੇ ਸੇਵਾਦਾਰਾਂ ਨੂੰ ਡਾ. ਗੁਰੀ, ਹਾਕਮ ਸਿੰਘ ਢਿੱਲੋਂ, ਜੰਗੀਰ ਸਿੰਘ ਗਿੱਲ, ਸਤਨਾਮ ਸਿੰਘ ਸਰਪੰਚ, ਦਵਿੰਦਰ ਸਿੰਘ ਬੁੱਟਰ, ਕੁਲਵਿੰਦਰ ਸਿੰਘ ਬੁੱਟਰ, ਹਰਚੰਦ ਸਿੰਘ ਦਿਓਲ ਆਦਿ ਨੇ ਸਿਰੋਪਾਓ ਦੇ ਕੇ ਸਤਿਕਾਰ ਦਿੱਤਾ ਗਿਆ। ਸਮੂਹ ਸਮਾਗਮ ਨੇ ਨਾ ਸਿਰਫ ਮਨੋਰੰਜਨ ਕੀਤਾ, ਬਲਕਿ ਸਿੱਖ ਵਿਰਾਸਤ ਨਾਲ ਵੀ ਸੰਗਤ ਨੂੰ ਜੋੜਿਆ। ਗੁਰੂਘਰ ਵਿਖੇ ਰਿਕਾਰਡ ਤੋੜ ਇਕੱਠ ਕਾਰਨ ਪਾਰਕਿੰਗ ਲਈ ਗੱਡੀਆਂ ਸੜਕ ਤੇ ਬਾਹਰ ਪਾਰਕ ਕਰਨੀਆਂ ਪਈਆਂ। ਇਸ ਮੌਕੇ ਲੱਗੇ ਖ਼ਰੀਦੋ-ਫ਼ਰੋਖ਼ਤ ਦੇ ਸਟਾਲਾਂ ਤੋਂ ਸੰਗਤਾਂ ਨੇ ਖ਼ੂਬ ਖਰੀਦਦਾਰੀ ਕੀਤੀ। ਇਹ ਪ੍ਰੋਗਰਾਮ ਅਮਿੱਟ ਪੈੜਾਂ ਛੱਡਦਾ ਯਾਦਗਾਰੀ ਹੋ ਨਿੱਬੜਿਆ।

***-ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ***

# ਵਿਸਾਲੀਆ ਸੀਨੀਅਰ ਖੇਡਾਂ ਵਿਚ ਪੰਜਾਬੀਆਂ ਨੇ ਮਾਰੀਆਂ ਮੱਲਾਂ

**ਫਰਿਜ਼ਨੋ:** ਇੱਥੋਂ ਲਾਗਲੇ ਸ਼ਹਿਰ ਵਿਸਾਲੀਆ ਦੇ ਮਾਊਂਟ ਵਿਟਨੀ ਹਾਈ ਸਕੂਲ ਦੇ ਟਰੈਕ ਐਂਡ ਫੀਲਡ ਸਟੇਡੀਅਮ ਵਿਚ ਸੀਨੀਅਰ ਖੇਡਾਂ ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ ਵਿਚ 100 ਤੋਂ ਵੱਧ ਐਥਲੀਟਾਂ ਨੇ ਭਾਗ ਲਿਆ। ਇਨ੍ਹਾਂ ਖੇਡਾਂ ਵਿਚ 8 ਪੰਜਾਬੀ ਐਥਲੀਟਾਂ ਨੇ ਹਿੱਸਾ ਲਿਆ ਤੇ ਕੁੱਲ 22 ਤਗਮੇ ਜਿੱਤੇ (13 ਸੋਨੇ ਦੇ ਅਤੇ 9 ਚਾਂਦੀ ਦੇ ਤਗਮੇ) ਇਹ ਪੰਜਾਬੀ ਖਿਡਾਰੀ ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ, ਫਰਿਜ਼ਨੋ, ਫਾਊਲਰ, ਕਲੋਵਿਸ ਅਤੇ ਮੈਂਟੇਕਾ ਤੋਂ ਪਹੁੰਚੇ ਹੋਏ ਸਨ।



ਇਨ੍ਹਾਂ ਖੇਡਾਂ ਵਿਚ ਐਥਲੀਟ ਗੁਰਬਖਸ਼ ਸਿੱਧੂ ਨੇ ਸ਼ਾਟ ਪੁਟ ਅਤੇ ਡਿਸਕਸ ਥ੍ਰੋ ਵਿਚ 2 ਸੋਨੇ ਦੇ ਤਗਮੇ ਜਿੱਤੇ। ਸੁਖਨੈਨ ਸਿੰਘ ਨੇ ਲੰਬੀ ਛਾਲ ਅਤੇ ਤੀਹਰੀ ਛਾਲ ਵਿਚ 2 ਸੋਨੇ ਦੇ ਤਗ਼ਮੇ ਜਿੱਤੇ। ਰਾਜ ਬਰਾੜ ਨੇ ਸ਼ਾਟ ਪੁਟ ਅਤੇ ਡਿਸਕਸ ਥ੍ਰੋ ਵਿਚ 2 ਸੋਨੇ ਦੇ ਤਗਮੇ ਜਿੱਤੇ। ਅਮਰੀਕ ਸਿੰਘ ਤੁੰਬਰ ਨੇ 50 ਮੀਟਰ ਅਤੇ 100 ਮੀਟਰ ਵਿਚ 3 ਸੋਨੇ ਦੇ ਅਤੇ 4ਣ100 ਮੀਟਰ ਰਿਲੇਅ ਦੌੜ ਵਿਚ ਚਾਂਦੀ ਦਾ ਤਗਮਾ ਜਿੱਤਿਆ।

ਕਮਲਜੀਤ ਸਿੰਘ ਬੈਨੀਪਾਲ ਨੇ 200 ਮੀਟਰ ਅਤੇ 400 ਮੀਟਰ ਵਿਚ 3 ਚਾਂਦੀ ਦੇ ਤਗ਼ਮੇ ਜਿੱਤੇ ਅਤੇ 4ਣ100 ਮੀਟਰ ਰਿਲੇਅ ਦੌੜ ਵਿਚ ਵੀ ਚਾਂਦੀ ਦਾ ਤਗਮਾ ਜਿੱਤਿਆ। ਪਵਿੱਤਰ ਸਿੰਘ ਕਲੇਰ ਨੇ ਸ਼ਾਟ ਪੁੱਟ ਅਤੇ ਡਿਸਕਸ ਥ੍ਰੋ ਵਿਚ 1 ਚਾਂਦੀ ਅਤੇ 1 ਸੋਨ ਤਗਮਾ ਜਿੱਤਿਆ। ਕਰਮ ਸਿੰਘ ਸੰਘਾ ਨੇ 1600 ਮੀਟਰ ਦੌੜ ਵਿਚ ਸੋਨ ਤਗਮਾ, ਮੈਂਟੇਕਾ ਦੇ ਦਰਸ਼ਨ ਸਿੰਘ ਨੇ 50 ਮੀਟਰ, 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ, 1600 ਮੀਟਰ ਅਤੇ 4ਣ100 ਮੀਟਰ ਰਿਲੇਅ ਦੌੜ ਵਿਚ 4 ਸੋਨੇ ਦੇ ਤਗਮੇ ਅਤੇ 3 ਚਾਂਦੀ ਦੇ ਤਗਮੇ ਜਿੱਤੇ।


ਇਨ੍ਹਾਂ ਖਿਡਾਰੀਆਂ ਨੇ ਤਗਮੇ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਅਤੇ ਭਾਈਚਾਰੇ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

***-ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ***

**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)

**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*

**Singh Tax & Accounting Services LLC.**

**SINGH AUTO & HOME INSURANCE**

**Individual & Business Tax related Services**

***ਸੇਵਾਵਾਂ:*** **ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।*

** ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।*

**Ph: 248-982-2036**

Office Locations
**Michigan:**
36167 Ford Rd.Westland, MI 48185
**Minnesota:**
6043 Hudson Rd, Suite#399A
Woodbury, Minnesota 55125

Email: STS2021@SinghTaxServices.com;
www.SinghTaxServices.com



**Mohan Singh MST**
IRS Enrolled agent,
Insurance Agent-
Casualty & Property
Notary Public

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ
ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ
ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

**ਗਲੋਬਲ ਮਲਟੀ ਸਰਵਿਸਿਜ਼ ਦੀ**
**ਨਵੀਂ ਲੋਕੇਸ਼ਨ STOCKTON ਵਿਚ**
**HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205

**Ph: 209.982.9996**

FAX: 209.982.9997
www.globalmultiservices.com info@globalmultiservices.com

**REPAIR SHOP**


ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997




# Matrimonials

## ਲੜਕੇ ਦੀ ਲੋੜ ਹੈ

Prajapat, Sikh girl Oct-95, 5' 3". Masters in Computers, working on H1-B Visa. Required equally qualified boy. Send biodata at Mob- +17324076683 and +91-78140 -94986 or Email: bhagatsingh.91@gmail.com
15-18

Jatt Sikh family seeking a suitable match for their USA citizen girl 30, 5'5". Girl is working as a Dentist. Entire family is in the USA. Seeking a Doctor or engineer match from the USA. Jatt Sikh should be preffered. Please contact us at: 773-679-5664

US citizen Nai girl 27, 5'6" is looking for a suitable match. She has done DMD (Doctor of Dental medicine) and never married. She is working as a dentist. Entire family is in the USA. Seeking an educated and well settled boy in the USA. Preference to same caste Please contact at: 937-776-6474
11-14

## ਲੜਕੀ ਦੀ ਲੋੜ ਹੈ

ਜੱਟ ਸਿੱਖ 47, 5'10" ਸੋਹਣੇ ਸੁਨੱਖੇ ਪੜ੍ਹੇ-ਲਿਖੇ, ਸ਼ਹਿਰੀ, ਖਾਨਦਾਨੀ, ਯੂ.ਐੱਸ.ਏ. ਵਿਜ਼ਾ ਹੋਲਡਰ ਲੜਕੇ ਲਈ ਸਾਥ ਦੀ ਲੋੜ ਹੈ। ਤਲਾਕਸ਼ੁਦਾ ਅਤੇ ਵਿਧਵਾ ਵੀ ਸੰਪਰਕ ਕਰ ਸਕਦੇ ਹਨ। ਅੰਮ੍ਰਿਤਸਰ ਸ਼ਹਿਰੀ ਜਾਇਦਾਦ। ਵੱਡਾ ਭਰਾ USA ਸਿਟੀਜ਼ਨ। ਚਾਹਵਾਨ ਫੋਨ ਨੰਬਰ 484-219-4922 ਜਾਂ ਈ-ਮੇਲ baljitrandhawa0001@gmail.com 'ਤੇ ਸੰਪਰਕ ਕਰ ਸਕਦੇ ਹਨ।
14-17

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'9'', ਦਸਤਾਰਧਾਰੀ, ਯੂ.ਐਸ.ਏ. ਵਿਚ ਜਾਰਜੀਆ ਯੀਨੀਵਰਸਿਟੀ ਵਿਚ ਸਕਾਲਰਸ਼ਿਪ 'ਤੇ ਪੀਐਚ.ਡੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਬਠਿੰਡਾ ਵਿਚ ਦਸ ਏਕੜ ਜ਼ਮੀਨ, ਕੋਈ ਭੈਣ-ਭਰਾ ਨਹੀਂ। ਚਾਹਵਾਨ ਵ੍ਹਟਸਐਪ ਨੰਬਰ (706) 206-2516 'ਤੇ ਸੰਪਰਕ ਕਰਨ।
13-16

Wanted US or Canada resident girl for 34 years, 5'6" Jatt Sikh, Dhillon, boy, BCA completed, resides in Punjab, raised by single mother, no siblings, hard working, respectful and positive outlook on life, open to single mothers/ divorcee. Have relatives settled in California. Direct party please contact: Asidhu2012@gmail.com
12-15

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com










ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਵਿਪਸਾਅ ਵੱਲੋਂ ਸਿਲਵਰ ਜੁਬਲੀ ਕਾਨਫ਼ਰੰਸ ਦੀਆਂ ਤਿਆਰੀਆਂ ਸ਼ੁਰੂ

## ਕਹਾਣੀਕਾਰ ਪ੍ਰੇਮ ਪ੍ਰਕਾਸ਼, ਡਾ. ਮਨਜ਼ੂਰ ਇਜਾਜ਼ ਅਤੇ .ਗ਼ਜ਼ਲਕਾਰ ਕ੍ਰਿਸ਼ਨ ਭਨੋਟ ਨੂੰ ਸ਼ਰਧਾਂਜਲੀਆਂ

**ਹੇਵਰਡ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਮਾਸਿਕ ਮਿਲਣੀ ਸੈਫਾਇਰ ਬੈਂਕੁਇਟ ਹਾਲ ਹੇਵਰਡ ਵਿਖੇ ਹੋਈ। ਵਿਪਸਾਅ ਦੇ ਹਾਜ਼ਰ ਮੈਂਬਰਾਂ ਨੇ ਪਿਛਲੇ ਦਿਨੀਂ ਵਿਛੋੜਾ ਦੇ ਗਏ ਬਜ਼ੁਰਗ ਕਹਾਣੀਕਾਰ ਪ੍ਰੇਮ ਪ੍ਰਕਾਸ਼, ਲਹਿੰਦੇ ਪੰਜਾਬ ਦੇ ਪੰਜਾਬੀ ਵਿਦਵਾਨ ਡਾ. ਮਨਜ਼ੂਰ ਇਜਾਜ਼ ਅਤੇ ਕੈਨੇਡਾ ਤੋਂ ਗ਼ਜ਼ਲਕਾਰ ਕ੍ਰਿਸ਼ਨ ਭਨੋਟ ਦੇ ਅਚਾਨਕ ਸਦੀਵੀ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ ਕੀਤਾ ਅਤੇ ਤਿੰਨਾਂ ਲੇਖਕਾਂ ਵੱਲੋਂ ਬਹੁਤ ਸਾਰੀਆਂ ਪਾਏਦਾਰ ਰਚਨਾਵਾਂ ਪੰਜਾਬੀ ਸਾਹਿਤ ਅਤੇ ਬੋਲੀ ਦੀ ਝੋਲੀ ਪਾਉਣ ਲਈ ਯਾਦ ਕੀਤਾ।

ਕੁਲਵਿੰਦਰ ਅਤੇ ਜਗਜੀਤ ਨੌਸ਼ਹਿਰਵੀ ਨੇ ਸਭ ਨੂੰ ਜੀਅ ਆਇਆਂ ਕਹਿੰਦੇ ਹੋਏ ਆਪਣੀ ਪੰਜਾਬ ਅਤੇ ਪਾਕਿਸਤਾਨੀ ਫੇਰੀ ਦੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਪਾਕਿਸਤਾਨੀ ਸਾਹਿਤਕ ਦੋਸਤਾਂ ਵੱਲੋਂ ਮਿਲਿਆ ਪਿਆਰ ਚਿਰ ਤੱਕ ਯਾਦ ਰਹੇਗਾ। ਉਨ੍ਹਾਂ ਦੱਸਿਆ ਕਿ ਲਹਿੰਦੇ ਪੰਜਾਬ ਵਿਚ ਸਾਡੀ ਪਛਾਣ ਪੱਗ ਨਾਲ਼ ਹੁੰਦੀ ਹੈ ਅਤੇ ਆਮ ਲੋਕ ਬਹੁਤ ਪਿਆਰ ਅਤੇ ਸਤਿਕਾਰ ਦਿੰਦੇ ਹਨ। ਕੁਲਵਿੰਦਰ ਨੇ ਦੱਸਿਆ ਕਿ ਉਸ ਨੇ ਪਾਕਿਸਤਾਨੀ ਸਾਹਿਤਕ ਸਫ਼ਰ ਦੌਰਾਨ ਜਗਜੀਤ, ਜਸਵਿੰਦਰ, ਰਾਜਵੰਤ ਰਾਜ, ਦਸ਼ਮੇਸ਼ ਗਿੱਲ ਫ਼ਿਰੋਜ਼, ਮਨਪ੍ਰੀਤ ਪ੍ਰੀਤ ਅਤੇ ਹਰਦਮ ਮਾਨ ਦੀ ਸੰਗਤ ਦਾ ਲਗਾਤਾਰ ਨਿੱਘ ਮਾਣਿਆ। ਉਸ ਨੇ ਮਹਿਸੂਸ ਕੀਤਾ ਕਿ ਪਾਕਿਸਤਾਨ ਦੇ ਸ਼ਾਇਰ ਜੜ੍ਹਾਂ ਨਾਲ਼ ਜੁੜੇ ਹੋਏ ਹਨ। ਸ਼ਾਇਰ ਅਤੇ ਸ਼ਾਇਰੀ ਨੂੰ ਦਾਦ ਦੇਣਾ ਕੋਈ ਉਨ੍ਹਾਂ ਤੋਂ ਸਿੱਖੇ। ਲਾਜ ਨੀਲਮ ਸੈਣੀ ਨੇ ਕਿਹਾ ਕਿ ਉਹ ਪੰਜਾਬ ਦੋ ਹਫ਼ਤੇ ਲਈ ਗਈ ਸੀ। ਸਾਹਿਤ ਆਸ਼ਰਮ ਟਾਂਡਾ, ਸਾਹਿਤਕ ਏਕਮ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਦਸੂਹਾ ਸਾਹਿਤ ਸਭਾ ਵੱਲੋਂ ਕਰਵਾਏ ਗਏ ਸਮਾਗਮ ਸ਼ਲਾਘਾਯੋਗ ਸਨ। ਸੁਖਦੇਵ ਸਾਹਿਲ ਨੇ ਵੀ ਇਨ੍ਹੀਂ ਦਿਨੀਂ ਪੰਜਾਬ ਫੇਰੀ ਦੌਰਾਨ ਸੱਜੀਆਂ ਸੰਗੀਤਕ ਮਹਿਫ਼ਲਾਂ ਅਤੇ ਨਵੀਂਆਂ ਰਿਕਾਰਡ ਕੀਤੀਆਂ ਰਚਨਾਵਾਂ ਦਾ ਜ਼ਿਕਰ ਕੀਤਾ। ਕੁਲਵਿੰਦਰ ਨੇ ਦੱਸਿਆ ਕਿ ਪੰਜਾਬ ਵਿਚ ਆਪਣੇ ਭਰਾ ਸਤਨਾਮ ਸਿੰਘ ਦੀ ਯਾਦ ਵਿਚ 51,000 ਰੁਪਏ ਦਾ ਇਨਾਮ ਸ਼ੁਰੂ ਕੀਤਾ ਹੈ। ਇਹ ਇਨਾਮ ਹਰ ਸਾਲ ਪੰਜਾਬੀ ਦੇ ਪੁੰਗਰਦੇ ਗ਼ਜ਼ਲ ਸ਼ਾਇਰ ਨੂੰ ਦਿੱਤਾ ਜਾਏਗਾ। ਪਹਿਲਾ ਇਨਾਮ ਸੁਖਦੀਪ ਔਜਲਾ ਦੇ ਗ਼ਜ਼ਲ ਸੰਗ੍ਰਹਿ 'ਇਕ ਕਮਰੇ ਦਾ ਸ਼ਾਇਰ' ਨੂੰ ਦਿੱਤਾ ਗਿਆ। ਉਨ੍ਹਾਂ ਨੇ ਡਾ. ਜਸਵਿੰਦਰ ਸਿੰਘ ਸੈਣੀ, ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਡਾ. ਆਤਮ ਰੰਧਾਵਾ ਵੱਲੋਂ ਮਿਲੇ ਸਹਿਯੋਗ ਪਿਆਰ ਅਤੇ ਸਤਿਕਾਰ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਸੁਖਦੇਵ ਸਾਹਿਲ ਨੇ ਅਕਾਦਮੀ ਦੇ ਮੈਂਬਰਾਂ ਦੇ ਗ਼ਜ਼ਲ ਅਤੇ ਗੀਤਾਂ ਦੀ ਰਿਕਾਰਡਿੰਗ ਦਾ ਕੁਝ ਹਿੱਸਾ ਸੁਣਾਉਂਦਿਆਂ ਦੱਸਿਆ ਕਿ ਵੀਡੀਓ ਤਿਆਰ ਹੋ ਰਹੀਆਂ ਹਨ ਅਤੇ ਉਹ ਆਪਣੀ ਐਲਬਮ ਕਾਨਫ਼ਰੰਸ ਮੌਕੇ ਰਿਲੀਜ਼ ਕਰੇਗਾ।

ਇਸ ਉਪਰੰਤ ਕੁਲਵਿੰਦਰ ਨੇ ਕਾਨਫ਼ਰੰਸ ਦੀ ਵਿਉਂਤਬੰਦੀ ਸਾਂਝੀ ਕਰਦੇ ਹੋਏ ਹੁਣ ਤੋਂ ਹੀ ਤਿਆਰੀ ਸ਼ੁਰੂ ਕਰਨ ਦਾ ਐਲਾਨ ਕੀਤਾ। ਇਹ ਦੋ ਰੋਜ਼ਾ ਕਾਨਫ਼ਰੰਸ 4-5 ਅਕਤੂਬਰ, 2025 ਨੂੰ ਹੋਵੇਗੀ। ਸਮਾਂ ਤੇ ਸਥਾਨ ਜਲਦੀ ਘੋਸ਼ਿਤ ਕੀਤੇ ਜਾਣਗੇ। ਅਕਾਦਮੀ ਵੱਲੋਂ ਪੰਜਾਬੀ ਕਵਿਤਾ ਦੀ ਕਿਤਾਬ ਪ੍ਰਕਾਸ਼ਿਤ ਕੀਤੀ ਜਾਵੇਗੀ। ਇਹ ਕਾਰਜ ਪ੍ਰੋ. ਸੁਰਿੰਦਰ ਸਿੰਘ ਸੀਰਤ ਅਤੇ ਡਾ. ਸੁਖਵਿੰਦਰ ਕੰਬੋਜ ਦਾ ਸੰਪਾਦਕੀ ਮੰਡਲ ਨੇਪਰੇ ਚਾੜ੍ਹੇਗਾ। ਭਾਸ਼ਾ ਨੂੰ ਸਮਰਪਿਤ ਇਸ ਕਾਨਫ਼ਰੰਸ ਵਿਚ ਇੱਕ ਸੈਸ਼ਨ ਬੱਚਿਆਂ ਲਈ ਹੋਵੇਗਾ। ਲਹਿੰਦੇ ਤੇ ਚੜ੍ਹਦੇ ਪੰਜਾਬ ਦੀ ਮਹਿਕ ਖਿਲਾਰਨ ਲਈ ਇੰਡੀਆ ਤੋਂ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਡਾ. ਗੁਰਪਾਲ ਸਿੰਘ ਸੰਧੂ, ਡਾ. ਆਤਮ ਰੰਧਾਵਾ, ਜੱਗੀ ਜੌਹਲ, ਪਾਕਿਸਤਾਨ ਤੋਂ ਇਮਰਾਨ ਸ਼ੌਕਤ, ਡਾ. ਨਬੀਲਾ ਰਹਿਮਾਨ, ਬਾਬਾ ਨਜ਼ਮੀ, ਸਾਫ਼ੀਆ ਹਯਾਤ, ਸਾਬਰ ਅਲੀ ਸਾਬਰ ਅਤੇ ਅਫ਼ਜ਼ਲ ਸਾਹਿਰ, ਆਸਟ੍ਰੇਲੀਆ ਤੋਂ ਸੁਖਵਿੰਦਰ ਅੰਮ੍ਰਿਤ, ਇੰਗਲੈਂਡ ਤੋਂ ਰਾਜਿੰਦਰ ਜੀਤ ਨੂੰ ਸ਼ਿਰਕਤ ਕਰਨ ਲਈ ਸੱਦੇ ਭੇਜੇ ਜਾ ਰਹੇ ਹਨ। ਇਨ੍ਹਾਂ ਤੋਂ ਇਲਾਵਾ ਕੈਨੇਡਾ ਅਤੇ ਅਮਰੀਕਾ ਦੇ ਬਹੁਤ ਸਾਰੇ ਲੇਖਕਾਂ ਦੀ ਸ਼ਮੂਲੀਅਤ ਵੀ ਕਾਨਫ਼ਰੰਸ ਨੂੰ ਚਾਰ ਚੰਨ ਲਾਵੇਗੀ। ਬੈਠਕ ਦੇ ਅੰਤ 'ਤੇ ਕਵੀ ਦਰਬਾਰ ਵਿਚ ਜਗਜੀਤ, ਡਾ. ਸੁਖਪਾਲ ਸੰਘੇੜਾ, ਗੁਲਸ਼ਨ ਦਿਆਲ, ਸੁਰਜੀਤ ਸਖੀ, ਤਾਰਾ ਸਾਗਰ, ਸੰਦੀਪ ਕੌਰ, ਮੁਕੇਸ਼ ਸ਼ਰਮਾ, ਲਖਵਿੰਦਰ ਕੌਰ ਲੱਕੀ, ਲਾਜ ਨੀਲਮ ਸੈਣੀ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਸੁਰਿੰਦਰ ਸਿੰਘ ਧਨੋਆ, ਸੁਖਵਿੰਦਰ ਕੰਬੋਜ ਅਤੇ ਸੁਰਿੰਦਰ ਸੀਰਤ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ।

ਪ੍ਰੋ. ਬਲਜਿੰਦਰ ਸਿੰਘ ਨੇ ਪ੍ਰੋਗਰਾਮ ਦਾ ਮੁਲਾਂਕਣ ਕਰਦੇ ਹੋਏ ਕਿਹਾ ਕਿ ਕਾਨਫ਼ਰੰਸ ਦੀ ਵਿਉਂਤਬੰਦੀ ਕਮਾਲ ਹੈ ਤੇ ਇਸ ਵਿਉਂਤਬੰਦੀ ਨੂੰ ਅਮਲੀ ਜਾਮਾ ਪਹਿਨਾਉਣਾ ਅੱਜ ਦੇ ਪ੍ਰੋਗਰਾਮ ਵਿਚ ਸ਼ਾਮਲ ਹਰ ਮੈਂਬਰ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਇਸ ਮਿਲਣੀ ਵਿਚ ਹੋਰਾਂ ਤੋਂ ਇਲਾਵਾ ਵਿਜੇ ਸਿੰਘ, ਸ. ਕਿਹਰ ਸਿੰਘ ਅਤੇ ਸੋਨੂੰ ਸਾਹਿਲ ਆਦਿ ਸ਼ਾਮਲ ਸਨ।

**ਰਿਪੋਰਟ: ਲਾਜ ਨੀਲਮ ਸੈਣੀ**
**ਫ਼ੋਨ: 510-502-0551**

# ਵਿਸਾਖੀ ਸਮਾਗਮਾਂ 'ਤੇ ਗਾਖ਼ਲ ਗਰੁੱਪ ਯੂ.ਐੱਸ.ਏ. ਕਰੇਗਾ ਪਾਕਿਸਤਾਨ ਦੇ ਗੁਰੂਘਰਾਂ 'ਚ ਪਾਣੀ ਦੀਆਂ 30,000 ਬੋਤਲਾਂ ਦੀ ਸੇਵਾ

*ਜਲ ਸੇਵਾ 'ਚ ਬਾਬਾ ਗੁਰੂ ਨਾਨਕ ਹਾਕੀ ਅਕੈਡਮੀ ਨਨਕਾਣਾ ਸਾਹਿਬ ਦਾ ਰਹੇਗਾ ਵਿਸ਼ੇਸ਼ ਸਹਿਯੋਗ: ਅਮੋਲਕ ਸਿੰਘ ਗਾਖਲ*

**ਵਾਟਨਸਵਿੱਲ (ਐੱਸ.ਅਸ਼ੋਕ ਭੌਰਾ):** ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗੁਰਦੁਆਰਾ ਸਾਹਿਬਾਨ ਪੰਜਾ ਸਾਹਿਬ, ਨਨਕਾਣਾ ਸਾਹਿਬ, ਡੇਰਾ ਸਾਹਿਬ, ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਅਮਰਦਾਸ ਦੀ ਸੇਵਾ ਬਾਬਾ ਗੁਰੂ ਨਾਨਕ ਹਾਕੀ ਅਕੈਡਮੀ ਨਨਕਾਣਾ ਸਾਹਿਬ ਦੇ ਵਾਲੰਟੀਅਰਾਂ ਵਲੋਂ ਕੀਤੀ ਜਾਵੇਗੀ।



*ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਸਾਧੂ ਸਿੰਘ ਖਲੌਰ।*

ਗਾਖਲ) ਦਹਾਕਿਆਂ ਤੋਂ ਸਮਾਜ ਸੇਵਾ ਦੇ ਖੇਤਰ ਵਿਚ ਮੋਹਰੀ ਰੋਲ ਅਦਾ ਕਰਦਾ ਆ ਰਿਹਾ ਹੈ। ਭਾਰਤ ਹੀ ਨਹੀਂ ਪਾਕਿਸਤਾਨ ਦੇ ਗੁਰੂਘਰਾਂ ਵਿਚ ਵੀ ਗਾਖਲ ਪਰਿਵਾਰ ਵਲੋਂ ਗੁਰੂ ਕੇ ਲੰਗਰਾਂ ਲਈ ਰਾਸ਼ਨ ਦੀ ਸੇਵਾ ਲਗਾਤਾਰ ਜਾਰੀ ਹੈ। ਪਿਛਲੇ ਸਾਲ ਵਾਂਗ ਇਸ ਵਾਰ ਵੀ ਗਾਖਲ ਪਰਿਵਾਰ ਅਤੇ ਗਾਖਲ ਗਰੁੱਪ ਯੂ.ਐੱਸ.ਏ. ਵਲੋਂ ਵਿਸਾਖੀ ਦੇ ਤਿਓਹਾਰ ਦੇ ਮੱਦੇਨਜ਼ਰ ਪਾਕਿਸਤਾਨ ਦੇ ਜੀ ਵਿਖੇ ਪਾਣੀ ਦੀਆਂ 30,000 ਬੋਤਲਾਂ ਦੀ ਸੇਵਾ 12 ਅਤੇ 13 ਅਪ੍ਰੈਲ 2025 ਦਿਨ ਸ਼ਨਿਚਰਵਾਰ ਅਤੇ ਐਤਵਾਰ ਨੂੰ ਸ਼ਰਧਾ ਨਾਲ ਕੀਤੀ ਜਾ ਰਹੀ ਹੈ। ਗਾਖਲ ਗਰੁੱਪ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ 10 ਅਪ੍ਰੈਲ ਨੂੰ ਵਾਹਗਾ ਬਾਰਡਰ ਰਾਹੀਂ ਪਾਕਿਸਤਾਨ ਦਾਖਲ ਹੋਣ ਵਾਲੀ ਸੰਗਤ ਦੀ ਵੀ ਬੋਤਲਾਂ ਵਾਲੇ ਪਾਣੀ ਨਾਲ ਸੇਵਾ ਕੀਤੀ ਜਾਵੇਗੀ। ਪਾਣੀ ਵਰਤਾਉਣ

ਗਾਖਲ ਗਰੁੱਪ ਦੇ ਮੁੱਖ ਮੈਂਬਰ ਸਾਧੂ ਸਿੰਘ ਖਲੌਰ ਵੀ ਪੰਜਾਬ ਤੋਂ ਪਾਕਿਸਤਾਨ ਪੁੱਜ ਚੁੱਕੇ ਹਨ, ਜੋ ਇਸ ਸੇਵਾ ਵਿਚ ਹੱਥ ਵਟਾਉਣਗੇ। ਸ. ਗਾਖਲ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਉੱਤੇ ਗੁਰੂ ਨਾਨਕ ਦੇਵ ਜੀ ਦੀ ਖਾਸ ਮਿਹਰ ਹੈ ਜੋ ਉਨ੍ਹਾਂ ਤੋਂ ਇਹ ਸੇਵਾ ਲੈ ਰਹੇ ਹਨ ਅਤੇ ਗਾਖਲ ਪਰਿਵਾਰ ਅਰਦਾਸ ਕਰਦਾ ਹੈ ਕਿ ਗੁਰੂ ਸਾਹਿਬ ਸਾਡੇ ਤੋਂ ਇਹ ਸੇਵਾ ਹਮੇਸ਼ਾ ਲੈਂਦੇ ਰਹਿਣ।



## ਪ੍ਰਧਾਨ ਮੰਤਰੀ ਹੱਦਬੰਦੀ ਬਾਰੇ ਤਾਮਿਲਨਾਡੂ ਦੇ ਤੌਖਲੇ ਦੂਰ ਕਰਨ: ਸਟਾਲਿਨ

**ਚੇਨਈ:** ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕੇ. ਸਟਾਲਿਨ ਨੇ ਸੂਬੇ ਦੇ ਜ਼ਿਲ੍ਹਾ ਨੀਲਗਿਰੀ ਦੇ ਪਹਾੜੀ ਸ਼ਹਿਰ ਉਧਰਮੰਡਲਮ 'ਚ ਕਰਵਾਏ ਇਕ ਸਰਕਾਰੀ ਸਮਾਗਮ 'ਚ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਨੂੰ ਰਾਮੇਸ਼ਵਰਮ 'ਚ ਹੋਣ ਵਾਲੇ ਸਮਾਗਮ 'ਚ ਆਪਣੀ ਗੈਰ-ਹਾਜ਼ਰੀ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ, ਕਿਉਂਕਿ ਉਨ੍ਹਾਂ ਦਾ ਉਧਗਮੰਡਲਮ 'ਚ ਪ੍ਰੋਗਰਾਮ ਪਹਿਲਾਂ ਤੋਂ ਹੀ ਨਿਰਧਾਰਿਤ ਸੀ। ਸਟਾਲਿਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਪ੍ਰਸਤਾਵਿਤ ਹੱਦਬੰਦੀ ਯੋਜਨਾ ਨੂੰ ਲੈ ਕੇ ਤਾਮਿਲਨਾਡੂ ਦੇ ਲੋਕਾਂ ਦੇ ਡਰ ਨੂੰ ਦੂਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੋਦੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੰਸਦ 'ਚ ਇਕ ਮਤਾ ਪਾਸ ਕੀਤਾ ਜਾਵੇ ਤਾਂ ਕਿ ਤਾਮਿਲਨਾਡੂ ਦੇ ਅਧਿਕਾਰਾਂ 'ਤੇ ਲਗਾਮ ਨਹੀਂ ਲੱਗੇਗੀ। ਸਟਾਲਿਨ ਨੇ ਕਿਹਾ ਕਿ ਪੁੱਡੂਚੇਰੀ ਸਮੇਤ ਇਥੇ 40 ਸੰਸਦੀ ਸੀਟਾਂ ਹੋਣਗੀਆਂ ਪਰ ਕੇਂਦਰ ਦੀ ਸੱਤਾਧਾਰੀ ਭਾਜਪਾ ਸਰਕਾਰ ਸਾਡੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।

# ਡਾ. ਹਰਜਿੰਦਰ ਸਿੰਘ ਅਟਵਾਲ ਦੇ ਸਸਕਾਰ ਸਮੇਂ ਵੱਡੀ ਗਿਣਤੀ ਵਿਚ ਹਾਜ਼ਰ ਹੋਏ ਸਾਹਿਤਕਾਰ ਅਤੇ ਸਮਾਜ ਸੇਵਕ

**ਭੋਗਪੁਰ:** ਉੱਘੇ ਪੰਜਾਬੀ ਆਲੋਚਕ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਪੰਜਾਬੀ ਰਾਈਟਰਜ਼ ਕੋਅਪਰੇਟਿਵ ਸੋਸਾਇਟੀ ਦੇ ਸਕੱਤਰ ਡਾਕਟਰ ਹਰਜਿੰਦਰ ਸਿੰਘ ਅਟਵਾਲ ਦਾ ਅੱਜ ਉਹਨਾਂ ਦੇ ਜੱਦੀ ਪਿੰਡ ਚਾਹੜਕੇ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਹਨਾਂ ਦੀ ਚਿਤਾ ਨੂੰ ਅਗਨੀ ਉਹਨਾਂ ਦੇ ਸਪੁੱਤਰ ਹਰਮਿੰਦਰ ਸਿੰਘ ਅਟਵਾਲ ਨੇ ਦਿਖਾਈ। ਡਾਕਟਰ ਹਰਜਿੰਦਰ ਸਿੰਘ ਅਟਵਾਲ ਦਾ ਦਿਲ ਦਾ ਦੌਰਾ ਪੈਣ ਨਾਲ 31 ਮਾਰਚ ਨੂੰ ਦੇਹਾਂਤ ਹੋ ਗਿਆ ਸੀ ਉਹ ਆਪਣੇ ਪਿੱਛੇ ਆਪਣੀ ਪਤਨੀ ਅਮਨਜੀਤ ਕੌਰ, ਬੇਟੀ ਅਜਿੰਦਰ ਕੌਰ ਬੈਂਸ ਅਤੇ ਬੇਟਾ ਹਰਮਿੰਦਰ ਸਿੰਘ ਛੱਡ ਗਏ ਹਨ। ਉਹਨਾਂ ਦੇ ਸੰਸਕਾਰ ਮੌਕੇ ਵੱਡੀ ਗਿਣਤੀ ਵਿੱਚ ਸਾਹਿਤਕਾਰ, ਪੱਤਰਕਾਰ, ਰਾਜਸੀ ਆਗੂ, ਉਹਨਾਂ ਦੇ ਰਿਸ਼ਤੇਦਾਰ ਅਤੇ ਦੋਸਤ ਪੁੱਜੇ ਹੋਏ ਸਨ। ਇਸ ਮੌਕੇ ਹਾਜ਼ਰ ਸ਼ਖਸੀਅਤਾਂ ਵਿੱਚ ਸਾਬਕਾ ਮੰਤਰੀ ਅਤੇ ਇਲਾਕੇ ਦੇ ਵਿਧਾਇਕ ਬਲਕਾਰ ਸਿੰਘ, ਰੈਵੋਲੂਸ਼ਨਰੀ ਮਾਰਕਸਿਸਟ ਪਾਰਟੀ ਦੇ ਕੌਮੀ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਬੀ. ਐਸ. ਪੀ. ਆਗੂ ਬਲਵਿੰਦਰ ਕੁਮਾਰ, ਸਿਰਮੌਰ ਪੰਜਾਬੀ ਗਲਪਕਾਰ ਡਾਕਟਰ ਵਰਿਆਮ ਸਿੰਘ ਸੰਧੂ, ਦੂਰਦਰਸ਼ਨ ਜਲੰਧਰ ਦੇ ਸਾਬਕਾ ਡਾਇਰੈਕਟਰ ਡਾਕਟਰ ਦਲਜੀਤ ਸਿੰਘ, ਨਵਾਂ ਜ਼ਮਾਨਾ ਜਲੰਧਰ ਦੇ ਟਰੱਸਟੀ ਗੁਰਮੀਤ ਸਿੰਘ, ਰਾਜਿੰਦਰ ਮੰਡ, ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਮੈਂਬਰ ਅਮੋਲਕ ਸਿੰਘ, ਸੁਰਿੰਦਰ ਕੁਮਾਰੀ ਕੋਛੜ, ਕੇਸਰ ਪੰਜਆਬ, ਪੰਜਾਬੀ ਕਵੀ ਵਿਸ਼ਾਲ, ਦੀਪਕ ਮਹਿਤਾ, ਪੰਜਾਬ ਪ੍ਰੈਸ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼



ਥਾਪਾ, ਖਾਲਸਾ ਕਾਲਜ ਜਲੰਧਰ ਦੇ ਪੰਜਾਬੀ ਵਿਭਾਗ ਦੇ ਮੁਖੀ ਸੁਰਿੰਦਰ ਮੰਡ, ਦੁਆਬਾ ਕਾਲਜ ਜਲੰਧਰ ਦੇ ਪੰਜਾਬੀ ਵਿਭਾਗ ਦੇ ਮੁਖੀ ਡਾਕਟਰ ਉਮਿੰਦਰ ਸਿੰਘ ਜੌਹਲ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਦੇ ਪ੍ਰਧਾਨ ਡਾਕਟਰ ਲਖਵਿੰਦਰ ਸਿੰਘ ਜੌਹਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰੀਜ਼ਨਲ ਸੈਂਟਰ ਜਲੰਧਰ ਦੇ ਸਾਬਕਾ ਮੁਖੀ ਡਾਕਟਰ ਸੁਖਵਿੰਦਰ ਸਿੰਘ ਸੰਘਾ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਉੱਘੇ ਲੇਖਕ ਬਲਬੀਰ ਪਰਵਾਨਾ, ਤਰਨਜੀਤ ਕੌਰ ਸਚਦੇਵਾ, ਅਮਰੀਕ ਡੋਗਰਾ, ਉਮਰਾਓ ਸਿੰਘ ਸਿੱਧੂ, ਡਾ. ਸੁਰਿੰਦਰ ਸਿੰਘ ਸਿੱਧੂ, ਸਰਬਜੀਤ ਸਿੰਘ ਸਿੱਧੂ, ਸੁਰਜੀਤ ਸੁਮਨ, ਡਾਕਟਰ ਲਾਭ ਸਿੰਘ ਖੀਵਾ, ਸੱਚਪ੍ਰੀਤ ਕੌਰ ਚੰਡੀਗੜ੍ਹ, ਕੁਲਵੰਤ ਸਿੰਘ ਔਜਲਾ, ਡਾਕਟਰ ਜਸਪਾਲ ਸਿੰਘ ਸਾਬਕਾ ਪ੍ਰਿੰਸੀਪਲ, ਡਾਕਟਰ ਸਤੀਸ਼ ਕਪੂਰ ਸਾਬਕਾ ਪ੍ਰਿੰਸੀਪਲ, ਜੁਝਾਰ ਸਿੰਘ ਦੁਸਾਂਝ, ਕੁਲਦੀਪ ਕੌਰ ਦੁਸਾਂਝ, ਹਰੀ ਓਮ ਵਰਮਾ, ਸੰਦੀਪ ਅਹੂਜਾ, ਦੂਰਦਰਸ਼ਨ ਦੇ ਸਾਬਕਾ ਪ੍ਰੋਡਿਊਸਰ ਜਸਵੀਰ ਸਿੰਘ, ਗੋਪਾਲ ਸਿੰਘ ਬੁੱਟਰ, ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਪ੍ਰੋਫ਼ੈਸਰ ਸੁਰਜੀਤ ਜੱਜ, ਸੁਰਿੰਦਰ ਸਿੰਘ ਨੇਕੀ, ਪ੍ਰੋਫ਼ੈਸਰ ਜਸਲੀਨ ਜੌਹਲ ਰੰਧਾਵਾ, ਪੰਮੀ ਦਵੇਦੀ, ਮੱਖਣ ਮਾਨ, ਮੱਖਣ ਕੁਹਾੜ, ਸਤਨਾਮ ਚਾਨਾ, ਭਗਵੰਤ ਰਸੂਲਪੁਰੀ, ਨਵਤੇਜ ਗੜ੍ਹਦੀਵਾਲਾ, ਪ੍ਰੋਫ਼ੈਸਰ ਜਸ਼ਨਜੋਤ ਸਿੰਘ ਜੌਹਲ, ਮਲਕੀਤ ਸਿੰਘ ਜੌੜਾ, ਸੁਰਿੰਦਰ ਸਿੰਘ ਸੁੰਨੜ, ਸੰਤੋਖ ਸਿੰਘ ਜਗਪਾਲ, ਪ੍ਰੋਫ਼ੈਸਰ ਭੁਪਿੰਦਰ ਕੌਰ, ਗੁਰਦੀਸ਼ ਪੰਨੂ ਆਰਟਿਸਟ, ਏਕਮ ਸਿੰਘ ਪੰਨੂ, ਡਾਕਟਰ ਰੁਮਿੰਦਰ ਕੌਰ, ਕੁਲਬਿੰਦਰ ਕੌਰ ਜਗਪਾਲ, ਪ੍ਰੋਫ਼ੈਸਰ ਹਰਜਿੰਦਰ ਸਿੰਘ ਸੇਖੋਂ, ਪੰਜਾਬੀ ਕਵੀ ਬਲਵਿੰਦਰ ਸੰਧੂ ਅਦਿ ਸ਼ਾਮਿਲ ਸਨ।

# ਟਰੰਪ ਪ੍ਰਸ਼ਾਸਨ ਵਿਰੁੱਧ ਅਮਰੀਕਾ ਵਿਚ ਮੁਜ਼ਾਹਰੇ

**ਨਿਊਯਾਰਕ:** ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਡੋਨਾਲਡ ਟਰੰਪ ਦੀਆਂ ਨੀਤੀਆਂ ਦਾ ਵਿਰੋਧ ਕਰਨ ਲਈ ਅਮਰੀਕਾ ਭਰ ਦੇ ਸ਼ਹਿਰਾਂ 'ਚ ਵੱਡੀ ਗਿਣਤੀ 'ਚ ਪ੍ਰਦਰਸ਼ਨਕਾਰੀ ਇਕੱਠੇ ਹੋਏ ਜੋ ਕਿ ਵਿਰੋਧ ਦਾ ਸਭ ਤੋਂ ਵੱਡਾ ਦੇਸ਼ ਵਿਆਪੀ ਮੁਜ਼ਾਹਰਾ ਰਿਹਾ। ਨਿੱਤ ਨਵੇਂ ਹੁਕਮ ਕਰਨ ਵਾਲੇ'ਹੱਥਾਂ ਨੂੰ ਰੋਕੋ' ਤਖਤੀਆਂ ਵਾਲੇ ਵਿਰੋਧ ਪ੍ਰਦਰਸ਼ਨ ਦਾ ਉਦੇਸ਼ 1,200 ਥਾਵਾਂ 'ਤੇ ਰੈਲੀਆਂ ਕਰਨਾ ਸੀ, ਜਿਸ 'ਚ ਸਾਰੇ 50 ਅਮਰੀਕੀ ਰਾਜ ਸ਼ਾਮਿਲ ਸਨ।

ਇਸ ਪ੍ਰਦਰਸ਼ਨ ਲਈ ਸਨਿਚਰਵਾਰ ਨੂੰ ਬੋਸਟਨ, ਸ਼ਿਕਾਗੋ, ਲਾਸ ਏਂਜਲਸ, ਨਿਊਯਾਰਕ ਤੇ ਵਾਸ਼ਿੰਗਟਨ ਡੀ.ਸੀ. ਸਮੇਤ ਹੋਰ ਸ਼ਹਿਰਾਂ 'ਚ ਹਜ਼ਾਰਾਂ ਲੋਕ ਇਕੱਤਰ ਹੋਏ। ਪ੍ਰਦਰਸ਼ਨਕਾਰੀਆਂ ਨੇ ਸਮਾਜਿਕ ਤੋਂ ਆਰਥਿਕ ਮੁੱਦਿਆਂ ਤੱਕ ਦੇ ਟਰੰਪ ਦੇ ਏਜੰਡੇ ਨਾਲ ਸ਼ਿਕਾਇਤਾਂ ਦਾ ਹਵਾਲਾ ਦਿੱਤਾ। ਟਰੰਪ ਵਲੋਂ ਦੁਨੀਆ ਭਰ ਦੇ ਜ਼ਿਆਦਾਤਰ ਦੇਸ਼ਾਂ 'ਤੇ ਲਾਗੂ ਕੀਤੇ ਦਰਾਮਦ ਟੈਰਿਫਾਂ ਤੋਂ ਬਾਅਦ ਅਮਰੀਕਾ ਤੋਂ ਬਾਹਰ ਵੀ ਇਕੱਠ ਕੀਤੇ ਗਏ, ਜਿਨ੍ਹਾਂ 'ਚ ਲੰਡਨ, ਪੈਰਿਸ ਤੇ ਬਰਲਿਨ ਸ਼ਾਮਿਲ ਹਨ। ਵਾਸ਼ਿੰਗਟਨ ਡੀ. ਸੀ. 'ਚ, ਹਜ਼ਾਰਾਂ ਪ੍ਰਦਰਸ਼ਨਕਾਰੀ ਡੈਮੋਕ੍ਰੇਟਿਕ ਸੰਸਦਾ ਦੇ ਵਿਚਾਰ ਸੁਣਨ ਲਈ ਇਕੱਠੇ ਹੋਏ।

ਬਹੁਤ ਸਾਰੀਆਂ ਟਿੱਪਣੀਆਂ ਟਰੰਪ ਦੇ ਪ੍ਰਸ਼ਾਸਨ 'ਚ ਅਮੀਰ ਲੋਕਾਂ ਵਲੋਂ ਨਿਭਾਈ ਗਈ ਭੂਮਿਕਾ 'ਤੇ ਕੇਂਦ੍ਰਿਤ ਸਨ, ਖਾਸ ਤੌਰ 'ਤੇ ਐਲੋਨ ਮਸਕ, ਜੋ ਕਿ ਰਾਸ਼ਟਰਪਤੀ ਦੇ ਸਲਾਹਕਾਰ ਵਜੋਂ ਸੇਵਾ ਨਿਭਾ ਰਹੇ ਹਨ, ਜਿਨ੍ਹਾਂ ਖਰਚਿਆਂ ਅਤੇ ਸੰਘੀ ਕਰਮਚਾਰੀਆਂ ਨੂੰ ਨਾਟਕੀ ਢੰਗ ਨਾਲ ਘਟਾਉਣ ਦੀ ਕੋਸ਼ਿਸ਼ ਦੀ ਅਗਵਾਈ ਵੀ ਕੀਤੀ -ਹੈ। ਫਲੋਰੀਡਾ ਦੇ ਕਾਂਗਰਸਮੈਨ ਮੈਕਸਵੈਲ ਫਰੌਸਟ ਨੇ ਇਸ ਦੀ ਨਿੰਦਾ ਕਰਦਿਆਂ ਸਰਕਾਰ 'ਤੇ ਅਰਬਪਤੀਆਂ ਦੇ ਕਬਜ਼ੇ ਦੀ ਨਿੰਦਾ ਕੀਤੀ।

ਇਹ ਵਿਰੋਧ ਪ੍ਰਦਰਸ਼ਨ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਸਹਿਯੋਗੀਆਂ ਖਿਲਾਫ਼ ਉਦੋਂ ਹੋ ਰਹੇ ਹਨ ਜਦੋਂ ਰਿਪਬਲਿਕਨਾਂ ਨੇ ਲੰਘੇ ਮੰਗਲਵਾਰ ਨੂੰ ਫਲੋਰੀਡਾ ਕਾਂਗਰਸ ਚੋਣ ਤਾਂ ਜਿੱਤੀ ਪਰ ਫਰਕ ਉਮੀਦ ਨਾਲੋਂ ਘੱਟ ਹੀ ਸੀ। ਉਧਰ ਵਿਸਕਾਨਸਿਨ ਦੇ ਵੋਟਰਾਂ ਨੇ ਰਾਜ ਦੀ ਸੁਪਰੀਮ ਕੋਰਟ 'ਚ ਸੇਵਾ ਕਰਨ ਲਈ ਇਕ ਡੈਮੋਕ੍ਰੇਟਿਕ ਜੱਜ ਨੂੰ ਚੁਣਿਆ ਤੇ ਮਸਕ-ਸਮਰਥਕ ਰਿਪਬਲਿਕਨ ਉਮੀਦਵਾਰ ਨੂੰ ਲਗਭਗ 10 ਫ਼ੀਸਦੀ ਅੰਕਾਂ ਨਾਲ ਰੱਦ ਕਰ ਦਿੱਤਾ। ਦੋਵਾਂ ਰਾਜਾਂ 'ਚ, ਡੈਮੋਕ੍ਰੇਟਸ ਨੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਤੇ ਐਲੋਨ ਮਸਕ ਦੇ ਪ੍ਰਭਾਵ ਪ੍ਰਤੀ ਵੋਟਰਾਂ ਨੇ ਗੁੱਸੇ ਨੂੰ ਵਰਤਣ ਦੀ ਕੋਸ਼ਿਸ਼ ਕੀਤੀ।

ਅੱਜ ਪ੍ਰਦਰਸ਼ਨ ਦੌਰਾਨ ਨਿਊਯਾਰਕ 'ਚ ਵੀ ਪ੍ਰਦਰਸ਼ਨਕਾਰੀਆਂ ਨੇ 'ਹੱਥਾਂ ਨੂੰ ਰੋਕੋ' ਵਾਲੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ। ਮਨੁੱਖੀ ਅਧਿਕਾਰ ਮੁਹਿੰਮ ਵਕਾਲਤ ਸਮੂਹ ਦੇ ਪ੍ਰਧਾਨ




ਕੈਲੀ ਰੌਬਿਨਸਨ ਨੇ ਵਾਸ਼ਿੰਗਟਨ, ਡੀ.ਸੀ. 'ਚ ਟਰੰਪ ਪ੍ਰਸ਼ਾਸਨ ਦੇ ਵਿਵਹਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਜੋ ਹਮਲੇ ਉਹ ਦੇਖ ਰਹੇ ਹਨ, ਉਹ ਸਿਰਫ਼ ਰਾਜਨੀਤਿਕ ਨਹੀਂ ਹਨ। ਉਹ ਨਿੱਜੀ ਹਨ। ਉਨ੍ਹਾਂ ਨੂੰ ਇਹ ਅਮਰੀਕਾ ਨਹੀਂ ਚਾਹੀਦਾ, ਸਗੋਂ ਉਹ ਅਮਰੀਕਾ ਚਾਹੀਦਾ ਹੈ ਜਿਸਦੇ ਉਹ ਹੱਕਦਾਰ ਹਨ। ਜਿੱਥੇ ਮਾਣ, ਸੁਰੱਖਿਆ ਤੇ ਆਜ਼ਾਦੀ ਉਨ੍ਹਾਂ ਵਿੱਚੋਂ ਕੁਝ ਲੋਕਾਂ ਦੀ ਨਹੀਂ, ਸਗੋਂ ਸਭ ਦੀ ਹੋਵੇ।

## ਥਾਣੇ ਦੇ ਬਾਹਰ ਖੜ੍ਹਾ ਮੋਟਰਸਾਈਕਲ ਚੋਰੀ

**ਜਲੰਧਰ:** ਸ਼ਹਿਰ ਚੋਰੀਆਂ ਤੇ ਲੁੱਟਾਂ ਖੋਹਾਂ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ। ਹੁਣ ਤਾਂ ਥਾਣੇ ਦੇ ਬਾਹਰ ਵਾਹਨ ਖੜ੍ਹਾ ਕਰਨਾ ਵੀ ਸੁਰੱਖਿਅਤ ਨਹੀਂ ਹੈ। ਹੁਣ ਚੋਰ ਨਿਡਰ ਹੋ ਗਏ ਹਨ ਤੇ ਥਾਣੇ ਦੇ ਬਾਹਰੋਂ ਵਾਹਨਾਂ ਨੂੰ ਉਡਾਉਣ ਲੱਗ ਪਏ ਹਨ। ਅਜਿਹਾ ਹੀ ਇਕ ਤਾਜ਼ਾ ਮਾਮਲਾ ਜਲੰਧਰ ਦੀ ਪੁਲਿਸ ਲਾਈਨ ਨੇੜੇ ਸਥਿਤ ਮਹਿਲਾ ਥਾਣੇ ਤੋਂ ਸਾਹਮਣੇ ਆਇਆ ਹੈ, ਜਿੱਥੇ ਚੋਰ ਇਕ ਨੌਜਵਾਨ ਦਾ ਬਾਈਕ ਚੋਰੀ ਕਰਕੇ ਫਰਾਰ ਹੋ ਗਏ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਤ ਸੂਰਜ ਨੇ ਦੱਸਿਆ ਕਿ ਉਹ ਆਪਣੇ ਦੋਸਤ ਨਾਲ ਮਹਿਲਾ ਥਾਣੇ 'ਚ ਆਇਆ ਹੋਇਆ ਸੀ, ਜਿੱਥੇ ਉਸ ਦੇ ਦੋਸਤ ਤੇ ਉਸ ਦੀ ਪਤਨੀ ਨਾਲ ਕਿਸੇ ਗੱਲ ਨੂੰ ਲੈ ਕੇ ਲੜਾਈ ਚੱਲ ਰਹੀ ਸੀ, ਜਿਸ ਨੂੰ ਸੁਲਝਾਉਣ ਲਈ ਉਹ ਮੌਕੇ 'ਤੇ ਪਹੁੰਚਿਆ ਸੀ। ਅੱਧੇ ਘੰਟੇ ਬਾਅਦ ਜਦੋਂ ਉਹ ਥਾਣੇ ਤੋਂ ਬਾਹਰ ਆਇਆ ਤਾਂ ਉਸ ਦਾ ਮੋਟਰਸਾਈਕਲ ਗਾਇਬ ਸੀ। ਜਦੋਂ ਉਸ ਨੇ ਨੇੜੇ-ਤੇੜੇ ਭਾਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਮੋਟਰਸਾਈਕਲ ਨਹੀਂ ਮਿਲਿਆ। ਇਸ ਤੋਂ ਬਾਅਦ ਪੁਲਿਸ ਨੂੰ ਫੋਨ ਕਰਕੇ ਘਟਨਾ ਦੀ ਸੂਚਨਾ ਦਿੱਤੀ ਗਈ।

# ਵਕ਼ਫ ਬੋਰਡਾਂ ਨੂੰ ਕਾਨੂੰਨ ਦੇ ਦਾਇਰੇ ਵਿਚ ਲਿਆਉਣਾ ਜ਼ਰੂਰੀ: ਨੱਢਾ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਜੇ.ਪੀ. ਨੱਢਾ ਨੇ ਐਤਵਾਰ ਨੂੰ ਕਿਹਾ ਕਿ ਕੇਂਦਰ ਸਰਕਾਰ ਵਕਫ਼ ਬੋਰਡਾਂ ਨੂੰ ਕੰਟਰੋਲ ਨਹੀਂ ਕਰਨਾ ਚਾਹੁੰਦੀ ਬਲਕਿ ਇਹ ਯਕੀਨੀ ਕਰਨਾ ਚਾਹੁੰਦੀ ਹੈ। ਕਿ ਉਨ੍ਹਾਂ ਦਾ ਸੰਚਾਲਨ ਕਾਨੂੰਨ ਦੇ ਦਾਇਰੇ ਵਿਚ ਹੋਵੇ ਤਾਂ ਕਿ ਉਨ੍ਹਾਂ ਦੀਆਂ ਜਾਇਦਾਦਾਂ ਦਾ ਇਸਤੇਮਾਲ ਮੁਸਲਿਮ ਭਾਈਚਾਰੇ ਲਈ ਸਿੱਖਿਆ, ਸਿਹਤ ਤੇ ਰੁਜ਼ਗਾਰ ਨੂੰ ਉਤਸ਼ਾਹਤ ਕਰਨ ਵਿਚ ਹੋਵੇ। ਭਾਜਪਾ ਦੇ 45ਵੇਂ ਸਥਾਪਨਾ ਦਿਵਸ ਮੌਕੇ ਪਾਰਟੀ ਹੈੱਡਕੁਆਰਟਰ ਵਿਚ ਹੋਏ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਨੱਢਾ ਨੇ ਕਿਹਾ ਕਿ ਤੁਰਕੀ ਤੇ ਕਈ ਹੋਰ ਮੁਸਲਿਮ ਦੇਸ਼ਾਂ ਦੀਆਂ ਸਰਕਾਰਾਂ ਨੇ ਵਕਫ਼ ਜਾਇਦਾਦਾਂ ਨੂੰ ਆਪਣੇ ਕੰਟਰੋਲ ਵਿਚ ਲੈ ਲਿਆ ਹੈ। ਅਸੀਂ ਇਨ੍ਹਾਂ ਦਾ (ਵਕਫ਼ ਬੋਰਡਾਂ) ਸੰਚਾਲਨ ਕਰਨ ਵਾਲਿਆਂ ਨੂੰ ਸਿਰਫ਼ ਇਹ ਕਹਿ ਰਹੇ ਹਾਂ ਕਿ ਨਿਯਮਾਂ ਮੁਤਾਬਕ ਕੰਮ ਕਰੋ। ਸੰਬੋਧਨ ਤੋਂ ਪਹਿਲਾਂ ਭਾਜਪਾ ਪ੍ਰਧਾਨ ਨੇ ਪਾਰਟੀ ਹੈਡਕੁਆਰਟਰ 'ਤੇ ਪਾਰਟੀ ਦਾ ਝੰਡਾ ਲਹਿਰਾਇਆ। ਇਸ ਮੌਕੇ ਪਾਰਟੀ ਦੇ ਕਈ ਨੇਤਾ ਹਾਜ਼ਰ ਸਨ, ਜਿਨ੍ਹਾਂ ਵਿਚ ਵੱਖ-ਵੱਖ ਸੰਸਦ ਮੈਂਬਰ ਤੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਵੀ ਸ਼ਾਮਲ ਹੈ। 1951 ਵਿਚ ਜਨਸੰਘ ਤੋਂ ਸ਼ੁਰੂ ਹੋਈ ਭਾਜਪਾ ਦੀ ਸਿਆਸੀ ਯਾਤਰਾ ਦਾ ਜ਼ਿਕਰ ਕਰਦੇ ਹੋਏ ਨੱਡਾ ਨੇ



ਕਿਹਾ ਕਿ ਅੱਜ ਭਾਜਪਾ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਬਣ ਗਈ ਹੈ ਅਤੇ ਕਈ ਸੂਬਿਆਂ ਦੀ ਸੱਤਾ ਵਿਚ ਹੈ ਕਿਉਂਕਿ ਇਹ ਕਾਂਗਰਸ ਦੇ ਉਲਟ ਵੋਟਾਂ ਲਈ ਕਦੀ ਆਪਣੀ ਵਿਚਾਰਧਾਰਾ ਤੋਂ ਨਹੀਂ ਡਿੱਗੀ। ਭਾਜਪਾ ਵਿਚਾਰਧਾਰਾ ਤੇ ਜਨ-ਆਧਾਰ ਵਾਲੀ ਪਾਰਟੀ ਹੈ। ਨੱਡਾ ਨੇ ਕਿਹਾ, ਅੱਜ ਲੋਕ ਸਭਾ ਵਿਚ ਸਾਡੇ 240 ਮੈਂਬਰ ਰਾਜ ਸਭਾ ਵਿਚ 98 ਮੈਂਬਰ ਅਤੇ ਦੇਸ਼ ਭਰ ਵਿਚ 1,600 ਤੋਂ ਵੱਧ ਵਿਧਾਇਕ ਹਨ। ਅਸੀਂ ਹਾਲ ਹੀ ਵਿਚ ਆਪਣੀ ਮੈਂਬਰਸ਼ਿਪ ਮੁਹਿੰਮ ਖ਼ਤਮ ਕੀਤੀ ਹੈ ਅਤੇ ਭਾਜਪਾ ਮੈਂਬਰਾਂ ਦੀ ਗਿਣਤੀ 13.5 ਕਰੋੜ ਪਾਰ ਕਰ ਗਈ ਹੈ। ਦੇਸ਼ ਭਰ ਵਿਚ ਸਾਡੇ 10 ਲੱਖ ਤੋਂ ਵੱਧ ਸਰਗਰਮ ਕਾਰਕੁੰਨ ਹਨ। ਉਨ੍ਹਾਂ ਕਿਹਾ ਕਿ ਭਾਜਪਾ ਇਕੋ-ਇਕ ਸਿਆਸੀ ਪਾਰਟੀ ਹੈ, ਜਿਹੜੀ ਵਿਗਿਆਨਕ ਵਿਕਾਸ ਦੀ ਗਵਾਹ ਰਹੀ ਹੈ। ਸੰਗਠਨ ਦਾ ਵਿਸਥਾਰ ਅਤੇ ਚੋਣਾਂ ਵਿਚ ਜਿੱਤ ਇਕ ਕਲਾ ਤੇ ਵਿਗਿਆਨ ਹੈ।

ਹਾਲਾਂਕਿ ਸਾਡੇ ਵਿਰੋਧੀ ਸੰਸਦ ਵਿਚ ਸਾਡੇ 'ਤੇ ਵਿਅੰਗ ਕਰਦੇ ਹਨ ਪਰ ਉਹ ਇਹ ਵੀ ਕਹਿੰਦੇ ਹਨ ਕਿ ਅਸੀਂ ਦੁਨੀਆ ਵਿਚ ਸਭ ਤੋਂ ਵੱਡੀ ਪਾਰਟੀ ਹਾਂ। ਇੱਥੋਂ ਤੱਕ ਕਿ ਸਾਡੇ ਵਿਰੋਧੀ ਵੀ ਸਾਡੀ ਤਾਕਤ ਨੂੰ ਪਛਾਣਦੇ ਹਨ। ਨੱਡਾ ਨੇ ਕਿਹਾ ਕਿ ਭਾਜਪਾ ਨੇ ਰਾਸ਼ਟਰ ਨੂੰ ਹਮੇਸ਼ਾ ਪਹਿਲਾਂ ਰੱਖਿਆ ਹੈ ਅਤੇ ਭਾਰਤ ਦੀਆਂ ਪਰੰਪਰਾਵਾਂ, ਸਭਿਆਚਾਰ ਤੇ ਇਤਿਹਾਸ ਨੂੰ ਉਤਸ਼ਾਹਤ ਕਰਨ ਦਾ ਯਤਨ ਕੀਤਾ ਹੈ। ਪਾਰਟੀ ਦੇ ਸ਼ਾਸਨਕਾਲ ਵਿਚ ਹੀ ਅਯੁੱਧਿਆ ਵਿਚ ਸ਼ਾਨਦਾਰ ਰਾਮ ਮੰਦਰ ਦਾ ਨਿਰਮਾਣ ਹੋਇਆ ਹੈ। ਭਾਜਪਾ ਪ੍ਰਧਾਨ ਨੇ ਕਿਹਾ ਕਿ ਸ਼ਾਹਬਾਨੋ ਕੇਸ ਵਿਚ ਤੱਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਮੁਸਲਿਮ ਭਾਈਚਾਰੇ ਦੇ ਕੁਝ ਵਰਗਾਂ ਦੇ ਦਬਾਅ ਵਿਚ ਝੁਕ ਕੇ ਤੁਸ਼ਟੀਕਰਨ ਦੀ ਸਿਆਸਤ ਵਿਚ ਫਸ ਗਈ ਸੀ। ਸੁਪਰੀਮ ਕੋਰਟ ਵੱਲੋਂ ਮੁਸਲਿਮ ਔਰਤਾਂ ਦੀ ਮੁਕਤੀ ਦਾ ਸੱਦਾ ਦੇਣ ਦੇ ਬਾਵਜੂਦ ਕਿਸੇ ਵਿਚ ਵੀ ਫ਼ੈਸਲਾਕੁੰਨ ਕਾਰਵਾਈ ਕਰਨ ਦਾ ਹੌਸਲਾ ਨਹੀਂ ਸੀ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਨੇ ਤੱਤਕਾਲੀਨ ਤਿੰਨ ਤਲਾਕ ਨੂੰ ਖ਼ਤਮ ਕਰ ਦਿੱਤਾ ਅਤੇ ਮੁਸਲਿਮ ਔਰਤਾਂ ਨੂੰ ਮੁਕਤੀ ਦੁਆਈ। ਮੋਦੀ ਸਰਕਾਰ ਨੇ ਉਨ੍ਹਾਂ ਲੋਕਾਂ ਨੂੰ ਵੀ ਨਾਗਰਿਕਤਾ ਦੇ ਅਧਿਕਾਰ ਦਿੱਤੇ, ਜਿਹੜੇ ਪਾਕਿਸਤਾਨ ਵਿਚ ਧਾਰਮਿਕ ਜ਼ੁਲਮਾਂ ਦਾ ਸਾਹਮਣਾ ਕਰਨ ਤੋਂ ਬਾਅਦ ਭਾਰਤ ਆਏ ਸਨ।

ਨੱਡਾ ਨੇ ਕਿਹਾ ਭਾਜਪਾ ਡਾ. ਬੀਆਰ ਅੰਬੇਡਕਰ ਵੱਲੋਂ ਸਥਾਪਤ ਵਿਚਾਰਾਂ ਦੇ ਆਧਾਰ 'ਤੇ ਅੱਗੇ ਵੱਧ ਰਹੀ ਹੈ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਟੈਰਿਫ਼ ਕਾਰਨ ਚੀਨ ਨੇ ਅਮਰੀਕਾ ਨਾਲ ਟਿਕਟਾਕ ਦੀ ਡੀਲ ਟਾਲ਼ੀ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਟਿਕਟਾਕ ਨਾਲ ਡੀਲ ਹੋਣ ਵਾਲੀ ਸੀ ਪਰ ਟੈਰਿਫ਼ ਕਾਰਨ ਚੀਨ ਨੇ ਆਪਣਾ ਮਨ ਬਦਲ ਲਿਆ। ਉਨ੍ਹਾਂ ਦੱਸਿਆ ਕਿ ਜੇਕਰ ਅਸੀਂ ਟੈਰਿਫ 'ਚ ਕਟੌਤੀ ਕਰ ਦਿੰਦੇ ਤਾਂ ਚੀਨ 15 ਮਿੰਟ ਵਿਚ ਇਹ ਡੀਲ ਪੂਰੀ ਕਰ ਲੈਂਦਾ। ਟਰੰਪ ਨੇ ਕਿਹਾ ਕਿ ਇਹ ਤੁਹਾਨੂੰ ਟੈਰਿਫ ਦੀ ਤਾਕਤ ਦਿਖਾਉਂਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਟਿਕਟਾਕ ਨੂੰ ਬਚਾਉਣ ਲਈ ਇਸ ਡੀਲ ਨੂੰ ਪੂਰਾ ਕਰਨ ਲਈ ਕੋਸ਼ਿਸ਼ ਕਰ ਰਿਹਾ ਹੈ। ਇਸ ਦੈ ਨਾਲ ਹੀ ਉਹ ਇਕ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕਰਨਗੇ, ਜਿਸ ਨਾਲ ਇਸ ਐਪ ਦਾ ਚਲਾਉਣਾ ਅਮਰੀਕਾ ਵਿਚ 75 ਦਿਨਾਂ ਲਈ ਵਧਾਇਆ ਜਾਵੇਗਾ। ਟਰੰਪ ਨੇ ਉਮੀਦ ਜ਼ਾਹਰ ਕੀਤੀ ਹੈ ਕਿ ਚੀਨ ਨਾਲ ਗੱਲਬਾਤ ਜਾਰੀ ਰਹੇਗੀ। ਉਨ੍ਹਾਂ ਮਨਜ਼ੂਰ ਕੀਤਾ ਕਿ ਚੀਨ ਅਮਰੀਕਾ ਦੇ ਜਵਾਬੀ ਟੈਰਿਫ ਤੋਂ ਨਾਰਾਜ਼ ਹੈ। ਉਨ੍ਹਾਂ ਨੇ ਇਨ੍ਹਾਂ ਟੈਕਸਾਂ ਦਾ ਸਹਾਰਾ ਲੈਂਦਿਆਂ ਕਿਹਾ ਕਿ ਦੋਹਾਂ ਦੇਸ਼ਾਂ ਵਿਚਕਾਰ ਨਿਆਂ ਅਤੇ ਸੰਤੁਲਿਤ ਵਪਾਰ ਯਕੀਨੀ ਬਣਾਉਣ ਲਈ ਇਹ ਸ਼ੁਲਕ ਜ਼ਰੂਰੀ ਹਨ। ਟਰੰਪ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸਦਾ ਮੰਤਵ ਟਿਕਟਾਕ ਨੂੰ ਹਨੇਰੇ 'ਚ ਜਾਣ ਤੋਂ ਰੋਕਣਾ ਹੈ।



# ਭਾਰਤੀ ਬੈਂਕਾਂ ਨੇ 14000 ਕਰੋੜ ਤੋਂ ਵੱਧ ਦੀ ਕੀਤੀ ਵਸੂਲੀ: ਮਾਲਿਆ



**ਨਵੀਂ ਦਿੱਲੀ:** ਭਗੌੜੇ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਨੇ ਦਾਅਵਾ ਕੀਤਾ ਹੈ ਕਿ ਭਾਰਤੀ ਬੈਂਕਾਂ ਨੇ ਉਸ ਕੋਲੋਂ 14,131.6 ਕਰੋੜ ਰੁਪਏ ਦੀ ਵਸੂਲੀ ਕੀਤੀ ਹੈ। ਇਹ ਰਕਮ ਬੈਂਕਾਂ ਦੇ ਉਸ 'ਤੇ ਬਕਾਏ ਤੋਂ ਦੁੱਗਣੀ ਹੈ। ਉਸਨੇ ਵਿੱਤ ਮੰਤਰਾਲੇ ਦੀ ਸਾਲਾਨਾ ਰਿਪੋਰਟ 2024-25 'ਚ ਵਿਲਫੁਲ ਡਿਫਾਲਟਰਜ਼ ਦੇ ਖਿਲਾਫ਼ ਈ.ਡੀ. ਵੱਲੋਂ ਕੀਤੀ ਗਈ ਵਸੂਲੀ ਦੇ ਵੇਰਵਿਆਂ ਦਾ ਹਵਾਲਾ ਦਿੱਤਾ ਹੈ। ਉਸਨੇ ਕਿਹਾ ਕਿ ਬੈਂਕਾਂ ਨੇ ਪਹਿਲਾਂ ਹੀ ਕਰਜ਼ਾ ਵਸੂਲੀ ਅਥਾਰਟੀ ਵੱਲੋਂ ਦਿੱਤੇ ਗਏ। 6203 ਕਰੋੜ ਰੁਪਏ ਦੇ ਮੁਕਾਬਲੇ 14,131.6 ਕਰੋੜ ਰੁਪਏ ਵਸੂਲ ਲਏ ਹਨ। ਮਾਲਿਆ ਨੇ ਐਕਸ 'ਤੇ ਇਕ ਪੋਸਟ 'ਚ ਕਿਹਾ, 'ਆਖਿਰਕਾਰ 6203 ਕਰੋੜ ਰੁਪਏ ਦੇ ਕਰਜ਼ੇ ਦੇ ਮੁਕਾਬਲੇ 14,131.6 ਕਰੋੜ ਰੁਪਏ ਦੀ ਵਸੂਲੀ ਕੀਤੀ, ਇਹ ਬ੍ਰਿਟੇਨ 'ਚ ਮੇਰੇ ਦੀਵਾਲੀਪਣ ਰੱਦ ਕਰਨ ਦੀ ਅਰਜ਼ੀ 'ਚ ਅਹਿਮ ਸਬੂਤ ਹੋਵੇਗਾ। ਹੁਣ ਹੈਰਾਨੀਜਨਕ ਹੈ ਕਿ ਬੈਂਕ ਬ੍ਰਿਟਿਸ਼ ਅਦਾਲਤ 'ਚ ਕੀ ਕਹਿਣਗੇ।' ਹੈਰਾਨੀਜਨਕ ਹੈ ਕਿ ਵਿੱਤ ਮੰਤਰਾਲੇ ਦੀ ਸਾਲਾਨਾ ਰਿਪੋਰਟ 2024-25 'ਚ ਮਾਲਿਆ ਤੇ 10 ਹੋਰ ਲੋਕਾਂ ਸਮੇਤ ਭਗੌੜੇ ਆਰਥਿਕ ਅਪਰਾਧੀਆਂ ਦਾ ਵੇਰਵਾ ਸਾਂਝਾ ਕੀਤਾ ਗਿਆ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ 36 ਵਿਅਕਤੀਆਂਦੇ ਸਬੰਧ 'ਚ ਕੁੱਲ 44 ਹਵਾਲਗੀ ਅਪੀਲਾਂ ਵੱਖ ਵੱਖ ਦੇਸ਼ਾਂ ਨੂੰ ਭੇਜੀਆਂ ਗਈਆਂ ਹਨ। ਮੰਤਰਾਲੇ ਦੀ ਸਾਲਾਨਾ ਰਿਪੋਰਟ ਅਨੁਸਾਰ, ਵਿਜੇ ਮਾਲਿਆ ਦੇ ਮਾਮਲੇ 'ਚ 14,131.6 ਕਰੋੜ ਰੁਪਏ ਦੀ ਕੁਰਕ ਕੀਤੀ ਗਈ ਜਾਇਦਾਦ ਦੀ ਪੂਰੀ ਰਕਮ ਜਨਤਕ ਖੇਤਰ ਦੇ ਬੈਂਕਾਂ ਨੂੰ ਸਫਲਤਾਪੂਰਵਕ ਵਾਪਸ ਕਰ ਦਿੱਤੀ ਗਈ ਵੈ।

# ਕਰਨੈਲ ਸਿੰਘ ਪੀਰਮੁਹੰਮਦ ਵੱਲੋਂ ਅਸਤੀਫ਼ਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਕਰਨੈਲ ਸਿੰਘ ਪੀਰਮੁਹੰਮਦ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਦਰਅਸਲ 10 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਦਿੱਤੇ ਅਸਤੀਫੇ ਦੀ ਕਾਪੀ ਪੀਰਮੁਹੰਮਦ ਨੇ ਸੋਮਵਾਰ ਨੂੰ ਜਨਤਕ ਕੀਤੀ ਹੈ, ਜਿਸ ਵਿਚ ਉਨ੍ਹਾਂ ਲਿਖਿਆ, 'ਮੇਰੀ ਆਪ ਨੂੰ ਬੇਨਤੀ ਹੈ ਕਿ ਆਪ ਲੀਹੋ ਲੱਥੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਸਪੱਸ਼ਟ ਹਿਦਾਇਤ ਕਰਕੇ ਇਨਾਂ ਨੂੰ ਤੁਰੰਤ ਦੁਬਾਰਾ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਪੰਜ ਅਬਜਰਵਰਾਂ ਦੀ ਨਿਗਰਾਨੀ ਵਿਚ ਵਰਕਿੰਗ ਕਮੇਟੀ ਦੀ ਮੀਟਿੰਗ ਬਲਾਉਂਣ ਦੀ ਤਾਕੀਦ ਕਰੋ ਅਤੇ ਪਾਰਟੀ ਦਾ ਜਥੇਬੰਦਕ ਢਾਂਚਾ ਭੰਗ ਕਰਕੇ ਸੱਤ ਮੈਂਬਰੀ ਭਰਤੀ ਕਮੇਟੀ ਨੂੰ ਬੁਲਾਕੇ ਮੈਂਬਰਸ਼ਿਪ ਭਰਤੀ ਕਰਨ ਦੀ ਹਿਦਾਇਤ ਕਰੋ। ਡਾ. ਦਲਜੀਤ ਸਿੰਘ ਚੀਮਾ ਜੋ ਇਸ ਸਾਰੇ ਘਟਨਾਕ੍ਰਮ ਦੇ ਖਲਨਾਇਕ ਬਣ ਚੁੱਕੇ ਹਨ, ਇਸੇ ਨੇ ਹੀ ਡੇਰਾ ਸਿਰਸਾ ਵੱਲੋ ਭੇਜੀ ਚਿੱਠੀ ਵਿਚ ਆਪਣੇ ਕੋਲੋਂ ਮੁਆਫ਼ੀ ਸ਼ਬਦ ਪਾ ਕੇ ਉਸ ਵੇਲੇ ਦੇ ਜਥੇਦਾਰ ਸਾਹਿਬਾਨ ਨੂੰ ਗੁੰਮਰਾਹ ਕੀਤਾ ਸੀ। ਇਸ ਨੂੰ ਮੁੜ ਸ੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕੀਤਾ ਜਾਵੇ। ਇਸ ਤੋਂ ਸਪੱਸ਼ਟੀਕਰਨ ਮੰਗਿਆ ਜਾਵੇ ਕਿ ਉਹ ਸ਼੍ਰੋਮਣੀ ਅਕਾਲੀ ਦਲ ਕਿਥੇ ਹੈ ਜੋ 14 ਦਸਬੰਰ 1920 ਨੂੰ ਸਾਡੇ ਪੁਰਖਿਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਗਠਿਤ ਕੀਤਾ ਸੀ, ਜਿਸ ਦੀ ਮੁੱਖ ਜਿੰਮੇਵਾਰੀ ਖਾਲਸਾ ਪੰਥ ਦੀ ਚੜਦੀਕਲ੍ਹਾ ਲਈ ਕਾਰਜ ਕਰਨਾ ਸੀ। ਇਸ ਦੇ ਨਾਲ ਹੀ ਮੈਂ ਭਰੇ ਮਨ ਨਾਲ ਆਪਣੀ ਜਾਨ ਤੋਂ ਪਿਆਰੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ, ਪਾਰਟੀ ਬੁਲਾਰੇ ਤੇ ਪੰਥਕ ਸਲਾਹਕਾਰ ਬੋਰਡ ਦੇ ਮੈਂਬਰ ਤੋਂ ਆਪਣਾ ਅਸਤੀਫਾ ਆਪ ਨੂੰ ਭੇਜ ਰਿਹਾ ਹਾਂ। ਪਾਰਟੀ ਦੇ ਬੇਵੱਸ ਐਕਟਿੰਗ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਇਸ ਅਸਤੀਫੇ ਨੂੰ ਤੁਰੰਤ ਪ੍ਰਵਾਨ ਕਰਨ ਲਈ ਭੇਜ ਰਿਹਾ ਹਾਂ'।



## ਸਿਨਹਾ ਹੋਣਗੇ ਖ਼ੁਫੀਆ ਵਿਭਾਗ ਦੇ ਮੁਖੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਇਕ ਹੁਕਮ ਜਾਰੀ ਕਰਕੇ ਖ਼ੁਫ਼ੀਆ ਵਿਭਾਗ ਦੇ ਮੁਖੀ ਏ.ਡੀ.ਜੀ.ਪੀ. ਆਰ.ਕੇ. ਜੈਸਵਾਲ ਨੂੰ ਹਟਾ ਦਿੱਤਾ ਹੈ। ਜੈਸਵਾਲ ਦੀ ਥਾਂ 'ਤੇ ਪ੍ਰਵੀਨ ਕੁਮਾਰ ਸਿਨਹਾ ਨੂੰ ਖ਼ੁਫੀਆ ਵਿਭਾਗ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਜੈਸਵਾਲ ਨੂੰ ਇਸ ਵੇਲੇ ਕੋਈ ਪੋਸਟਿੰਗ ਨਹੀਂ ਦਿੱਤੀ ਗਈ ਹੈ ਤੇ ਪੀ.ਕੇ. ਸਿਨਹਾ ਨੂੰ ਤੁਰੰਤ ਏ.ਡੀ.ਜੀ.ਪੀ. ਇੰਟੈਲੀਜੈਂਸ ਵਜੋਂ ਚਾਰਜ ਸੰਭਾਲਣ ਲਈ ਕਿਹਾ ਗਿਆ ਹੈ। ਸਿਵਲ ਤੇ ਪੁਲਿਸ ਵਿਭਾਗ 'ਚ ਬਹੁਤ ਸਾਰੇ ਅਜਿਹੇ ਅਧਿਕਾਰੀ ਹਨ, ਜਿਨ੍ਹਾਂ ਨੂੰ ਅਜੇ ਤੱਕ ਕੋਈ ਪੋਸਟਿੰਗ ਨਹੀਂ ਮਿਲੀ।



(ਪਹਿਲੇ ਸਫ਼ੇ ਦਾ ਬਾਕੀ)

## ਟਰੰਪ ਨੇ ਬਾਜ਼ਾਰ ਦੀ ਮੰਦੀ ਨੂੰ 'ਦਵਾਈ' ਦਾ ਅਸਰ....

### ਪਾਕਿਸਤਾਨ ਵਿਚ ਵੀ ਮੰਦੀ

ਕਰਾਚੀ ਰਿਪੋਰਟ ਮੁਤਾਬਕ, ਪਾਕਿਸਤਾਨ ਦੇ ਸ਼ੇਅਰ ਬਾਜ਼ਾਰ (ਪੀਐਸਐਕਸ) 'ਚ ਸੋਮਵਾਰ ਨੂੰ ਬੈਂਚਮਾਰਕ ਕੇਐੱਸਈ-100 ਸੂਚਕਅੰਕ 'ਚ 8,000 ਤੋਂ ਜ਼ਿਆਦਾ ਅੰਕਾਂ ਦੀ ਗਿਰਾਵਟ ਆਈ।




ਇਸ ਕਾਰਨ ਕਰੀਬ ਇਕ ਘੰਟੇ ਲਈ ਕਾਰੋਬਾਰ ਰੋਕਣਾ ਪਿਆ। ਯਾਨੀ ਸਰਕਟ ਬ੍ਰੇਕਰ (ਕਾਰੋਬਾਰ ਦੀ ਉੱਚ ਜਾਂ ਹੇਠਲੀ ਹੱਦ ਜਿਸ ਤੋਂ ਅੱਗੇ ਘਟਣ ਜਾਂ ਵਧਣ 'ਤੇ ਇਕ ਨਿਸ਼ਚਿਤ ਸਮੇਂ ਤੱਕ ਕਾਰੋਬਾਰ ਰੋਕ ਦਿੱਤਾ ਜਾਂਦਾ ਹੈ) ਲੱਗਾ। ਇਕ ਘੰਟੇ ਦੇ ਰੋਕ ਸਮੇਂ ਦੇ ਬਾਅਦ ਵੀ ਕਾਰੋਬਾਰ ਮੁੜ ਸ਼ੁਰੂ ਹੋਣ 'ਤੇ ਪੀਐੱਸਐਕਸ 'ਚ 2,000 ਅੰਕਾਂ ਦੀ ਹੋਰ ਗਿਰਾਵਟ ਆਈ, ਜਿਸਦੇ ਸਿੱਟੇ ਵਜੋਂ ਦਿਨ 'ਚ ਕਾਰੋਬਾਰ 'ਚ ਇਹ ਰਿਕਾਰਡ 8,600 ਅੰਕ ਤੱਕ ਟੁੱਟ ਗਿਆ। ਸੂਚਕਅੰਕ ਪਿਛਲੇ ਬੰਦ ਪੱਧਰ ਤੋਂ 3,882.18 ਯਾਨੀ 3.27 ਫ਼ੀਸਦੀ ਦੀ ਗਿਰਾਵਟ ਦੇ ਨਾਲ 1,14,909.48 ਤੇ ਬੰਦ ਹੋਇਆ।

### ਰੁਪਿਆ ਵੀ 38 ਪੈਸੇ ਟੁੱਟਾ

ਵਿਸ਼ਵ ਪੱਧਰ 'ਤੇ ਉਥਲ ਪੁਥਲ ਕਾਰਨ ਸੋਮਵਾਰ ਨੂੰ ਰੁਪਿਆ 38 ਪੈਸੇ ਡਿੱਗ ਕੇ 85.82 ਪ੍ਰਤੀ ਡਾਲਰ 'ਤੇ ਬੰਦ ਹੋਇਆ। ਵਿਦੇਸ਼ੀ ਕਰੰਸੀ ਵਪਾਰੀਆਂ ਨੇ ਕਿਹਾ ਕਿ ਕੱਚੇ ਤੇਲ ਦੀਆਂ ਕੀਮਤਾਂ 'ਚ ਭਾਰੀ ਗਿਰਾਵਟ ਤੇ ਕਮਜ਼ੋਰ ਅਮਰੀਕੀ ਕਰੰਸੀ ਘਰੇਲੂ ਕਰੰਸੀ 'ਚ ਗਿਰਾਵਟ ਨੂੰ ਰੋਕਣ 'ਚ ਨਾਕਾਮ ਰਹੀ। ਅੰਤਰਬੈਂਕ ਵਿਦੇਸ਼ੀ ਕਰੰਸੀ ਰੈਗੂਲੇਸ਼ਨ ਬਾਜ਼ਾਰ 'ਚ ਰੁਪਿਆ 85.79 'ਤੋਂ ਖੁੱਲ੍ਹਿਆ ਤੇ ਦਿਨ ਦੌਰਾਨ ਡਾਲਰ ਦੇ ਮੁਕਾਬਲੇ 85.90 ਦੇ ਹੇਠਲੇ ਪੱਧਰ 'ਚ ਝੂਲਦਾ ਰਿਹਾ। ਸੈਸ਼ਨ ਦੇ ਅਖੀਰ 'ਚ ਡਾਲਰ ਦੇ ਮੁਕਾਬਲੇ ਰੁਪਇਆ 85.82 'ਤੇ ਬੰਦ ਹੋਇਆ। ਇਸ ਤੋਂ ਪਹਿਲਾਂ ਰੁਪਏ 'ਚ 25 ਫਰਵਰੀ ਨੂੰ ਇੰਨੀ ਵੱਡੀ ਗਿਰਾਵਟ ਦੇਖੀ ਗਈ ਸੀ।

# ਗੈਸ ਸਿਲੰਡਰ 50 ਰੁਪਏ ਹੋਰ ਮਹਿੰਗਾ ਹੋਇਆ

**ਨਵੀਂ ਦਿੱਲੀ:** ਦੇਸ਼ 'ਚ ਮੰਗਲਵਾਰ ਤੋਂ ਰਸੋਈ ਗੈਸ ਸਿਲੰਡਰ 50 ਰੁਪਏ ਮਹਿੰਗਾ ਹੋ ਜਾਵੇਗਾ। ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰਾਲੇ ਵੱਲੋਂ ਸੋਮਵਾਰ ਨੂੰ ਕਿਹਾ ਗਿਆ ਕਿ ਇਕ ਦਿਨ ਬਾਅਦ ਤੋਂ ਉਜਵਲਾ ਯੋਜਨਾ ਦੇ ਤਹਿਤ 142 ਕਿਲੋਗ੍ਰਾਮ ਦੇ ਗੈਸ ਸਿਲੰਡਰ ਦੀ ਕੀਮਤ 500 ਰੁਪਏ ਤੋਂ ਵਧਾ ਕੇ 550 ਰੁਪਏ ਤੇ ਗੈਰ ਉਜਵਲਾ ਕੁਨੈਕਸ਼ਨ ਦੇ ਤਹਿਤ ਗੈਸ ਸਿਲੰਡਰ ਦੀ ਕੀਮਤ 803 ਰੁਪਏ ਤੋਂ ਵਧਾ ਕੇ 853 ਰੁਪਏ ਕਰ ਦਿੱਤੀ ਜਾਵੇਗੀ। ਇਸਦੇ ਨਾਲ ਹੀ ਸਰਕਾਰ ਨੇ ਪੈਟਰੋਲ ਤੇ ਡੀਜ਼ਲ 'ਤੇ ਐਕਸਾਈਜ਼ ਡਿਊਟੀ ਦੀ ਦਰ 'ਚ ਦੋ ਰੁਪਏ ਪ੍ਰਤੀ ਲੀਟਰ ਦਾ ਵਾਧਾ ਵੀ ਕਰ ਦਿੱਤਾ ਹੈ ਪਰ ਇਸ ਨਾਲ ਇਨ੍ਹਾਂ ਦੀਆਂ ਪਰਚੂਨ ਕੀਮਤਾਂ 'ਚ ਕੋਈ ਵਾਧਾ ਨਹੀਂ ਹੋਵੇਗਾ ਕਿਉਂਕਿ ਤੇਲ ਕੰਪਨੀਆਂ ਨੇ ਇਸਦੀ ਐਡਜਸਟਮੈਂਟ ਆਪਣੀ ਲਾਗਤ 'ਚ ਕਰਨ ਦਾ ਫ਼ੈਸਲਾ ਕੀਤਾ ਹੈ।




## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਭਾਸ਼ਾ ਵਿਵਾਦ: ਮੋਦੀ ਨੇ ਸਟਾਲਿਨ ਸਰਕਾਰ 'ਤੇ ਕੱਸਿਆ ਤਨਜ਼

**ਰਾਮੇਸ਼ਵਰਮ:** ਤ੍ਰੈਭਾਸ਼ਾ ਨਾਲ ਜੁੜੇ ਵਿਵਾਦ ਵਿਚਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਤਾਮਿਲਨਾਡੂ ਦੀ ਸਟਾਲਿਨ ਸਰਕਾਰ 'ਤੇ ਤਿੱਖਾ ਤਨਜ਼ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕੋਲ ਚੇਨਈ ਤੋਂ ਰੋਜ਼ਾਨਾ ਕਈ ਚਿੱਠੀਆਂ ਆਉਂਦੀਆਂ ਹਨ ਪਰ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ 'ਤੇ ਤਾਮਿਲਨਾਡੂ ਦੇ ਨੇਤਾ ਹਸਤਾਖਰ ਵੀ ਤਮਿਲ ਵਿਚ ਨਹੀਂ ਕਰਦੇ। ਪ੍ਰਧਾਨ ਮੰਤਰੀ ਨੇ ਗੁਜ਼ਾਰਿਸ਼ ਕੀਤੀ ਕਿ ਘੱਟ ਤੋਂ ਘੱਟ ਹਸਤਾਖਰ ਤਾਂ ਤਮਿਲ ਵਿਚ ਕਰੋ।

ਮੋਦੀ ਨੇ ਤਾਮਿਲਨਾਡੂ ਦੇ ਰਾਮੇਸ਼ਵਰ ਵਿਚ 700 ਕਰੋੜ ਦੀ ਲਾਗਤ ਨਾਲ ਬਣੇ ਏਸ਼ੀਆ ਦੇ ਪਹਿਲੇ ਪੰਬਨ ਵਰਟੀਕਲ ਸੀ ਬ੍ਰਿਜ ਦਾ ਉਦਘਾਟਨ ਕੀਤਾ ਅਤੇ ਰਾਮੇਸ਼ਵਰ-ਤਾਂਬਰਮ (ਚੇਨਈ) ਨਵੀਂ ਟ੍ਰੇਨ ਸੇਵਾ ਨੂੰ ਹਰੀ ਝੰਡੀ ਦਿੱਤੀ। ਉਨ੍ਹਾਂ ਇਕ ਕੋਸਟ ਗਾਰਡ ਜਹਾਜ਼ ਨੂੰ ਵੀ ਹਰੀ ਝੰਡੀ ਦਿਖਾਈ, ਜਿਹੜਾ ਪੁਲ ਦੇ ਹੇਠਾਂ ਤੋਂ ਲੰਘਿਆ। ਰਾਮਨੌਮੀ ਦੇ ਦਿਨ ਇਸ ਪ੍ਰੋਗਰਾਮ ਦੌਰਾਨ ਉਨ੍ਹਾਂ ਅਯੁੱਧਿਆ ਤੋਂ ਰਾਮੇਸ਼ਵਰਮ ਤੱਕ, ਉੱਤਰ ਤੋਂ ਦੱਖਣ ਤੱਕ ਇਕ ਭਾਰਤ ਦੀ ਪਛਾਣ ਨੂੰ ਭਗਵਾਨ ਸ੍ਰੀਰਾਮ ਨਾਲ ਜੋੜਿਆ। ਕਿਹਾ ਕਿ ਕੁਝ ਘੰਟੇ ਪਹਿਲਾਂ ਹੀ ਅਯੁੱਧਿਆ ਦੇ ਸ਼ਾਨਦਾਰ ਮੰਦਰ ਵਿਚ ਸੂਰਜ ਦੀਆਂ ਕਿਰਨਾਂ ਨੇ ਸ੍ਰੀਰਾਮ ਦਾ ਤਿਲਕ ਕੀਤਾ ਹੈ। ਉਨ੍ਹਾਂ ਜਨ-ਸਮੂਹ ਤੋਂ ਜੈ ਸ੍ਰੀਰਾਮ ਦੇ ਨਾਅਰੇ ਵੀ ਲਗਵਾਏ।

ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਸੰਬੋਧਨ ਵਿਚ ਕਿਹਾ, ਤਮਿਲ ਭਾਸ਼ਾ ਤੇ ਤਮਿਲ ਵਿਰਾਸਤ ਦੁਨੀਆ ਦੇ ਹਰ ਕੋਨੇ ਤੱਕ ਪਹੁੰਚੇ, ਇਸਦੇ ਲਈ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ। ਕਦੀ-ਕਦੀ ਮੈਨੂੰ ਹੈਰਾਨੀ ਹੁੰਦੀ ਹੈ ਜਦੋਂ ਮੈਨੂੰ ਤਾਮਿਲਨਾਡੂ ਦੇ ਕੁਝ ਆਗੂਆਂ ਦੀਆਂ ਚਿੱਠੀਆਂ ਮਿਲਦੀਆਂ ਹਨ, ਉਨ੍ਹਾਂ ਵਿਚੋਂ ਕਿਸੇ 'ਤੇ ਵੀ ਤਮਿਲ ਭਾਸ਼ਾ ਵਿਚ ਹਸਤਾਖਰ ਨਹੀਂ ਹੁੰਦੇ। ਜੇਕਰ ਤੁਹਾਨੂੰ ਤਮਿਲ 'ਤੇ ਮਾਣ ਹੈ ਤਾਂ ਮੈਂ ਸਾਰਿਆਂ ਨੂੰ ਬੇਨਤੀ ਕਰਾਂਗਾ ਕਿ ਘੱਟ ਤੋਂ ਘੱਟ ਆਪਣੇ ਹਸਤਾਖਰ ਤਾਂ ਤਮਿਲ ਵਿਚ ਕਰੋ। ਉਨ੍ਹਾਂ ਸਟਾਲਿਨ ਸਰਕਾਰ ਨੂੰ ਗੁਜ਼ਾਰਿਸ਼ ਕੀਤੀ ਕਿ ਤਾਮਿਲਨਾਡੂ ਵਿਚ ਮੈਡੀਕਲ ਦੀ ਪੜ੍ਹਾਈ ਸਥਾਨਕ ਤਮਿਲ ਭਾਸ਼ਾ ਵਿਚ ਕਰਵਾਉਣ ਦਾ ਪ੍ਰਬੰਧ ਹੋਣਾ ਚਾਹੀਦਾ ਤਾਂ ਕਿ ਅੰਗਰੇਜ਼ੀ ਨਾ ਜਾਣਨ ਵਾਲੇ ਗ਼ਰੀਬ ਬੱਚਿਆਂ ਨੂੰ ਵੀ ਡਾਕਟਰ ਬਣਨ ਵਿਚ ਸਹੂਲਤ ਹੋਵੇ।



ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੀ ਯੂਪੀਏ ਸਰਕਾਰ ਦੀ ਤੁਲਨਾ ਵਿਚ ਇਕ ਦਹਾਕੇ 'ਚ ਤਾਮਿਲਨਾਡੂ ਦੇ ਵਿਕਾਸ ਲਈ ਤਿੰਨ ਗੁਣਾ ਵੱਧ ਪੈਸਾ ਦਿੱਤਾ ਗਿਆ ਹੈ। ਤਾਮਿਲਨਾਡੂ ਦਾ ਬੁਨਿਆਦੀ ਢਾਂਚਾ ਸਰਕਾਰ ਦੀ ਸਰਬਉੱਚ ਤਰਜੀਹ ਹੈ। ਪਿਛਲੇ ਇਕ ਦਹਾਕੇ ਵਿਚ ਸੂਬੇ ਦੇ ਰੇਲ ਬਜਟ ਵਿਚ ਸੱਤ ਗੁਣਾ ਤੋਂ ਵੀ ਵੱਧ ਦਾ ਵਾਧਾ ਹੋਇਆ ਹੈ। ਇਸ ਮਹੱਤਵਪੂਰਨ ਵਾਧੇ ਦੇ ਬਾਵਜੂਦ ਕੁਝ ਲੋਕ ਬਿਨਾਂ ਕਿਸੇ ਵਜ੍ਹਾ ਦੇ ਸ਼ਿਕਾਇਤ ਕਰਦੇ ਰਹਿੰਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਤਾਮਿਲਨਾਡੂ ਦੇ ਲੋਕਾਂ ਦੀ ਸੁਰੱਖਿਆ ਤੇ ਕਲਿਆਣ ਸਰਕਾਰ ਦੀ ਸਰਬਉੱਚ ਤਰਜੀਹ ਹੈ ਅਤੇ ਸਰਕਾਰ ਦੇ ਯਤਨਾਂ ਨਾਲ ਪਿਛਲੇ ਦਹਾਕੇ ਵਿਚ 3,700 ਤੋਂ ਵੱਧ ਮਛੇਰਿਆਂ ਨੂੰ ਸ੍ਰੀਲੰਕਾ ਤੋਂ ਵਾਪਸ ਲਿਆਂਦਾ ਗਿਆ ਹੈ। ਇਨ੍ਹਾਂ ਵਿਚੋਂ 600 ਤੋਂ ਵੱਧ ਮਛੇਰਿਆਂ ਨੂੰ ਪਿਛਲੇ ਸਾਲ ਮੁਕਤ ਕਰਵਾਇਆ ਗਿਆ ਹੈ। ਮੋਦੀ ਨੇ ਪੰਬਨ ਬ੍ਰਿਜ ਨੂੰ ਤਕਨੀਕ ਤੇ ਵਿਰਾਸਤ ਦਾ ਸੰਗਮ ਦੱਸਣ ਦੇ ਨਾਲ-ਨਾਲ ਇਸ ਨਾਲ ਜੁੜੇ ਤਿੰਨ ਸੰਜੋਗ ਵੀ ਦੱਸੇ। ਉਨ੍ਹਾਂ ਕਿਹਾ ਕਿ ਰਾਮਨੌਮੀ ਮੌਕੇ ਰਾਮੇਸ਼ਵਰਮ ਵਿਚ ਪੰਬਨ ਬ੍ਰਿਜ ਦੇ ਉਦਘਾਟਨ ਦੇ ਨਾਲ-ਨਾਲ ਭਾਜਪਾ ਦਾ ਸਥਾਪਨਾ ਦਿਵਸ ਵੀ ਹੈ। ਮੋਦੀ ਨੇ ਕਿਹਾ, ਇਹ ਮੇਰੇ ਲਈ ਭਾਵੁਕ ਪਲ ਹਨ। ਮਜ਼ਬੂਤ, ਖ਼ੁਸ਼ਹਾਲ ਤੇ ਵਿਕਸਿਤ ਭਾਰਤ ਦੇ ਜਿਸ ਟੀਚੇ ਨੂੰ ਲੈ ਕੇ ਚੱਲ ਰਹੇ ਹਾਂ, ਉਸ ਵਿਚ ਭਾਜਪਾ ਕਾਰਕੁੰਨਾਂ ਦੀ ਮਿਹਨਤ ਸ਼ਾਮਲ ਹੈ ਅਤੇ ਕਈ ਪੀੜੀਆਂ ਖਪ ਗਈਆਂ ਹਨ।

ਪੰਬਨ ਬ੍ਰਿਜ ਦੀ ਵਿਸ਼ੇਸ਼ਤਾ ਤੇ ਜ਼ਰੂਰਤ ਦੱਸਦੇ ਹੋਏ ਮੋਦੀ ਨੇ ਕਿਹਾ ਕਿ ਰਾਮੇਸ਼ਵਰਮ ਨੂੰ ਮੁੱਖ ਭੂਮੀ ਨਾਲ ਜੋੜਨ ਵਾਲਾ ਇਹ ਪੁਲ ਕੌਮਾਂਤਰੀ ਮੰਚ 'ਤੇ ਭਾਰਤੀ ਇੰਜੀਨੀਅਰਿੰਗ ਦੀ ਵੱਡੀ ਉਪਲਬਧੀ ਹੈ। ਇਸ ਦੇ ਹੇਠਾਂ ਤੋਂ ਵੱਡੇ ਜਹਾਜ਼ ਵੀ ਸੌਖ ਨਾਲ ਲੰਘ ਸਕਣਗੇ। ਟ੍ਰੇਨਾਂ ਤੇਜ਼ੀ ਨਾਲ ਦੌੜਣਗੀਆਂ। ਨਵੀਂ ਟ੍ਰੇਨ ਸੇਵਾ ਰਾਮੇਸ਼ਵਰ ਨੂੰ ਚੇਨਈ ਦੇ ਨਾਲ ਦੇਸ਼ ਦੇ ਹੋਰ ਹਿੱਸਿਆਂ ਨਾਲ ਵੀ ਜੋੜਨਗੀਆਂ। ਇਸ ਨਾਲ ਤਾਮਿਲਨਾਡੂ ਵਿਚ ਵਪਾਰ-ਰੁਜ਼ਗਾਰ ਤੇ ਸੈਰ-ਸਪਾਟੇ 'ਚ ਵਾਧਾ ਹੋਵੇਗਾ। ਮੋਦੀ ਨੇ ਦਾਅਵਾ ਕੀਤਾ ਕਿ ਸ਼ਾਨਦਾਰ ਆਧੁਨਿਕ ਮੁੱਢਲੇ ਢਾਂਚੇ ਦੇ ਤੇਜ਼ ਵਿਕਾਸ ਦੇ ਚੱਲਦੇ ਪਿਛਲੇ ਦਸ ਸਾਲਾਂ ਵਿਚ ਭਾਰਤ ਦੀ ਅਰਥ ਵਿਵਸਥਾ ਦੁੱਗਣੀ ਵਧੀ ਹੈ। ਨਿਰਮਾਣ ਕਾਰਜ ਵੱਡੇ ਪੈਮਾਨੇ 'ਤੇ ਚੱਲ ਰਹੇ ਹਨ। ਦੱਖਣ ਵਿਚ ਪੰਬਨ ਬ੍ਰਿਜ ਤੋਂ ਇਲਾਵਾ ਜੰਮੂ-ਕਸ਼ਮੀਰ ਵਿਚ ਵਿਸ਼ਵ ਦੇ ਸਭ ਤੋਂ ਉੱਚੇ ਰੇਲ ਪੁਲਾਂ ਵਿਚੋਂ ਇਕ ਚਿਨਾਬ ਬ੍ਰਿਜ ਦਾ ਨਿਰਮਾਣ ਹੋਇਆ ਹੈ।

ਮੁੰਬਈ ਵਿਚ ਦੇਸ਼ ਦਾ ਸਭ ਤੋਂ ਲੰਬਾ ਸਮੁੰਦਰੀ ਪੁਲ ਅਟਲ ਸੇਤੂ ਅਤੇ ਅਸਾਮ ਵਿਚ ਬੋਗੀਬੀਲ ਬ੍ਰਿਜ ਦਾ ਨਿਰਮਾਣ ਹੋਇਆ ਹੈ। ਪ੍ਰੋਗਰਾਮ ਵਿਚ ਤਾਮਿਲਨਾਡੂ ਦੇ ਰਾਜਪਾਲ ਆਰਐੱਨ ਰਵੀ, ਕੇਂਦਰੀ ਮੰਤਰੀ ਅਸ਼ਵਨੀ ਵੈਸ਼ਣਵ, ਕੇਂਦਰੀ ਰਾਜ ਮੰਤਰੀ ਐੱਲ. ਮੁਰੂਗਨ ਸਣੇ ਹੋਰ ਲੋਕ ਵੀ ਮੌਜੂਦ ਸਨ। ਪ੍ਰਧਾਨ ਮੰਤਰੀ ਸ੍ਰੀਲੰਕਾ ਦੀ ਆਪਣੀ ਯਾਤਰਾ ਸਮਾਪਤ ਕਰਨ ਤੋਂ ਬਾਅਦ ਸਿੱਧੇ ਤਾਮਿਲਨਾਡੂ ਪੁੱਜੇ ਸਨ।

ਪ੍ਰਧਾਨ ਮੰਤਰੀ ਨੇ ਐਤਵਾਰ ਨੂੰ ਪ੍ਰਸਿੱਧ ਰਾਮਨਾਥ ਸਵਾਮੀ ਮੰਦਰ ਵਿਚ ਪੂਜਨ ਵੀ ਕੀਤਾ। ਲਗਪਗ ਇਕ ਸਾਲ ਦੇ ਸਮੇਂ ਵਿਚ ਪ੍ਰਧਾਨ ਮੰਤਰੀ ਦੂਜੀ ਵਾਰ ਇਸ ਮੰਦਰ 'ਚ ਪੁੱਜੇ। ਇਸ ਤੋਂ ਪਹਿਲਾਂ ਉਨ੍ਹਾਂ ਪਿਛਲੇ ਸਾਲ ਅਯੁੱਧਿਆ ਸਥਿਤ ਰਾਮ ਮੰਦਰ ਵਿਚ ਪ੍ਰਾਣ ਪ੍ਰਤਿਸ਼ਠਾ ਤੋਂ ਪਹਿਲਾਂ ਇੱਥੇ ਆ ਕੇ ਪੂਜਨ ਕੀਤਾ ਸੀ।

### ਭਾਜਪਾ ਆਗੂ ਦੇ ਘਰ 'ਤੇ ਗ੍ਰਨੇਡ ਹਮਲਾ

## ਪੰਜਾਬ ਪੁਲਿਸ ਨੇ ਮਹਿਜ਼ 12 ਘੰਟਿਆਂ 'ਚ ਸੁਲਝਾਇਆ ਮਾਮਲਾ

### ਦੋ ਗ੍ਰਿਫ਼ਤਾਰ, ਪਾਕਿ-ਆਈ.ਐਸ.ਆਈ. ਸਮਰਥਿਤ ਅੱਤਵਾਦੀ ਮਾਡਿਊਲ ਸਾਜ਼ਿਸ਼ਕਰਤਾ

**ਜਲੰਧਰ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਪੁਲਿਸ ਨੇ ਪਾਕਿ-ਆਈਐਸਆਈ ਸਮਰਥਿਤ ਅੱਤਵਾਦੀ ਮਾਡਿਊਲ ਵੱਲੋਂ, ਘੜੀ ਸਾਜ਼ਿਸ਼ ਤਹਿਤ ਭਾਜਪਾ ਨੇਤਾ ਦੇ ਘਰ 'ਤੇ ਕੀਤੇ ਹੈਂਡ ਗ੍ਰਨੇਡ ਹਮਲੇ ਦੇ ਮਾਮਲੇ ਨੂੰ ਸੁਲਝਾਉਂਦਿਆਂ ਦੋ ਮੁਲਜ਼ਮਾਂ ਮਹਿਜ਼ 12 ਘੰਟਿਆਂ ਤੋਂ ਵੀ ਘੱਟ ਸਮੇਂ ਗ੍ਰਿਫਤਾਰ ਕਰਕੇ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਇਹ ਜਾਣਕਾਰੀ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਮੰਗਲਵਾਰ ਨੂੰ ਇੱਥੇ ਦਿੱਤੀ।

ਸਪੈਸ਼ਲ ਡੀਜੀਪੀ ਨੇ ਕਿਹਾ, "ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ ਦੀ ਆਈ.ਐਸ.ਆਈ. ਵੱਲੋਂ ਪੰਜਾਬ ਵਿੱਚ ਫਿਰਕੂ ਸਦਭਾਵਨਾ ਨੂੰ ਢਾਹ ਲਾਉਣ ਲਈ ਵੱਡੀ ਸਾਜ਼ਿਸ਼ ਰਚੀ ਗਈ ਸੀ। ਇਸ ਸਾਜ਼ਿਸ਼ ਦਾ ਮਾਸਟਰਮਾਈਂਡ ਜ਼ੀਸ਼ਾਨ ਅਖਤਰ ਸੀ, ਜੋ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਪਾਕਿਸਤਾਨ ਸਥਿਤ ਆਈਐਸਆਈ-ਸਮਰਥਿਤ ਗੈਂਗਸਟਰ ਸ਼ਹਿਜ਼ਾਦ ਭੱਟੀ ਦਾ ਨਜ਼ਦੀਕੀ ਸਾਥੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੁਲਜ਼ਮਾਂ ਦੇ ਪਾਕਿਸਤਾਨ ਸਥਿਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਮਾਸਟਰਮਾਈਂਡ ਹਰਵਿੰਦਰ ਸਿੰਘ ਉਰਫ਼ ਰਿੰਦਾ ਅਤੇ ਗੈਂਗਸਟਰ ਹੈਪੀ ਪਾਸੀਆਂ ਨਾਲ ਵੀ ਸਬੰਧਾਂ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।



ਸਪੈਸ਼ਲ ਡੀ. ਜੀ. ਪੀ. ਅਰਪਿਤ ਸ਼ੁਕਲਾ, ਜਿਹਨਾਂ ਨਾਲ ਆਈਜੀਪੀ ਹੈੱਡਕੁਆਰਟਰ ਡਾ. ਸੁਖਚੈਨ ਸਿੰਘ ਗਿੱਲ ਵੀ ਮੌਜੂਦ ਸਨ, ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੁਲਿਸ ਟੀਮਾਂ ਨੇ ਇਸ ਅਪਰਾਧ ਨੂੰ ਅੰਜਾਮ ਦੇਣ ਲਈ ਦੋਸ਼ੀਆਂ ਵੱਲੋਂ ਵਰਤਿਆ ਈ-ਰਿਕਸ਼ਾ ਵੀ ਬਰਾਮਦ ਕੀਤਾ ਹੈ। ਪ੍ਰਾਪਤ ਹੋਈ ਜਾਣਕਾਰੀ ਮੁਤਾਬਿਕ ਸੋਮਵਾਰ ਅਤੇ ਮੰਗਲਵਾਰ ਦੀ ਦਰਮਿਆਨੀ ਰਾਤ ਨੂੰ ਸੈਂਟਰਲ ਟਾਊਨ ਜਲੰਧਰ ਸਥਿਤ ਸੀਨੀਅਰ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ ਧਮਾਕਾ ਹੋਇਆ ਸੀ। ਜਲੰਧਰ ਕਮਿਸ਼ਨਰੇਟ ਦੀਆਂ ਪੁਲਿਸ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ ਅਤੇ ਫੋਰੈਂਸਿਕ ਟੀਮ ਵੱਲੋਂ ਮੌਕਾ-ਏ- ਵਾਰਦਾਤ ਤੋਂ ਨਮੂਨੇ ਅਤੇ ਸਬੰਧਿਤ ਸਬੂਤ ਇਕੱਠੇ ਕਰ ਲਏ ਗਏ।

(ਪਹਿਲੇ ਸਫ਼ੇ ਦਾ ਬਾਕੀ)

ਚੀਮਾ ਅਨੁਸਾਰ 500 ਤੋਂ ਵੱਧ ਡੈਲੀਗੇਟ ਚੋਣ ਪ੍ਰਕਿਰਿਆ ਵਿਚ ਹਿੱਸਾ ਲੈ ਸਕਦੇ ਹਨ। ਹਰੇਕ ਵਿਧਾਨ ਸਭਾ ਹਲਕੇ ਵਿਚ ਚਾਰ ਡੈਲੀਗੇਟ ਬਣਾਏ ਗਏ ਹਨ। ਇਸ ਤਰ੍ਹਾਂ 468 ਡੈਲੀਗੇਟ ਬਣਦੇ ਹਨ। ਜਦਕਿ ਦੂਜੇ ਰਾਜਾਂ ਵਿਚੋਂ ਕੁਝ ਡੈਲੀਗੇਟ ਚੋਣ ਪ੍ਰਕਿਰਿਆ ਵਿਚ ਹਿੱਸਾ ਲੈਣਗੇ। ਚਰਚਾ ਹੈ ਕਿ ਸੁਖਬੀਰ ਬਾਦਲ ਨੂੰ ਸਰਬਸੰਮਤੀ ਨਾਲ 'ਦੁਬਾਰਾ ਪ੍ਰਧਾਨ ਚੁਣ ਲਿਆ ਜਾਵੇਗਾ। ਇਸ ਸਮੇਂ ਪਾਰਟੀ ਦੇ ਅੰਦਰ ਜਾਂ ਡੈਲੀਗੇਟ ਵਿਚੋਂ ਉਨ੍ਹਾਂ ਨੂੰ ਕੋਈ ਚੁਣੌਤੀ ਦੇਣ ਵਾਲਾ ਨਹੀਂ ਹੈ। ਵਰਨਣਯੋਗ ਹੈ ਕਿ ਸੁਖਬੀਰ ਬਾਦਲ ਨੇ 16 ਨਵੰਬਰ 2024 ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਵਰਕਿੰਗ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਬਾਅ ਹੇਠ 10 ਜਨਵਰੀ ਨੂੰ ਅਸਤੀਫਾ ਸਵੀਕਾਰ ਕੀਤਾ ਸੀ।

# ਸ਼ੁਰੂ ਹੁੰਦਿਆਂ ਹੀ ਵਿਵਾਦਾਂ ਵਿਚ ਘਿਰੀ 'ਸਿੱਖਿਆ ਕ੍ਰਾਂਤੀ

### ਸਾਬਕਾ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਬੁਖਲਾਏ

**ਪਟਿਆਲਾ:** "ਕਿੰਨੇ ਬੱਚੇ ਗੈਰ-ਹਾਜ਼ਰ ਐ, ਕਿੰਨੇ ਟੀਚਰ ਗੈਰ ਹਾਜ਼ਰ ਐ, ਬਿਲਕੁੱਲ ਫੇਲ੍ਹ ਪ੍ਰੋਗਰਾਮ ਹੈ ਤੁਹਾਡਾ। ਗੱਲਾਂ ਕਰਦੇ ਵੱਡੀਆਂ ਵੱਡੀਆਂ, ਥੋੜੀ ਬੱਚਿਆਂ 'ਤੇ ਪਕੜ ਹੀ ਨਹੀਂ, ਬੱਚੇ ਐਂ ਫਿਰਦੇ ਜਿਵੇਂ ਸਰਾਂ ਵਿਚ ਤੁਰੇ ਫਿਰਦੇ ਨੇ। ਇਹ ਸਕੂਲ ਥੋੜ੍ਹੀ ਹੈ, ਸਕੂਲ ਵਾਲੀ ਗੱਲ ਹੀ ਨਹੀਂ ਹੈ, ਸਾਰੇ ਟੀਚਰਾਂ ਦੀ ਸ਼ਿਕਾਇਤ ਅੱਜ ਹੀ ਸੀ.ਐੱਮ. ਸਾਬ ਨੂੰ ਅਤੇ ਐਜੂਕੇਸ਼ਨ ਮਨਿਸਟਰ ਨੂੰ ਲਿਖ ਕੇ ਭੇਜਾਂਗਾ। ਕੋਈ ਸਿਸਟਮ ਵਧੀਆ ਨਹੀਂ ਹੈ, ਐਨੇ ਪੈਸੇ ਸਰਕਾਰ ਲਾ ਰਹੀ ਹੈ, ਤੁਹਾਡਾ ਕੋਈ ਕਹਿਣਾ ਨਹੀਂ ਮੰਨਦਾ, ਤੁਸੀਂ 50 ਕੁਰਸੀਆਂ ਨਹੀਂ ਲਗਾ ਸਕੇ, ਹੋਰ ਕੀ ਕਰੋਗੇ ਤੁਸੀਂ।" ਇਹ ਗੱਲਾਂ ਸਮਾਣਾ ਤੋਂ ਵਿਧਾਇਕ ਤੇ ਸਾਬਕਾ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸਰਕਾਰੀ ਸਕੂਲ ਵਿਚ ਸਿੱਖਿਆ ਕ੍ਰਾਂਤੀ ਤਹਿਤ ਕਰਵਾਏ ਸਮਾਗਮ ਦੌਰਾਨ ਸਟੇਜ ਤੋਂ ਅਧਿਆਪਕਾਂ ਲਈ ਕਹੀਆਂ।

ਜਾਣਕਾਰੀ ਅਨੁਸਾਰ "ਪੰਜਾਬ ਸਿੱਖਿਆ ਕ੍ਰਾਂਤੀ: ਤਹਿਤ ਸਮਾਣਾ ਦੇ ਸ਼ਹੀਦ ਫਲਾਇਟ ਲੈਫਟੀਨੈਂਟ ਮੋਹਿਤ ਕੁਮਾਰ ਗਰਗ ਸਕੂਲ ਆਫ ਐਮੀਨੈਂਸ 'ਚ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਵਿਧਾਇਕ ਚੇਤਨ ਸਿੰਘ ਜੌੜਮਾਜਰਾ ਵਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਸਕੂਲ ਦੀ ਚਾਰਦੀਵਾਰੀ ਦੀ ਉਸਾਰੀ ਮੁਕੰਮਲ ਹੋਣ ਉਪਰੰਤ ਇਸ ਨੂੰ ਲੋਕ ਅਰਪਿਤ ਕੀਤਾ ਗਿਆ। ਇਸ ਦੌਰਾਨ ਸਟੇਜ 'ਤੇ ਇਕ ਅਧਿਆਕ ਨੇ ਮੁੱਖ ਮਹਿਮਾਨ ਦੀ ਸ਼ਾਨ 'ਚ ਸ਼ਬਦ ਬੋਲਦਿਆਂ ਸੰਬੋਧਨ ਕਰਨ ਦੀ ਅਪੀਲ ਕੀਤੀ। ਸਟੇਜ 'ਤੇ ਮਾਈਕ ਫੜਦਿਆਂ ਵਿਧਾਇਕ ਚੇਤਨ ਸਿੰਘ ਜੌੜਾਮਜਰਾ ਭੜਕ ਗਏ ਤੇ ਵਿਦਿਆਰਥੀਆਂ ਸਾਹਮਣੇ ਅਧਿਆਪਕਾਂ ਦੀ ਹੀ ਕਲਾਸ ਲਾਉਣੀ ਸ਼ੁਰੂ ਕਰ ਦਿੱਤੀ।

ਸਮਾਗਮ ਲਈ ਲੱਗੇ ਪੰਡਾਲ ਵਿਚ ਬੱਚਿਆਂ ਨੂੰ ਬਾਹਰ ਜਾਂਦਿਆਂ ਦੇਖ ਵਿਧਾਇਕ ਭੜਕ ਗਏ ਤੇ ਬੱਚਿਆਂ ਨੂੰ ਅਧਿਆਪਕਾਂ ਦੇ ਕਹੇ ਵਿਚ ਨਾ ਹੋਣ ਅਤੇ ਅਧਿਆਪਕਾਂ ਦੀ ਬੱਚਿਆਂ 'ਤੇ ਕਮਾਂਡ ਨਾ ਹੋਣ ਦਾ ਕਹਿ ਦਿੱਤਾ। ਪੂਰੇ ਪ੍ਰਬੰਧ ਨਾ ਹੋਣ ਅਤੇ ਸਮਾਗਮ ਵਿਚ ਕੁਰਸੀਆਂ ਦੀ ਘਾਟ ਹੋਣ ਦੀ ਗੱਲ ਕਰਦਿਆਂ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਕੋਲ ਸਕੂਲ ਦੇ ਸਾਰੇ ਸਟਾਫ ਦੀ ਸ਼ਿਕਾਇਤ ਕਰਨ ਦੀ ਧਮਕੀ ਵੀ ਦੇ ਦਿੱਤੀ।ਇਸ ਮਾਮਲੇ ਬਾਰੇ ਸਕੂਲ ਦੀ ਪ੍ਰਿੰਸੀਪਲ ਹਰਜੋਤ ਕੌਰ ਦਾ ਕਹਿਣਾ ਹੈ ਕਿ ਪ੍ਰੋਗਰਾਮ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਸਨ, ਟੈਂਟ ਤੇ ਕੁਰਸੀਆਂ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ ਸੀ। ਵਿਧਾਇਕ ਦੀ ਨਾਰਾਜ਼ਗੀ ਦੇ ਸਵਾਲ 'ਤੇ ਪ੍ਰਿੰਸੀਪਲ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ।



## ਡੀ.ਟੀ.ਐੱਫ. ਨੇ ਕਿਹਾ-ਮੁਆਫ਼ੀ ਮੰਗੇ ਵਿਧਾਇਕ

ਡੈਮੋਕਰੇਟਿਕ ਟੀਚਰ ਫਰੰਟ ਦੇ ਆਗੂ ਵਿਕਰਮ ਦੇਵ ਨੇ ਕਿਹਾ ਕਿ ਜਥੇਬੰਦੀ ਪਹਿਲਾਂ ਹੀ ਸਕੂਲਾਂ ਵਿਚ ਸਿਆਸੀ ਦਖਲ ਦਾ ਵਿਰੋਧ ਕਰ ਰਹੀ ਹੈ, ਇਸ ਨਾਲ ਵਿੱਦਿਅਕ ਮਾਹੌਲ ਖਰਾਬ ਹੋਣ ਦਾ ਅਨੁਮਾਨ ਵੀ ਪਹਿਲਾਂ ਹੀ ਲਗਾਇਆ ਗਿਆ ਸੀ। ਸਮਾਣਾ ਦੇ ਸਕੂਲ ਵਿਚ ਹੋਈ ਘਟਨਾ ਨੇ ਜਥੇਬੰਦੀ ਦੇ ਅਨੁਮਾਨ ਨੂੰ ਸਹੀ ਸਾਬਤ ਕਰ ਦਿੱਤਾ ਹੈ। ਵਿਧਾਇਕ ਚੇਤਨ ਸਿੰਘ ਵੱਲੋਂ ਸਕੂਲ ਵਿਚ ਅਧਿਆਪਕਾਂ ਨਾਲ ਕੀਤੀ ਬਦਸਲੂਕੀ ਨਿਖੇਧੀਯੋਗ ਹੈ ਤੇ ਵਿਧਾਇਕ ਨੂੰ ਸਾਰੇ ਅਧਿਆਪਕਾਂ ਤੋਂ ਮਾਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿਆਸੀ ਦਖਲ ਅਤੇ ਦਬਾਅ ਨਾਲ ਅਧਿਆਪਕਾਂ ਨੂੰ 'ਈਵੈਂਟ ਮੈਨੇਜਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਲਈ ਸਰਕਾਰ ਨੂੰ ਅਪੀਲ ਹੈ ਕਿ ਸਕੂਲਾਂ ਵਿਚ ਸਿਆਸੀ ਦਖਲ-ਅੰਦਾਜ਼ੀ ਬੰਦ ਕੀਤੀ ਜਾਵੇ ਅਤੇ ਸਕੂਲ ਸਿੱਖਿਆ ਸ਼ਾਸਤਰੀਆਂ ਨੂੰ ਹੀ ਸੌਂਪੇ ਜਾਣ।



# ਮਿਡਵੈਸਟ ਦੇ ਪੰਜਾਬੀਆਂ ਵਲੋਂ 'ਮਾਂ ਬੋਲੀ ਪੰਜਾਬੀ' ਨੂੰ ਸਿਜਦਾ

## ਕੌਮਾਂਤਰੀ ਮਾਂ ਬੋਲੀ ਦਿਹਾੜੇ 'ਤੇ ਚੱਲਿਆ ਰਚਨਾਵਾਂ ਦਾ ਦੌਰ; ਸੱਭਿਆਚਾਰਕ ਪੇਸ਼ਕਾਰੀਆਂ ਨੇ ਦਰਸ਼ਨ ਕੀਲੇ

**ਸ਼ਿਕਾਗੋ (ਅੰਮ੍ਰਿਤ ਪਾਲ ਕੌਰ):** ਵਿਦੇਸ਼ਾਂ ਵਿਚ ਰਹਿੰਦਿਆਂ ਮਾਂ ਬੋਲੀ ਪੰਜਾਬੀ ਅਤੇ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਤਾਂਘ ਪੰਜਾਬੀਆਂ 'ਚ ਹੋਰ ਵੀ ਵਧ ਜਾਂਦੀ ਹੈ। ਆਪਣੀ ਇਸੇ ਇੱਛਾ ਦੀ ਪੂਰਤੀ ਅਤੇ ਮਾਂ ਬੋਲੀ ਪੰਜਾਬੀ ਨੂੰ ਸਿਜਦਾ ਕਰਨ ਲਈ ਇਸ ਦੇ ਜਾਇਆਂ ਨੇ ਲੰਘੇ ਐਤਵਰ ਉਘੇ ਕਾਰੋਬਾਰੀ ਅਤੇ ਪ੍ਰਵਾਸੀ ਭਾਰਤੀ ਸਨਮਾਨ ਅਵਾਰਡੀ ਸ. ਦਰਸ਼ਨ ਸਿੰਘ ਧਾਲੀਵਾਲ ਦੀ ਅਗਵਾਈ ਹੇਠ 'ਕੌਮਾਂਤਰੀ ਮਾਂ ਬੋਲੀ ਦਿਹਾੜਾ' ਮਨਾਇਆ। ਸ਼ਾਮਬਰਗ ਦੇ ਨੈਸ਼ਨਲ ਇੰਡੀਆ ਹੱਬ ਦੇ ਖਚਾਖਚ ਭਰੇ ਹਾਲ ਵਿਚ ਪੰਜਾਬੀਆਂ ਦੀ ਭਾਰੀ ਸ਼ਮੂਲੀਅਤ ਤੋਂ ਹੀ ਇਸ ਪ੍ਰੋਗਰਾਮ ਦੀ ਸਫ਼ਲਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਸੀ। ਮਿੱਡਵੈਸਟ ਦੇ ਪੰਜਾਬੀ ਭਾਈਚਾਰੇ ਵਲੋਂ ਇਹ ਦਿਹਾੜਾ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਮਨਾਇਆ ਜਾ ਰਿਹਾ ਹੈ, ਜਿਸ ਦੀ ਸ਼ੁਰੂਆਤ ਸਾਬਕਾ ਕੌਂਸਲਰ ਸ. ਰਣਜੀਤ ਸਿੰਘ ਨੇ ਕੀਤੀ ਸੀ ਤੇ ਉਨ੍ਹਾਂ ਵਲੋਂ ਚਲਾਈ ਪਰੰਪਰਾ ਨੂੰ ਹੁਣ ਰਾਜ ਲਾਲੀ ਬਟਾਲਾ ਅਤੇ ਸ. ਹਰਜਿੰਦਰ ਸਿੰਘ ਖਹਿਰਾ ਨੇ ਬਾ-ਦਸਤੂਰ ਜਾਰੀ ਰੱਖਿਆ ਹੋਇਆ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਐਤਕੀਂ ਕੌਮਾਂਤਰੀ ਮਾਂ ਬੋਲੀ ਦਿਹਾੜੇ ਦੀ 25ਵੀਂ ਵਰ੍ਹੇਗੰਢ ਹੋਣ ਕਾਰਨ ਇਹ ਪ੍ਰੋਗਰਾਮ ਖਾਸ ਸੀ ਅਤੇ ਨਵੀਂ ਪੀੜ੍ਹੀ ਨੂੰ ਵੀ ਹਿੱਸਾ ਬਣਾਉਣਾ ਇਸ ਪ੍ਰੋਗਰਾਮ ਦਾ ਸਿਖਰ ਹੋ ਨਿੱਬੜਿਆ। ਸ਼ਾਮ 5:00 ਵਜੇ ਤੋਂ ਰਾਤ 8:00 ਵਜੇ ਤੱਕ ਚੱਲਿਆ ਇਹ ਪ੍ਰੋਗਰਾਮ ਕਵਿਤਾਵਾਂ, ਅਤੇ ਸੱਭਿਆਚਾਰਕ ਪ੍ਰੋਗਰਾਮ ਦਾ ਸੁਮੇਲ ਸੀ, ਜਿਸ ਦਾ ਪੰਜਾਬੀਆਂ ਤੋਂ ਇਲਾਵਾ ਹੋਰਨਾਂ ਭਾਈਚਾਰਿਆਂ ਦੇ ਲੋਕਾਂ ਨੇ ਵੀ ਰੱਜ ਕੇ ਅਨੰਦ ਮਾਣਿਆ।

ਪ੍ਰੋਗਰਾਮ ਦੇ ਮੁੱਖ ਮਹਿਮਾਨ ਕੌਂਸਲਰ ਸੋਮਨਾਥ ਘੋਸ਼ ਨੇ ਸਟੇਜ 'ਤੇ ਬੱਚਿਆਂ ਨੂੰ ਪੰਜਾਬੀ ਬੋਲਦੇ ਦੇਖ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਇਸ ਨੂੰ ਕੌਮਾਂਤਰੀ ਮਾਂ ਬੋਲੀ ਦਿਹਾੜੇ ਦੀ ਅਸਲ ਭਾਵਨਾ ਦੱਸਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬੀ ਅਤੇ ਬੰਗਾਲੀ ਸਮੇਤ ਕਈ ਖੇਤਰੀ ਭਾਸ਼ਾਵਾਂ ਵਿਸ਼ਵ ਆਰਥਿਕ ਅਤੇ ਡਿਜੀਟਲ ਤਾਕਤਾਂ ਕਾਰਨ ਦਬਾਅ ਹੇਠ ਹਨ। 'ਸਾਨੂੰ ਆਪਣੀਆਂ ਭਾਸ਼ਾਵਾਂ ਨੂੰ ਸੁਰੱਖਿਅਤ ਰੱਖਣ ਅਤੇ ਪ੍ਰਫੁੱਲਤ ਕਰਨ ਲਈ ਤਕਨਾਲੌਜੀ, ਖਾਸ ਤੌਰ 'ਤੇ ਏ.ਆਈ. ਦੀ ਵਰਤੋਂ ਕਰਨੀ ਚਾਹੀਦੀ ਹੈ।' ਉਨ੍ਹਾਂ ਭਾਈਚਾਰੇ ਨੂੰ ਖੇਤਰੀ ਪੰਜਾਬੀ ਸਮੱਗਰੀ ਵਿਕਸਿਤ ਕਰਨ ਅਤੇ ਇਸਨੂੰ ਔਨਲਾਈਨ ਪਹੁੰਚਯੋਗ ਬਣਾਉਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ "ਜੇ ਅਸੀਂ ਪਹਿਲ ਨਹੀਂ ਕਰਾਂਗੇ, ਤਾਂ ਕੋਈ ਹੋਰ ਨਹੀਂ ਕਰੇਗਾ।"

ਸਮਾਗਮ ਦੌਰਾਨ ਖਾਸ ਤੌਰ 'ਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਪਹੁੰਚੇ ਤੇ ਪੰਜਾਬੀ ਭਾਈਚਾਰੇ ਨੂੰ ਇਹ ਦਿਨ ਮਨਾਉਣ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਬੱਚਾ ਜਿੰਨਾ ਗਿਆਨ ਆਪਣੀ ਮਾਂ ਬੋਲੀ ਵਿਚ ਹਾਸਲ ਕਰ ਸਕਦਾ ਹੈ, ਹੋਰ ਕਿਸੇ ਬੋਲੀ ਵਿਚ ਨਹੀਂ ਕਰ ਸਕਦਾ। ਉਨ੍ਹਾਂ ਪੰਜਾਬ ਨੂੰ ਦੁਨੀਆ ਦਾ ਸਭ ਤੋਂ ਬਿਹਤਰੀਨ ਖਿੱਤਾ ਦੱਸਿਆ। ਬਾਬਾ ਦਲਜੀਤ ਸਿੰਘ ਨੇ ਭਾਸ਼ਾ ਦਿਵਸ ਦੀ ਵਧਾਈ ਦਿੰਦਿਆਂ ਪ੍ਰਬੰਧਕਾਂ ਨੂੰ ਪ੍ਰੋਗਰਾਮ ਨੂੰ ਅੱਗੇ ਵੀ ਜਾਰੀ ਰੱਖਣ ਦੀ ਸਲਾਹ ਦਿੱਤੀ ਤੇ ਘਰਾਂ ਵਿਚ ਪੰਜਾਬੀ ਬੋਲਣ ਦਾ ਸੱਦਾ ਦਿੱਤਾ। ਲੇਖਕਾਂ ਤੇ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਅਤੇ ਮਾਂ ਬੋਲੀ ਨਾਲ ਜੁੜੇ ਰਹਿਣ ਦਾ ਹੋਕਾ ਦਿੱਤਾ।

ਪ੍ਰੋਗਰਾਮ ਦਾ ਆਗਾਜ਼ ਕਨਵੀਨਰ ਰਾਜ ਲਾਲੀ ਬਟਾਲਾ ਨੇ ਹਾਜ਼ਰੀਨ ਨੂੰ ਜੀ ਆਇਆਂ ਆਖ ਕੇ ਕੀਤਾ ਤੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਸ. ਰਣਜੀਤ ਸਿੰਘ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਹਰੇਕ ਇਨਸਾਨ ਦੀਆਂ ਤਿੰਨ ਮਾਵਾਂ, ਜਨਮ ਦੇਣ ਵਾਲੀ ਮਾਂ, ਮਾਂ ਬੋਲੀ ਤੇ ਧਰਤੀ ਮਾਂ ਹੁੰਦੀਆਂ ਹਨ ਤੇ ਸਾਨੂੰ ਸਾਰਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਹਮੇਸ਼ਾ ਸਹਿਯੋਗ ਦੇਣ ਲਈ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਾਰੇ ਸਪਾਂਸਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਸਮਾਗਮ ਦੀ ਪਹਿਲੀ ਪੇਸ਼ਕਾਰੀ 'ਅਸ਼ਕੇ ਭੰਗੜਾ ਕਲੱਬ' ਨੇ ਕੋਚ ਨਵਜੋਧ ਸਿੰਘ ਬਾਜਵਾ ਦੀ ਅਗਵਾਈ ਹੇਠ ਮਾਂ ਬੋਲੀ ਨੂੰ ਸਮਰਪਿਤ ਗੀਤ 'ਤੇ ਭੰਗੜਾ ਪਾ ਕੇ ਕੀਤੀ। ਬੱਚਿਆਂ ਨੇ 'ਮੇਰੀ ਸਾਨ ਪੰਜਾਬੀ ਮੇਰੀ ਸ਼ਾਨ ਪੰਜਾਬੀ' ਗੀਤ 'ਤੇ ਜਦੋਂ ਭੰਗੜਾ ਪਾਇਆ ਤਾਂ ਸਾਰੇ ਅਸ਼-ਅਸ਼ ਕਰ ਉਠੇ। ਤਾੜੀਆਂ ਨਾਲ ਸਾਰਿਆਂ ਨੇ ਬੱਚਿਆਂ ਦੀ ਹੌਸਲਾ-ਅਫਜ਼ਾਈ ਕੀਤੀ।

ਅਗਲੇ ਸੈਸ਼ਨ ਦੀ ਸ਼ੁਰੂਆਤ ਕਰਦਿਆਂ ਰਾਜ ਲਾਲੀ ਬਟਾਲਾ ਨੇ ਡਾ. ਆਤਮਜੀਤ, ਰਵਿੰਦਰ ਸਿੰਘ ਸਹਿਰਾ, ਕਸ਼ਿਸ਼ ਹੁਸ਼ਿਆਰਪੁਰੀ, ਆਬਿਦ ਰਸ਼ੀਦ, ਤਾਹਿਰਾ ਰਿਦਾ, ਗੁਰਲੀਨ ਕੌਰ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਕਮਲੇਸ਼ ਕਪੂਰ ਨੇ ਸਟੇਜ ਦੀ ਕਾਰਵਾਈ ਅੱਗੇ ਤੋਰਦਿਆਂ ਪਹਿਲਾ ਸੱਦਾ ਅੰਮ੍ਰਿਤਪਾਲ ਕੌਰ ਨੂੰ ਦਿੱਤਾ, ਜਿਸ ਨੇ ਆਪਣੀ ਕਵਿਤਾ 'ਮਾਂ ਬੋਲੀ ਦਾ ਸਬਕ ਪੜ੍ਹਾ ਦੇ' ਨਾਲ ਵਾਹ-ਵਾਹ ਖੱਟੀ। ਤਾਹਿਰਾ ਰਿਦਾ ਨੇ 'ਕੋਈ ਰੁੱਸ ਰੁਸ ਜਾਂਦਾ ਹੈ ਤਾਂ ਜਾਣ ਦਿਓ', ਰਾਕਿੰਦ ਕੌਰ ਨੇ ਪ੍ਰੋਜੈਕਟਰ 'ਤੇ ਸਲਾਈਡ ਚਲਾਉਣ ਦੀ ਜ਼ਿੰਮੇਵਾਰੀ ਸੰਭਾਲਦਿਆਂ ਆਪਣੀ ਰਚਨਾ 'ਜਦ ਹਸਤੀ ਹੀ ਕਵਿਤਾ ਹੈ' ਅਤੇ 'ਬਾਪੂ ਦੇ ਕੰਨ ਵਿਚ ਬੇਬੇ ਵੜ ਗਈ' ਰਾਹੀਂ ਦਰਸ਼ਕਾਂ ਦੀਆਂ ਤਾੜੀਆਂ ਬਟੋਰੀਆਂ। ਲਹਿੰਦੇ ਪੰਜਾਬ ਦੇ ਸ਼ਾਇਰ ਆਬਿਦ ਰਸ਼ੀਦ ਨੇ 'ਹੁਣ ਕਿਹਨੂੰ ਕਿਹਨੂੰ ਜੀਅ ਕਰੀਏ', ਬਦਰ ਇਸਲਾਮ ਨੇ 'ਪਰਦੇਸ' ਬਾਰੇ ਗ਼ਜ਼ਲ 'ਬੂਹਾ ਢੋਅ ਲੈ ਮਾਏਂ ਨੀ', ਗੁਰਬਖਸ਼ ਸਿੰਘ ਰੰਧਾਵਾ ਨੇ 'ਕੁਝ ਨਜ਼ਰਾਂ ਦੀ ਛੋਹ ਇੰਜ ਹੁੰਦੀ' 'ਨਾਲ ਅਦਬ ਝੁਕਾਏ ਸਰ', ਗੁਰਲੀਨ ਕੌਰ ਨੇ 'ਤੈਨੂੰ ਅਮਰੀਕਾ ਰਹਿੰਦੇ ਨੂੰ ਮੈਂ ਕੀ ਆਖਾਂ', ਰਾਜ ਲਾਲੀ ਬਟਾਲਾ ਨੇ 'ਚਲੋ ਹੁਣ ਸਾਂਭੀਏ ਇਸ ਨੂੰ, ਡਗਰ ਇਹ ਡਗਮਗਾਉਂਦੀ ਹੈ, ਕਸ਼ਿਸ਼ ਹੁਸ਼ਿਆਰਪੁਰੀ ਨੇ 'ਮਹਿਫਿਲ 'ਚ ਆ ਕੇ ਬੈਠੇ ਜਦੋਂ ਕਰੀਬ ਸਾਡੇ' ਅਤੇ ਗੁਲਾਮ

***(ਬਾਕੀ ਅਗਲੇ ਸਫੇ 'ਤੇ)***


















# ਵਕਫ਼ ਸੋਧ ਬਿੱਲ ਸੰਵਿਧਾਨ ਉੱਤੇ ਹਮਲਾ: ਸੋਨੀਆ ਗਾਂਧੀ

**ਨਵੀਂ ਦਿੱਲੀ:** ਕਾਂਗਰਸ ਸੰਸਦੀ ਦਲ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਵੀਰਵਾਰ ਨੂੰ ਪਾਰਟੀ ਦੇ ਸੰਸਦੀ ਦਲ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਵਕਫ਼ ਸੋਧ ਬਿੱਲ ਨੂੰ ਸੰਵਿਧਾਨ 'ਤੇ ਹਮਲਾ ਦੱਸਿਆ ਅਤੇ ਕਿਹਾ ਕਿ ਇਸ ਨੂੰ ਜ਼ਬਰਦਸਤੀ ਪਾਸ ਕੀਤਾ ਗਿਆ ਹੈ ਕਿਉਂਕਿ ਇਹ ਸਮਾਜ ਨੂੰ ਸਥਾਈ ਧਰੁਵੀਕਰਨ 'ਚ ਰੱਖਣ ਦੀ ਭਾਜਪਾ ਦੀ ਰਣਨੀਤੀ ਦਾ ਹਿੱਸਾ ਹੈ। 'ਇਕ ਰਾਸ਼ਟਰ, ਇਕ ਚੋਣ' ਦਾ ਤਜਵੀਜ਼ਸ਼ੁਦਾ ਬਿੱਲ ਵੀ ਸੰਵਿਧਾਨ ਦੇ ਖ਼ਿਲਾਫ਼ ਹੈ ਤੇ ਕਾਂਗਰਸ ਇਸ ਦਾ ਭਾਰੀ ਵਿਰੋਧ ਕਰੇਗੀ।

ਸੰਸਦ 'ਚ ਮਹੱਤਵਪੂਰਨ ਮਸਲਿਆਂ 'ਤੇ ਚਰਚਾ ਤੋਂ ਇਨਕਾਰ ਤੇ ਦੋਵਾਂ ਸਦਨਾਂ ਵਿਚ ਵਿਰੋਧੀ ਧਿਰ ਦੇ ਆਗੂਆਂ ਨੂੰ ਬੋਲਣ ਦਾ ਮੌਕਾ ਨਾ ਦਿੱਤੇ ਜਾਣ ਨੂੰ ਬਹੁਤ ਗੰਭੀਰ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇਸ਼ ਨੂੰ ਪਿਛਾਂਹ ਵੱਲ ਧੱਕ ਰਹੀ ਹੈ ਅਤੇ ਸੰਵਿਧਾਨ ਨੂੰ ਸਿਰਫ਼ ਕਾਗਜ਼ਾਂ ਤੱਕ ਸੀਮਿਤ ਰੱਖਣਾ ਚਾਹੁੰਦੀ ਹੈ। ਵਕਫ਼ ਬਿੱਲ ਪਾਸ ਹੋਣ ਦੇ ਕੁਝ ਹੀ ਘੰਟਿਆਂ ਬਾਅਦ ਸੰਵਿਧਾਨ ਸਦਨ 'ਚ ਕਾਂਗਰਸ ਦੇ ਸੰਸਦ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸੋਨੀਆ ਗਾਂਧੀ ਨੇ ਦੋ ਸਾਲ ਪਹਿਲਾਂ ਸੰਸਦ ਤੋਂ ਪਾਸ ਮਹਿਲਾ ਰਾਖਵਾਂਕਰਨ ਬਿੱਲ ਅਮਲ 'ਚ ਨਾ ਹੋਣ ਦੀ ਉਦਾਹਰਣ ਦਿੱਤੀ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਤੇ ਓਬੀਸੀ ਸਮੂਹਾਂ ਦੀਆਂ ਔਰਤਾਂ ਲਈ ਇਸ ਵਿਚ ਇਕ-ਤਿਹਾਈ ਰਾਖਵੇਂਕਰਨ ਦੀ ਸਾਡੀ ਮੰਗ ਨੂੰ ਜਾਣਬੁੱਝ ਕੇ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।



ਨਾਲ ਹੀ ਉਨ੍ਹਾਂ ਦੋਸ਼ ਲਾਇਆ ਕਿ ਸਿੱਖਿਆ, ਨਾਗਰਿਕ ਅਧਿਕਾਰ ਤੇ ਆਜ਼ਾਦੀ, ਸਾਡਾ ਸੰਘੀ ਢਾਂਚਾ ਹੋਵੇ ਜਾਂ ਚੋਣਾਂ ਨੂੰ ਪਾਰਦਰਸ਼ੀ ਤਰੀਕੇ ਨਾਲ ਨੇਪਰੇ ਚਾੜ੍ਹਨਾ, ਮੋਦੀ ਸਰਕਾਰ ਦੇਸ਼ ਨੂੰ ਪਿਛਾਂਹ ਵੱਲ ਧੱਕ ਰਹੀ ਹੈ, ਜਿੱਥੇ ਸਾਡਾ ਸੰਵਿਧਾਨ ਸਿਰਫ਼ ਕਾਗਜ਼ਾਂ 'ਚ ਹੀ ਰਹਿ ਜਾਵੇਗਾ। ਉਨ੍ਹਾਂ ਦਾ ਇਰਾਦਾ ਇਸ ਨੂੰ ਵੀ ਤਬਾਹ ਕਰਨ ਦਾ ਹੈ, ਇਸ ਲਈ ਕਾਂਗਰਸ ਦੇ ਸੰਸਦ ਮੈਂਬਰ ਨਿਆਸੰਗਤ ਮਸਲਿਆਂ ਅਤੇ ਸਰਕਾਰ ਦੀਆਂ ਨਾਕਾਮੀਆਂ ਖ਼ਿਲਾਫ਼ ਦ੍ਰਿੜ੍ਹਤਾ ਨਾਲ ਲੜਣ ਤੇ ਭਾਰਤ ਨੂੰ ਇਕ ਨਿਗਰਾਨੀ ਰਾਜ 'ਚ ਬਦਲਣ ਦੇ ਸਰਕਾਰ ਦੇ ਇਰਾਦਿਆਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਨ। ਸੋਨੀਆ ਗਾਂਧੀ ਨੇ ਆਜ਼ਾਦ ਤੇ ਨਿਰਪੱਖ ਚੋਣਾਂ, ਚੋਣ ਆਯੋਗ ਦੀ ਕਾਰਜ ਪ੍ਰਣਾਲੀ ਤੇ ਇਸ ਦੇ ਅਪਾਰਦਰਸ਼ੀ ਨਿਯਮ-ਪ੍ਰਕਿਰਿਆਵਾਂ 'ਤੇ ਸੰਸਦ ਵਿਚ ਚਰਚਾ ਕਰਨ ਦੀ ਵਿਰੋਧੀ ਧਿਰ ਦੀਆਂ ਪਾਰਟੀਆਂ ਦੀ ਮੰਗ ਨੂੰ ਵਾਰ-ਵਾਰ ਨਾਮਨਜ਼ੂਰ ਕਰਨ ਦਾ ਜ਼ਿਕਰ ਕਰਦਿਆਂ ਦੋਸ਼ ਲਾਇਆ ਕਿ ਵਿਰੋਧੀ ਧਿਰ ਦੇ ਆਗੂਆਂ ਨੂੰ ਸੰਸਦ 'ਚ ਬੋਲਣ ਦੀ ਆਗਿਆ ਨਹੀਂ ਹੈ। ਸੱਤਾ ਧਿਰ ਅਕਸਰ ਕਾਂਗਰਸ ਨੂੰ ਮਸਲੇ ਚੁੱਕਣ ਤੋਂ ਰੋਕਣ ਲਈ ਅੜਿੱਕਾ ਪੈਦਾ ਕਰਦੀ ਹੈ। ਇਹ ਸਾਡੇ ਲੋਕਤੰਤਰ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਨੂੰ ਬੋਲਣ ਦੀ ਆਗਿਆ ਨਹੀਂ ਦਿੱਤੀ ਜਾਂਦੀ।

ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਅਸੀਂ ਗੁਆਂਢ 'ਚ ਵੱਧ ਰਹੇ ਅਸ਼ਾਂਤੀ ਭਰੇ ਮਾਹੌਲ ਨੂੰ ਦੇਖਦੇ ਹੋਏ ਰੱਖਿਆ ਤੇ ਵਿਦੇਸ਼ ਮੰਤਰਾਲੇ ਦੇ ਕੰਮਕਾਜ 'ਤੇ ਲੋਕ ਸਭਾ ਵਿਚ ਚਰਚਾ ਚਾਹੁੰਦੇ ਸੀ, ਪਰ ਇਸ ਦੀ ਮਨਜ਼ੂਰੀ ਨਹੀਂ ਦਿੱਤੀ ਗਈ। ਪੂਰਬੀ ਲੱਦਾਖ 'ਚ ਦੇਸ਼ ਦੀਆਂ ਸਰਹੱਦਾਂ 'ਤੇ ਚੀਨ ਦੇ ਹਮਲੇ ਕਾਰਨ ਪੈਦਾ ਹੋਈਆਂ ਗੰਭੀਰ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ 19 ਜੂਨ, 2020 ਨੂੰ ਪ੍ਰਧਾਨ ਮੰਤਰੀ ਵੱਲੋਂ ਚੀਨ ਨੂੰ ਦਿੱਤੀ ਗਈ ਹੈਰਾਨ ਕਰਨ ਵਾਲੀ ਕਲੀਨ ਚਿੱਟ 'ਤੇ ਚਰਚਾ ਕਰਨ ਦੀ ਕਾਂਗਰਸ ਦੀ ਮੰਗ ਰੱਦ ਕਰ ਦਿੱਤੀ ਗਈ।

ਇਨ੍ਹਾਂ ਸਭਨਾਂ ਦਾ ਹਵਾਲਾ ਦਿੰਦੇ ਹੋਏ ਸੋਨੀਆ ਗਾਂਧੀ ਨੇ ਕਿਹਾ ਕਿ ਹੁਣ ਉਹ ਦਿਨ ਲੰਘ ਗਏ ਜਦੋਂ ਸੱਤਾ 'ਚ ਰਹਿਣ ਵਾਲੀ ਪਾਰਟੀ ਵਿਰੋਧੀ ਧਿਰ ਪ੍ਰਤੀ ਉਦਾਰ ਸੀ, ਦੋਵਾਂ ਸਦਨਾਂ 'ਚ ਚਰਚਾ ਹੁੰਦੀ ਸੀ ਤੇ ਸੰਸਦ ਮੈਂਬਰਾਂ ਵਜੋਂ ਸਾਨੂੰ ਉਡੀਕ ਰਹਿੰਦੀ ਸੀ।

# ਨਵਾਂ ਵਕਫ਼ ਕਾਨੂੰਨ ਮੁਸਲਮਾਨਾਂ ਦੀ ਆਜ਼ਾਦੀ 'ਤੇ ਹਮਲਾ ਕਰਾਰ

**ਨਵੀਂ ਦਿੱਲੀ:** ਵਕਫ਼ ਬਿੱਲ 'ਤੇ ਲੋਕ ਸਭਾ ਦੀ ਤਰ੍ਹਾਂ ਰਾਜ ਸਭਾ 'ਚ ਦੀ ਬਹਿਸ ਦੌਰਾਨ ਕਾਂਗਰਸ ਸਦੇ ਹੋਰ ਵਿਰੋਧੀ ਦਲਾਂ ਨੇ ਤਜਵੀਜ਼ਸ਼ੁਦਾ ਕਾਨੂੰਨ ਤੋਂ ਵੱਧ ਸਰਕਾਰ ਦੀ ਨੀਅਤ 'ਤੇ ਸਵਾਲ ਖੜ੍ਹੇ ਕੀਤੇ। ਵਿਰੋਧੀ ਧਿਰ ਦੇ ਨੇਤਾ ਮੱਲਿਕਾਰਜੁਨ ਖੜਗੇ ਨੇ ਕਿਹਾ ਇਸ ਬਿੱਲ ਦਰੀਏ ਮੁਸਲਮਾਨਾਂ



ਨੂੰ ਦਬਾਉਣ ਦੀ ਕੋਸ਼ਿਸ਼ ਕਰ ਕੇ ਸਰਕਾਰ ਵਿਵਾਦ ਤੇ ਟਕਰਾਅ ਦੇ ਬੀਜ ਬੀਜਣ ਦਾ ਕੰਮ ਕਰ ਰਹੀ ਹੈ। ਖੜਗੇ ਨੇ ਅਪੀਲ ਦੇ ਰੂਪ 'ਚ ਸਰਕਾਰ ਨੂੰ ਖ਼ਬਰਦਾਰ ਵੀ ਕੀਤਾ ਕਿ ਉਹ ਦੇਸ਼ 'ਚ ਸ਼ਾਂਤੀ ਤੇ ਭਾਈਚਾਰੇ ਨੂੰ ਖ਼ਰਾਬ ਨਾ ਕਰਨ। ਬਿੱਲ 'ਤੇ ਉੱਚ ਸਦਨ ਵਿੱਚ ਚਰਚਾ ਦੇਰ ਸ਼ਾਮ ਹਿੱਸਾ ਲੈਂਦੇ ਹੋਏ ਖੜਗੇ ਨੇ ਕਿਹਾ ਕਿ ਇਹ ਬਿੱਲ ਗ਼ੈਰ ਸੰਵਿਧਾਨਕ ਤੇ ਭਾਰਤੀ ਮੁਸਲਮਾਨਾਂ ਦੇ ਖ਼ਿਲਾਫ਼ ਹੈ। ਇਸ ਨੂੰ ਵੱਕਾਰ ਦਾ ਸਵਾਲ ਬਣਾਉਣ ਦੀ ਬਜਾਏ ਸਰਕਾਰ ਨੂੰ ਬਿੱਲ ਵਾਪਸ ਲੈ ਲੈਣਾ ਚਾਹੀਦਾ ਹੈ। ਖੜਗੇ ਨੇ ਇਹ ਦੋਸ਼ ਵੀ ਲਗਾਇਆ ਕਿ ਸਰਕਾਰ ਇਸ ਬਹਾਨੇ ਵਕਫ਼ ਦੀਆਂ ਜ਼ਮੀਨਾ ਹਥਿਆਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਇਹ ਜ਼ਮੀਨਾ ਕਾਰਪੋਰੇਟ ਸਮੂਹਾਂ ਨੂੰ ਦਿੱਤੀਆਂ ਜਾਣਗੀਆਂ। ਖੜਗੇ ਨੇ ਇਹ ਵੀ ਕਿਹਾ ਕਿ ਘੱਟ ਗਿਣਤੀਆਂ ਦੀ ਭਲਾਈ ਲਈ ਚਲਾਈਆਂ ਜਾਣ ਵਾਲੀਆਂ ਕੁਝ ਯੋਜਨਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ। ਬਿੱਲ ਦੇ ਵਿਰੋਧ ਦੇ ਨਾਲ ਮੁਸਲਮਾਨਾਂ ਦੇ ਪ੍ਰਤੀ ਹਮਦਰਦੀ ਸਮਾਜਵਾਦੀ ਪਾਰਟੀ ਦੇ ਰਾਮਗੋਪਾਲ ਯਾਦਵ ਤੇ ਰਾਸ਼ਟਰੀ ਜਨਤਾ ਦਲ ਦੇ ਮਨੋਜ ਬਾਅ ਨੇ ਵੀ ਦਿਖਾਈ। ਰਾਮਗੋਪਾਲ ਨੇ ਕਿਹਾ ਕਿ ਭਾਜਪਾ ਸਰਕਾਰ ਦਾ ਅਤੀਤ ਉਸ ਦੇ ਪ੍ਰਤੀ ਭਰੋਸਾ ਪੈਦਾ ਨਹੀਂ ਕਰਦਾ, ਖ਼ਾਸ ਕਰ ਕੇ ਮੁਸਲਮਾਨਾਂ ਦੇ ਮਨ ਵਿਚ। ਅੱਜ ਮੁਸਲਮਾਨ ਡਰੇ ਹੋਏ ਹਨ। ਉਨ੍ਹਾਂ ਨੂੰ ਨਹੀਂ ਲੱਗਣਾ ਚਾਹੀਦਾ ਕਿ ਉਨ੍ਹਾਂ ਨਾਲ ਬੇਇਨਸਾਫ਼ੀ ਹੋ ਰਹੀ ਹੈ।

ਕਾਂਗਰਸ ਵੱਲੋਂ ਚਰਚਾ ਦੀ ਸ਼ੁਰੂਆਤ ਕਰਨ ਵਾਲੇ ਸੈਯਦ ਨਾਸਿਰ ਹੁਸੈਨ ਨੇ ਕਿਹਾ ਕਿ ਭਾਜਪਾ ਇਸ ਜ਼ਰੀਏ ਸਮਾਜ ਵਿਚ ਫਿਰਕੂ ਤਣਾਅ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਜੇਪੀਸੀ ਵਿਚ ਵਿਰੋਧੀ ਸੰਸਦ ਮੈਂਬਰਾਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਬਿੱਲ ਵਿਚ ਸ਼ਾਮਲ ਨਹੀਂ ਕੀਤਾ ਗਿਆ।

ਆਜ਼ਾਦ ਸੰਸਦ ਮੈਂਬਰ ਕਪਿਲ ਸਿੱਬਲ ਨੇ ਕਿਹਾ ਕਿ ਪਹਿਲਾਂ ਗ਼ੈਰ ਮੁਸਲਿਮ ਵੀ ਵਕਫ਼ ਬੋਰਡ ਬਣਾ ਸਕਦੇ ਸਨ, ਪਰ ਇਹ ਬਿੱਲ ਹੁਣ ਇਸ ਦੀ ਇਜਾਜ਼ਤ ਨਹੀਂ ਦੇਵੇਗਾ। ਆਪ ਦੇ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਇਹ ਬਿੱਲ ਸੰਵਿਧਾਨ ਦੇ ਸਿਧਾਂਤਾਂ ਦੇ ਖ਼ਿਲਾਫ਼ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਸਰਕਾਰ ਇਸ ਕਾਨੂੰਨ ਜ਼ਰੀਏ ਮੁਸਲਿਮ ਧਾਰਮਿਕ ਅਦਾਰਿਆਂ 'ਤੇ ਕੰਟਰੋਲ ਕਰਨਾ ਚਾਹੁੰਦੀ ਹੈ। ਤ੍ਰਿਣਮੂਲ ਦੇ ਮੁਹੰਮਦ ਨਦੀਮੁਲ ਹੱਕ ਨੇ ਕਿਹਾ ਕਿ ਬਿੱਲ ਗ਼ੈਰ-ਵਾਜਬ, ਗ਼ੈਰ-ਸੰਵਿਧਾਨਕ, ਸੰਘੀ ਢਾਂਚੇ ਤੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਦ੍ਰਮੁਕ ਦੇ ਤਿਰੁਚੀ ਸਿਵਾ ਨੇ ਕਿਹਾ ਕਿ ਇਹ ਸੈਕੂਲਰਿਜ਼ਮ ਦੇ ਖ਼ਿਲਾਫ਼ ਹੈ ਅਤੇ ਪੰਜ ਕਿਲੋਮੀਟਰ (ਸੰਸਦ ਤੋਂ) ਦੂਰ ਸੁਪਰੀਮ ਕੋਰਟ ਇਸ ਨੂੰ ਖ਼ਾਰਜ ਕਰ ਦੇਵੇਗੀ। ਸ਼ਿਵ ਸੈਨਾ (ਯੂਬੀਟੀ) ਦੇ ਸੰਜੈ ਰਾਊਤ ਨੇ ਸਰਕਾਰ ਦੇ ਇਸ ਦਾਅਵੇ 'ਤੇ ਸਵਾਲ ਚੁੱਕਿਆ ਕਿ ਇਸ ਬਿੱਲ ਜ਼ਰੀਏ ਮੁਸਲਮਾਨ ਗ਼ਰੀਬਾਂ ਦਾ ਭਲਾ ਕੀਤਾ ਗਿਆ ਹੈ।

# ਲੋਕ ਸਭਾ ਤੋਂ ਬਾਅਦ ਰਾਜ ਸਭਾ ਨੇ ਵੀ ਦਿੱਤੀ ਵਕਫ਼ ਬਿੱਲ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਵਕਫ਼ ਸੋਧ ਬਿੱਲ 'ਤੇ ਸੰਸਦ ਨੇ ਆਪਣੀ ਮੋਹਰ ਲਾ ਦਿੱਤੀ ਹੈ। ਲੋਕ ਸਭਾ ਤੋਂ ਬਾਅਦ ਰਾਜ ਸਭਾ 'ਚ ਵੀ ਵੀਰਵਾਰ ਨੂੰ 12 ਘੰਟੇ ਤੋਂ ਵੱਧ ਚੱਲੀ ਮੈਰਾਥਨ ਬਹਿਸ ਤੋਂ ਬਾਅਦ ਇਸ ਨੂੰ ਪਾਸ ਕਰ ਦਿੱਤਾ ਗਿਆ। ਬਿੱਲ ਦੇ ਹੱਕ 'ਚ 128 ਤੇ ਵਿਰੋਧ 'ਚ 95 ਵੋਟਾਂ ਪਈਆਂ। ਬਿੱਲ 'ਤੇ ਵਿਰੋਧੀ ਧਿਰ ਵੱਲੋਂ ਕਈ ਸੋਧਾਂ ਪੇਸ਼ ਕੀਤੀਆਂ ਗਈਆਂ, ਜਿਹੜੀਆਂ ਸਦਨ ਨੇ ਖ਼ਾਰਜ ਕਰ ਦਿੱਤੀਆਂ। ਦੋਵਾਂ ਸਦਨਾਂ ਤੋਂ ਪਾਸ ਹੋਣ ਤੋਂ ਬਾਅਦ ਇਹ ਬਿੱਲ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਿਆ ਜਾਵੇਗਾ। ਉਨ੍ਹਾਂ ਦੀ ਮਨਜ਼ੂਰੀ ਮਿਲਦਿਆਂ ਹੀ ਬਿੱਲ ਕਾਨੂੰਨ ਦਾ ਰੂਪ ਲੈ ਲਵੇਗਾ। ਬਿੱਲ ਪਾਸ ਕਰਨ ਲਈ ਲੋਕ ਸਭਾ ਵਾਂਗ ਰਾਜ ਸਭਾ 'ਚ ਵੀ ਅੱਧੀ ਰਾਤ ਤੋਂ ਬਾਅਦ ਤੱਕ ਕਾਰਵਾਈ ਚੱਲੀ।ਇਸ ਤੋਂ ਪਹਿਲਾਂ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਕਿਰਨ ਰਿਜਿਜੂ ਨੇ ਰਾਜ ਸਭਾ 'ਚ ਵਕਫ਼ (ਸੋਧ) ਬਿੱਲ 2025 ਪੇਸ਼ ਕਰਦੇ ਹੋਏ ਸਪੱਸ਼ਟ ਕੀਤਾ ਕਿ ਵਕਫ਼ ਬੋਰਡ ਇਕ ਕਾਨੂੰਨੀ ਅਦਾਰਾ ਹੈ ਤੇ ਇਸ ਨੂੰ ਧਰਮ ਨਿਰਪੱਖ ਹੋਣਾ ਚਾਹੀਦਾ ਹੈ। ਫਿਰ ਵੀ ਇਸ 'ਚ ਗ਼ੈਰ ਮੁਸਲਮਾਨਾਂ ਦੀ ਗਿਣਤੀ ਸੀਮਤ ਕਰ ਦਿੱਤੀ ਗਈ ਹੈ। ਇਸ ਕਾਨੂੰਨ ਦੇ ਮਕਸਦ ਮੁਸਲਮਾਨ ਔਰਤਾਂ ਨੂੰ ਮਜ਼ਬੂਤ ਬਣਾਉਣਾ ਤੇ ਸਾਰੇ ਮੁਸਲਮਾਨਾਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਹੈ। ਇਹ ਬਿੱਲ ਮੁਸਲਮਾਨਾਂ ਦੇ ਖ਼ਿਲਾਫ਼ ਬਿਲਕੁਲ ਨਹੀਂ ਹੈ ਬਲਕਿ ਉਨ੍ਹਾਂ ਦੀ ਭਲਾਈ ਕਰਨ ਵਾਲਾ ਹੈ। ਬੁੱਧਵਾਰ ਨੂੰ ਲੋਕ ਸਭਾ ਨੇ 288-232 ਵੋਟਾਂ ਦੇ ਬਹੁਮਤ ਨਾਲ ਵਕਫ਼ ਬਿੱਲ ਪਾਸ ਕਰ ਦਿੱਤਾ। ਸੀ। ਵੀਰਵਾਰ ਨੂੰ ਇਸ ਬਿੱਲ 'ਤੇ ਰਾਜ ਸਭਾ 'ਚ ਲਗਪਗ 10 ਘੰਟੇ ਚਰਚਾ ਹੋਈ। ਦੇਰ ਰਾਤ ਇਸ ਦੇ ਪਾਸ ਹੋਣ ਦੀ ਸੰਭਾਵਨਾ ਹੈ। ਦੋਵਾਂ ਸਦਨਾਂ ਤੋਂ ਪਾਸ ਹੋਣ ਤੋਂ ਬਾਅਦ ਇਸ ਨੂੰ ਤੁਰੰਤ ਹੀ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਿਆ ਜਾਏਗਾ। ਉਨ੍ਹਾਂ ਦੀ ਮਨਜ਼ੂਰੀ ਮਿਲਦੇ ਹੀ ਇਹ ਬਿੱਲ ਕਾਨੂੰਨ ਦਾ ਰੂਪ ਲੈ ਲਵੇਗਾ। ਬਿੱਲ 'ਤੇ ਬਹਿਸ 'ਚ ਦੋਵਾਂ ਧਿਰਾਂ ਦੇ ਕਈ ਵੱਡੇ ਚਿਹਰਿਆਂ ਨੇ ਹਿੱਸਾ ਲਿਆ। ਲੋਕ ਸਭਾ 'ਚ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਰਾਜ ਸਭਾ 'ਚ ਸਦਨ ਦੇ ਆਗੂ ਤੇ ਭਾਜਪਾ ਦੇ ਪ੍ਰਧਾਨ ਜੇਪੀ ਨੱਡਾ ਨੇ ਚਰਚਾ 'ਚ ਹਿੱਸਾ ਲਿਆ ਪਰ ਕਿਸੇ ਵੀ ਸਦਨ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਤੇ ਮਲਿਕਾਰਜੁਨ ਖੜਗੇ ਨਹੀਂ ਬੋਲੇ ਜਦਕਿ ਸੰਭਾਵਨਾ ਪ੍ਰਗਟਾਈ ਜਾ ਰਹੀ ਸੀ ਕਿ ਉਹ ਵੀ ਬੋਲਣਗੇ।



ਰਾਜ ਸਭਾ 'ਚ ਬਿੱਲ ਨੂੰ ਲੈ ਕੇ ਵੈਸੇ ਤਾਂ ਭਾਰੀ ਹੰਗਾਮਾ ਤੇ ਵਿਰੋਧੀ ਧਿਰ ਦੇ ਸਖ਼ਤ ਵਿਰੋਧ ਦੀ ਉਮੀਦ ਸੀ ਪਰ ਲੋਕ ਸਭਾ 'ਚ ਬਿੱਲ ਪਾਸ ਹੋਣ ਤੇ ਸਰਕਾਰ ਵਲੋਂ ਬਿੱਲ ਨੂੰ ਮੁਸਲਮਾਨਾਂ ਦੇ ਹਿੱਤ 'ਚ ਹੋਣ ਨੂੰ ਲੈ ਕੇ ਜਿਸ ਤਰਾਂ ਦੀਆਂ ਦਲੀਲਾਂ ਦਿੱਤੀਆਂ ਗਈਆਂ, ਚਰਚਾ ਦੌਰਾਨ ਉਨ੍ਹਾਂ ਨੇ ਕਈ ਵਾਰੀ ਖੜ੍ਹੇ ਹੋ ਕੇ ਨਾ ਸਿਰਫ਼ ਦਖ਼ਲ ਦਿੱਤਾ ਬਲਕਿ ਵਿਰੋਧੀ ਧਿਰ ਨੂੰ ਸ਼ੀਸ਼ਾ ਵੀ ਦਿਖਾਇਆ। ਟ੍ਰਿਬਿਊਨਲ 'ਤੇ ਬੋਲ ਰਹੇ ਕਾਂਗਰਸ ਦੇ ਸੰਸਦ ਮੈਂਬਰ ਨਾਸਿਰ ਹੁਸੈਨ ਨੂੰ ਉਨ੍ਹਾਂ ਨੇ ਟੋਕਿਆ ਤੇ ਕਿਹਾ ਕਿ ਹੁਣ ਤੱਕ ਟ੍ਰਿਬਿਊਨਲ ਦੇ ਫ਼ੈਸਲੇ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਸੀ। ਨਵੇਂ ਬਿੱਲ 'ਚ ਅਸੀਂ ਇਸ ਨੂੰ ਲੈ ਕੇ ਆਏ ਹਾਂ। ਨੱਡਾ ਨੇ ਕਿਹਾ ਕਿ ਕਾਂਗਰਸ ਨੇ ਮੁਸਲਮਾਨ ਔਰਤਾਂ ਨੂੰ ਆਪਣੇ ਸ਼ਾਸਨਕਾਲ 'ਚ ਦੂਜੇ ਦਰਜੇ ਦੀ ਨਾਗਰਿਕ ਬਣਾ ਦਿੱਤਾ ਸੀ। ਮਿਸਰ, ਸੁਡਾਨ, ਬੰਗਲਾਦੇਸ਼ ਤੇ ਸੀਰੀਆ ਵਰਗੇ ਮੁਸਲਮਾਨ ਦੇਸ਼ਾਂ 'ਚ ਕਈ ਸਾਲ ਪਹਿਲਾਂ ਤੱਤਕਾਲ ਤਿੰਨ ਤਲਾਕ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ ਪਰ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਨੇ ਇਕ ਦਹਾਕੇ ਤੱਕ ਸੱਤਾ 'ਚ ਰਹਿਣ ਦੌਰਾਨ ਮੁਸਲਮਾਨ ਔਰਤਾਂ ਲਈ ਕੁਝ ਨਹੀਂ ਕੀਤਾ। ਰਿਜਿਜੂ ਨੇ ਰਾਜ ਸਭਾ 'ਚ ਬਿੱਲ ਪੇਸ਼ ਕਰਦੇ ਹੋਏ ਜਿੱਥੇ ਇਸ ਦੀਆਂ ਖ਼ੂਬੀਆਂ ਗਿਣਾਈਆਂ, ਉੱਥੇ ਵਿਰੋਧੀ ਧਿਰ ਵਲੋਂ ਫੈਲਾਏ ਜਾ ਰਹੇ ਗਲਤ ਪ੍ਰਚਾਰ ਦਾ ਵੀ ਜਵਾਬ ਦਿੱਤਾ। ਕਿਹਾ ਕਿ ਇਹ ਬਿੱਲ ਗਰੀਬ ਤੇ ਪੱਛੜੇ ਮੁਸਲਮਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਵਿਕਾਸ ਦਾ ਰਸਤਾ ਖੋਲ੍ਹਣ ਵਾਲਾ ਹੈ। ਇਸ ਲਈ ਇਸ ਦਾ ਨਾਂ 'ਉਮੀਦ' ਰੱਖਿਆ ਗਿਆ ਹੈ। ਉਨ੍ਹਾਂ ਉਮੀਦ (ਯੂਨੀਫਾਈਡ ਵਕਫ਼ ਮੈਨੇਜਮੈਂਟ ਇੰਪਾਵਰਮੈਂਟ, ਐਫੀਸ਼ੀਐਂਸੀ ਐਂਡ ਡਿਵੈਲਪਮੈਂਟ) ਦਾ ਪੂਰਾ ਨਾਂ ਵੀ ਪੜ੍ਹ ਕੇ ਦੱਸਿਆ।

*(ਪਿਛਲੇ ਸਫੇ ਦੀ ਬਾਕੀ)*

ਮੁਸਤਫਾ ਅੰਜੁਮ ਨੇ 'ਯਾਰ ਦਾ ਡੰਗਿਆ ਹੋਇਆਂ ਵਾਂ' ਅਤੇ ਬੋਲੀਆਂ ਰਾਹੀਂ ਦਾਦ ਖੱਟੀ। ਅੰਜੁਮ ਨੇ ਹਮੇਸ਼ਾ ਵਾਂਗ ਮਾਹੌਲ ਨੂੰ ਖੁਸ਼ ਗਵਾਰ ਬਣਾ ਦਿੱਤਾ।

ਉਘੇ ਲੇਖਕ ਤੇ ਸ਼ਾਇਰ ਸ. ਰਵਿੰਦਰ ਸਹਿਰਾਅ ਨੇ ਕੌਮਾਂਤਰੀ ਮਾਂ ਬੋਲੀ ਦਿਹਾੜੇ ਦੇ ਇਤਿਹਾਸ ਬਾਰੇ ਚਾਨਣਾ ਪਾਇਆ ਅਤੇ ਆਪਣੀ ਰਚਨਾ 'ਉਧਾਰੇ ਹਰਫ' ਸੁਣਾਈ। ਸਾਹਿਤ ਅਕਾਦਮੀ ਅਤੇ ਸੰਗੀਤ ਨਾਟਕ ਅਕਾਦਮੀ ਅਵਾਰਡ ਪ੍ਰਾਪਤ ਡਾ: ਆਤਮਜੀਤ ਹੁਰਾਂ ਨੇ ਕਿਹਾ ਕਿ ਆਪਣੀ ਮਾਂ ਬੋਲੀ ਬੋਲ ਕੇ ਵੀ ਤਰੱਕੀ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾਂ ਆਪਣੀ ਰਚਨਾ 'ਆ ਭਰਾਵਾ ਆਰਿਫਾ, ਤੂੰ ਵੀ ਬਹਿ ਜਾ ਭੈਣ ਫਰੀਹਾ' ਪੇਸ਼ ਕੀਤੀ। ਨਵੀਂ ਪੀੜ੍ਹੀ ਦੇ ਬੱਚਿਆਂ ਨਵਰੂਪ ਕੌਰ ਵਿਰਕ, ਅਸੀਸ ਅਤੇ ਅਜੂਨੀ ਨੇ ਵੀ ਆਪਣੀਆਂ ਕਵਿਤਾਵਾਂ ਸੁਣਾਈਆਂ। ਸਾਰੇ ਕਵੀਆਂ ਨੇ ਆਪਣੀਆਂ ਕਵਿਤਾਵਾਂ ਨਾਲ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ।

ਸ. ਰਜਿੰਦਰ ਸਿੰਘ ਮਾਗੋ ਨੇ ਕੌਮਾਂਤਰੀ ਮਾਂ ਬੋਲੀ ਦਿਹਾੜੇ ਦੇ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਪੰਜਾਬੀ ਭਾਈਚਾਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ 'ਸਟੇਟ ਆਫ ਇਲੀਨੋਇ ਵਲੋਂ ਫਰਵਰੀ ਦੇ ਮਹੀਨੇ ਨੂੰ 'ਪੰਜਾਬੀ ਲੈਂਗੁਏਜ ਮੰਥ' ਵਜੋਂ ਮਾਨਤਾ ਦਿੱਤੀ ਹੋਈ ਹੈ। ਸ. ਦਰਸ਼ਨ ਸਿੰਘ ਧਾਲੀਵਾਲ ਨੇ ਅਗਲੇ ਸਾਲ ਤੋਂ ਵਧੀਆ ਕਵਿਤਾਵਾਂ ਬੋਲਣ ਵਾਲੇ ਤਿੰਨ ਕਵੀਆਂ ਨੂੰ ਨਕਦ ਇਨਾਮ ਦੇਣ ਦਾ ਐਲਾਨ ਵੀ ਕੀਤਾ।

ਸਮਾਗਮ ਦੇ ਅਖੀਰ ਵਿਚ ਭੰਗੜਾ ਰਾਈਮਜ਼ ਦੀ ਟੀਮ ਨੇ ਕੋਚ ਅਮਨ ਕੁਲਾਰ ਦੀ ਅਗਵਾਈ ਹੇਠ ਭੰਗੜਾ ਪਾ ਕੇ ਪ੍ਰੋਗਰਾਮ ਨੂੰ ਸਿਖਰ 'ਤੇ ਪਹੁੰਚਾਇਆ।

ਸਮਾਗਮ ਦੇ ਮੁੱਖ ਕੋਆਰਡੀਨੇਟਰ ਡਾ: ਹਰਜਿੰਦਰ ਸਿੰਘ ਖਹਿਰਾ ਅਤੇ ਕਨਵੀਨਰ ਰਾਜ ਲਾਲੀ ਬਟਾਲਾ ਨੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਅਹਿਮ ਭੂਮਿਕਾ ਨਿਭਾਈ। ਪ੍ਰਬੰਧਕੀ ਟੀਮ ਦੇ ਹੋਰ ਮੁੱਖ ਮੈਂਬਰਾਂ ਵਿਚ ਸ਼੍ਰੀਮਤੀ ਕਮਲੇਸ਼ ਕਪੂਰ (ਸੰਯੁਕਤ ਕੋਆਰਡੀਨੇਟਰ), ਰਜਿੰਦਰ ਸਿੰਘ ਮਾਗੋ, ਗੁਰਮੁਖ ਸਿੰਘ ਭੁੱਲਰ, ਚਰਨਦੀਪ ਸਿੰਘ, ਜਸਮੀਤ ਸਿੰਘ, ਸ਼੍ਰੀਮਤੀ ਜਸਬੀਰ ਮਾਨ, ਪੀ.ਐਸ ਮਾਨ, ਅਮਨ ਕੁਲਰ, ਜਿਗਰਦੀਪ ਸਿੰਘ ਢਿੱਲੋਂ, ਨਰਿੰਦਰ ਸਰਾਂ, ਸੁਰਜੀਤ, ਅਮਰਦੇਵ ਬਦੇਸ਼ਾ, ਰਾਜਿੰਦਰ ਦਿਆਲ, ਸਲਵਿੰਦਰ ਸਿੰਘ ਆਦਿ ਸ਼ਾਮਲ ਸਨ। ਹਾਜ਼ਰੀਨ ਨੇ ਪਹਿਲਾਂ ਸ਼ਾਮ ਨੂੰ ਚਾਹ ਅਤੇ ਸਨੈਕਸ ਦਾ ਆਨੰਦ ਮਾਣਿਆ, ਤੇ ਰਾਤ ਨੂੰ ਸੁਆਦੀ ਡਿਨਰ ਨਾਲ ਪੰਜਾਬੀ ਪ੍ਰਾਹੁਣਾਚਾਰੀ ਨਾਲ ਜਸ਼ਨਾਂ ਨੂੰ ਪੂਰਾ ਕੀਤਾ।

ਪ੍ਰੋਗਰਾਮ ਵਿਚ ਜਪਨੀਤ ਖਹਿਰਾ (ਗ੍ਰੈਂਡ ਸਪਾਂਸਰ), ਗੁਲਜ਼ਾਰ ਸਿੰਘ ਮੁਲਤਾਨੀ, ਭੁਪਿੰਦਰ ਸਿੰਘ ਧਾਲੀਵਾਲ, ਲੱਕੀ ਸਹੋਤਾ, ਮੁਖਤਿਆਰ ਸਿੰਘ (ਹੈਪੀ ਹੀਰ), ਪਰਮਿੰਦਰ ਸਿੰਘ ਗੋਲਡੀ, ਅਮਰੀਕ ਸਿੰਘ (ਅਮਰ ਕਾਰਪੇਟ), ਡਾ: ਵਿਕਰਮ ਗਿੱਲ, ਪੀ.ਐਸ. ਮਾਨ, ਦਰਸ਼ਨ ਸਿੰਘ ਗਰੇਵਾਲ, ਬ੍ਰਿਜ ਸ਼ਰਮਾ, ਸਰਵਣ ਸਿੰਘ ਮਿਸ਼ਵਾਕਾ, ਪਾਲ ਸਿੰਘ ਖਲੀਲ, ਕਮਲੇਸ਼ ਕਪੂਰ, ਦਵਿੰਦਰ ਸਿੰਘ ਰੰਗੀ, ਜਸਕਰਨ ਧਾਲੀਵਾਲ, ਠਾਕਰ ਸਿੰਘ ਬਸਾਤੀ ਆਦਿ ਸ਼ਾਮਲ ਹੋਏ।

ਪ੍ਰਬੰਧਕਾਂ ਨੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸੰਤ ਬਾਬਾ ਪ੍ਰੇਮ ਸਿੰਘ ਸਪੋਰਟਸ ਕਲੱਬ ਸਾਊਥ ਬੈਂਡ ਅਤੇ ਪੰਜਾਬੀ ਅਮਰੀਕਨ ਯੂਥ ਕਲੱਬ ਇੰਡੀਆਨਾ ਦਾ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ।

ਪੰਜਾਬ ਟਾਈਮਜ਼

12 ਅਪਰੈਲ, ਸ਼ਨਿਚਰਵਾਰ

# ਪੰਜਾਬ ਦਾ ਯੁੱਧ ਨਸ਼ਿਆਂ ਵਿਰੁੱਧ

*ਪੰਜਾਬ ਸਰਕਾਰ ਵਲੋਂ ਪੂਰੇ ਜ਼ੋਰ ਸ਼ੋਰ ਨਾਲ ਸ਼ੁਰੂ ਕੀਤਾ ਗਿਆ "ਯੁੱਧ ਨਸ਼ਿਆਂ ਵਿਰੁੱਧ" ਕਈ ਦਿਸ਼ਾਵਾਂ ਵਿੱਚ ਫੈਲਦਾ ਹੋਇਆ ਦਿਨੋ-ਦਿਨ ਕਈ ਤਰ੍ਹਾਂ ਦੇ ਸਵਾਲਾਂ ਵਿਚ ਵੀ ਘਿਰਦਾ ਜਾ ਰਿਹਾ ਹੈ।ਇਨ੍ਹਾਂ ਸਵਾਲਾਂ ਵਿਚ ਬੁਲਡੋਜ਼ਰ ਵੀ ਹੈ, ਕਾਲੀ ਥਾਰ ਵਾਲੀ ਬੀਬੀ ਵਲੋਂ ਕੀਤੇ ਜਾ ਰਹੇ ਖੁਲਾਸੇ ਵੀ ਹਨ, ਨੇਤਾਵਾਂ,ਮੰਤਰੀਆਂ ਅਤੇ ਪੁਲਸ ਪ੍ਰਸ਼ਾਸਨ ਵਲ ਉਠ ਰਹੀਆਂ ਉਂਗਲਾਂ ਵੀ ਹਨ।*

*ਇਸ ਯੁੱਧ ਦਾ ਇਕ ਹੋਰ ਪਾਸਾਰ "ਕ੍ਰੈਡਿਟ ਵਾਰ" ਵਲ ਖੁਲ੍ਹਦਾ ਵੀ ਨਜ਼ਰ ਆ ਰਿਹਾ ਹੈ। ਪੰਜਾਬ ਦੀ ਇਸ ਅਤਿ ਨਾਜ਼ੁਕ ਅਤੇ ਗੰਭੀਰ ਸਮੱਸਿਆ ਨਾਲ ਨਜਿੱਠਣ ਲਈ ਸਾਰੀਆਂ ਧਿਰਾਂ ਨੂੰ ਕ੍ਰੈਡਿਟ ਵਾਰ ਤੋਂ ਉੱਪਰ ਉੱਠ ਕੇ ਇਮਾਨਦਾਰੀ ਨਾਲ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਹੁਣ ਤੱਕ ਇਹ ਸਪੱਸ਼ਟ ਹੋ ਚੁੱਕਿਆ ਹੈ ਕਿ ਇਹ ਯੁੱਧ ਸਾਰੇ ਪੰਜਾਬ ਦਾ ਸਾਂਝਾ ਯੁੱਧ ਹੈ ਅਤੇ ਇਸ ਨੂੰ ਸਾਂਝੇ ਤੌਰ ਤੇ ਹੀ ਲੜਿਆ ਜਾਣਾ ਚਾਹੀਦਾ ਹੈ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਇਸ ਯੁੱਧ ਵਿੱਚ*

*ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦਾ ਪ੍ਰਵੇਸ਼ ਇਸ ਯੁੱਧ ਨੂੰ ਹੋਰ ਵਸੀਹ ਕਰ ਰਿਹਾ ਹੈ।*

*ਰਾਜਪਾਲ ਕਟਾਰੀਆ ਨੇ ਨਸ਼ਿਆਂ ਵਿਰੁੱਧ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ 6 ਦਿਨਾਂ ਦੀ ਪੈਦਲ ਯਾਤਰਾ ਕੀਤੀ ਹੈ। ਇਸੇ ਸੰਬੰਧ ਵਿਚ ਉਨ੍ਹਾਂ ਫ਼ਤਹਿਗੜ੍ਹ ਚੂੜੀਆਂ ਤੋਂ ਇਸ ਪੈਦਲ ਯਾਤਰਾ ਦੇ ਅਗਲੇ ਪੜਾਅ ਦੀ ਅਗਵਾਈ ਕਰਦਿਆਂ, ਜਿੱਥੇ ਇਸ ਮੁਹਿੰਮ ਦੇ ਸਮਰਥਨ ਵਿਚ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਜੁੜਨ ਦਾ ਸੱਦਾ ਦਿੱਤਾ, ਉੱਥੇ ਵਿਸ਼ੇਸ਼ ਤੌਰ 'ਤੇ ਪੇਂਡੂ ਲੋਕਾਂ ਨੂੰ ਨਸ਼ਾ-ਵਿਰੋਧੀ ਮੁਹਿੰਮ ਨਾਲ ਜੁੜਨ ਦੀ ਅਪੀਲ ਵੀ ਕੀਤੀ ਹੈ। ਇਸ ਦੌਰਾਨ ਉਨ੍ਹਾਂ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ। ਰਾਜਪਾਲ ਦੀ ਇਸ ਨਸ਼ਾ-ਵਿਰੋਧੀ ਪੈਦਲ ਯਾਤਰਾ ਨੂੰ ਜਿਸ ਤਰ੍ਹਾਂ ਨਾਲ ਲੋਕਾਂ ਦਾ ਸਮਰਥਨ ਮਿਲਿਆ, ਉਸ ਤੋਂ ਉਨ੍ਹਾਂ ਦੀ ਇਸ ਮੁਹਿੰਮ ਨੂੰ ਭਵਿੱਖ ਵਿਚ ਬੂਰ ਪੈਣ ਦੀ ਵੱਡੀ ਸੰਭਾਵਨਾ ਹੈ। ਰਾਜਪਾਲ ਕਿਉਂਕਿ ਭਾਰਤੀ ਰੈੱਡ ਕਰਾਸ ਸੁਸਾਇਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਵੀ ਹਨ, ਇਸ ਲਈ ਉਨ੍ਹਾਂ ਦੀ ਇਸ ਮੁਹਿੰਮ ਨੂੰ ਸਰਕਾਰ ਤੇ ਸਮਾਜ ਦੇ ਸਭ ਵਰਗਾਂ ਵਲੋਂ ਭਰਵਾਂ ਸਮਰਥਨ ਮਿਲਣ ਕਰਕੇ ਇਸ ਦੇ ਕਾਮਯਾਬ ਹੋਣ ਦੀਆਂ ਸੰਭਾਵਨਾਵਾਂ ਹੋਰ ਵੀ ਵਧੇਰੇ ਜਾਪ ਰਹੀਆਂ ਹਨ। ਭਾਵੇਂ ਰਾਜਪਾਲ ਦਾ ਅਹੁਦਾ ਪੂਰੀ ਤਰ੍ਹਾਂ ਸੰਵਿਧਾਨਕ ਹੁੰਦਾ ਹੈ, ਪਰ ਸੂਬੇ ਦੀ ਇਸ ਸਭ ਤੋਂ ਵੱਡੀ ਤੇ ਗੰਭੀਰ ਸਮੱਸਿਆ ਨਸ਼ੇ ਦੇ ਪ੍ਰਸਾਰ ਤੇ ਪ੍ਰਭਾਵ ਦੇ ਵਿਰੁੱਧ ਰਾਜਪਾਲ ਦੀ ਆਪਣੀ ਸਰਗਰਮੀ ਤੇ ਉਨ੍ਹਾਂ ਦੀ ਪੈਦਲ ਯਾਤਰਾ ਨੂੰ ਮਿਲੇ ਵਿਆਪਕ ਸਮਰਥਨ ਨੂੰ ਵੇਖਦਿਆਂ ਉਮੀਦ ਬੱਝ ਰਹੀ ਹੈ ਕਿ ਪੰਜਾਬ ਵਿਚ ਨਸ਼ਿਆਂ ਦੇ ਵਿਰੁੱਧ ਜੇਕਰ ਕੋਈ ਲੋਕ ਅੰਦੋਲਨ ਚਲਾਇਆ ਜਾਂਦਾ ਹੈ ਤਾਂ ਲੰਬੇ ਸਮੇਂ ਲਈ ਉਸ ਨੂੰ ਵਿਆਪਕ ਸਮਰਥਨ ਮਿਲ ਸਕਦਾ ਹੈ। ਇਹ ਗੁਰੂਆਂ, ਪੀਰਾਂ, ਫ਼ਕੀਰਾਂ, ਦੇਸ਼ ਭਗਤ ਯੋਧਿਆਂ ਦੀ ਧਰਤੀ ਹੈ। ਪੰਜਾਬ ਨੂੰ ਦੇਸ਼ ਦਾ 'ਅੰਨ ਭੰਡਾਰ' ਭਰਨ ਵਾਲਾ ਸੂਬਾ ਮੰਨਿਆ ਜਾਂਦਾ ਹੈ, ਪਰ ਪਿਛਲੇ ਕੁਝ ਦਹਾਕਿਆਂ ਤੋਂ ਇਹ ਸੂਬਾ ਨਸ਼ਿਆਂ ਦੀ ਧਰਤੀ ਬਣ ਕੇ ਰਹਿ ਗਿਆ ਹੈ। ਸੂਬੇ 'ਚ ਬਣੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਅਤੇ ਮੌਜੂਦਾ ਸਰਕਾਰ ਨੇ ਵੀ ਨਸ਼ੇ ਦੀ ਇਸ ਗੰਭੀਰ ਸਮੱਸਿਆ ਦੇ ਵਿਰੁੱਧ ਵਿਆਪਕ ਪੱਧਰ 'ਤੇ ਕਦਮ ਚੁੱਕੇ ਹਨ, ਪਰ ਇਸ ਸਮੱਸਿਆ ਦੇ ਦੈਂਤ 'ਤੇ ਕਦੇ ਵੀ ਪੱਕੀ ਰੋਕ ਨਹੀਂ ਲਗਾਈ ਜਾ ਸਕੀ। ਹੁਣ ਰਾਜਪਾਲ ਕਟਾਰੀਆ ਵਲੋਂ ਸ਼ੁਰੂ ਕੀਤੀ ਗਈ ਪੈਦਲ ਯਾਤਰਾ ਮੁਹਿੰਮ ਦਾ ਮਕਸਦ ਵੀ ਜਿਵੇਂ-ਕਿਵੇਂ ਨਸ਼ਿਆਂ ਵਿਰੁੱਧ ਕਾਮਯਾਬੀ ਹਾਸਲ ਕਰਨਾ ਹੀ ਹੈ, ਇਸੇ ਕਰਕੇ ਇਸ ਪੈਦਲ ਯਾਤਰਾ ਨੂੰ ਵਧੇਰੇ ਸਮਰਥਨ ਮਿਲਣਾ ਸੁਭਾਵਿਕ ਹੈ। ਰਾਜਪਾਲ ਨੇ ਆਪਣੇ ਭਾਸ਼ਨ ਵਿਚ ਪੰਜਾਬ ਦੇ ਗੌਰਵਮਈ ਅਤੀਤ ਤੇ ਪੰਜਾਬੀਆਂ ਦੇ ਸਖ਼ਤ ਮਿਹਨਤੀ ਸੁਭਾਅ ਦਾ ਜ਼ਿਕਰ ਕਰਦਿਆਂ ਸੂਬੇ ਨੂੰ ਮੁੜ ਖੁਸ਼ਹਾਲ ਸੂਬਾ ਬਣਾਉਣ ਦੀ ਅਪੀਲ ਕੀਤੀ ਹੈ। ਪੰਜਾਬ ਦੇ ਲੋਕਾਂ ਵਿਚ ਕਿਉਂਕਿ ਦੇਸ਼ ਭਗਤੀ ਤੇ ਕੁਰਬਾਨੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਇਸੇ ਲਈ ਪੰਜਾਬ ਦੇ ਲੋਕ ਖਾਸ ਕਰਕੇ ਪੇਂਡੂ ਲੋਕ, ਇਸ ਪੈਦਲ ਯਾਤਰਾ ਦਾ ਇਕਜੁੱਟ ਹੋ ਕੇ ਹਿੱਸਾ ਬਣੇ ਹਨ। ਅਜਿਹਾ ਇਸ ਲਈ ਵੀ ਹੋ ਸਕਦਾ ਹੈ ਕਿ ਨਸ਼ਿਆਂ ਦੀ ਸਮੱਸਿਆ ਦਾ ਬੁਰਾ ਪ੍ਰਭਾਵ ਭਾਵੇਂ ਸ਼ਹਿਰਾਂ ਤੇ ਪਿੰਡਾਂ ਦੋਹਾਂ ਥਾਵਾਂ 'ਤੇ ਇਕੋ ਜਿਹਾ ਹੈ, ਪਰ ਖੇਤੀ ਪ੍ਰਧਾਨ ਸੂਬੇ ਦੇ ਪਿੰਡਾਂ ਵਿਚ ਇਸ ਸਮੱਸਿਆ ਨੇ ਕੁਝ ਜ਼ਿਆਦਾ ਹੀ ਕਹਿਰ ਵਰਸਾਇਆ ਹੈ। ਸੂਬੇ ਦੇ ਪਿੰਡਾਂ 'ਚੋਂ ਇਸ ਸਮੱਸਿਆ ਦੀ ਜੜ੍ਹ ਪੁੱਟਣੀ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਇਸ ਕਾਰਨ ਖੇਤੀ ਧੰਦਾ ਵੀ ਪ੍ਰਭਾਵਿਤ ਹੋਇਆ ਹੈ।ਪੰਜਾਬ ਨੂੰ ਖੁਸ਼ਹਾਲ ਤੇ ਪਹਿਲਾਂ ਜਿਹਾ ਸ਼ਾਨਾਂਮੱਤਾ ਸੂਬਾ ਬਣਾਉਣ ਲਈ ਜ਼ਰੂਰੀ ਹੈ ਕਿ ਨਸ਼ਿਆਂ ਵਿਰੁੱਧ ਕੋਈ ਵੀ ਮੁਹਿੰਮ ਚਾਹੇ ਉਹ ਸਰਕਾਰੀ ਧਿਰ ਵਲੋਂ ਹੋਵੇ ਜਾਂ ਰਾਜਪਾਲ ਵਲੋਂ ਹੋਵੇ,ਜਾਂ ਕਿਸੇ ਹੋਰ ਧਿਰ ਵਲੋਂ ਹੋਵੇ, ਉਸ ਨੂੰ ਹਰੇਕ ਪੰਜਾਬੀ ਦਾ ਪੂਰਨ ਸਮਰਥਨ ਤੇ ਸਹਿਯੋਗ ਮਿਲਣਾ ਚਾਹੀਦਾ ਹੈ ਤਾਂ ਕਿ ਸੂਬੇ ਦੇ ਨੌਜਵਾਨ ਵਰਗ ਨੂੰ ਨਸ਼ਿਆਂ ਦੀ ਮਾਰ ਤੋਂ ਜਲਦੀ ਮੁਕਤ ਕਰਵਾਇਆ ਜਾ ਸਕੇ। ਇਸ ਮੁਹਿੰਮ ਵਿਚ ਨਸ਼ਿਆਂ ਦੇ ਵਿਰੁੱਧ ਸਮੂਹਿਕ ਯਤਨਾਂ ਵਿਚ ਜੇਕਰ ਥੋੜ੍ਹੀ ਜਿਹੀ ਵੀ ਸਫਲਤਾ ਹਾਸਿਲ ਹੁੰਦੀ ਹੈ ਤਾਂ ਇਹ ਇਕ ਵੱਡੀ ਪ੍ਰਾਪਤੀ ਹੋਵੇਗੀ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬਹੁਮੱਤ ਦੀਆਂ ਆਰੀਆਂ!

*ਸਿਰ ਤੋਲਣ ਦੀ ਜਗਾਹ ਹਨ 'ਗਿਣੇ' ਜਾਂਦੇ, ਲੋਕਰਾਜ ਦੀਆਂ ਸਿਫਤਾਂ ਨਿਆਰੀਆਂ ਜੀ।*
*ਫਿਰਕਾਪ੍ਰਸਤੀ ਤੇ ਹੈਂਕੜ ਫਿਰ ਜ਼ੋਰ-ਜਰਬੀ, ਇਹ ਬੀਮਾਰੀਆਂ ਨੇ 'ਹੈਂਸਿਆਰੀਆਂ' ਜੀ।*
*ਧੂੰਆਂ ਧਾਰ 'ਤਕਰੀਰਾਂ' ਵੀ 'ਸਭਾ' ਅੰਦਰ, ਬਣਨ 'ਯਾਭਾਂ ਦੇ ਭੇੜ' ਵਿਚਾਰੀਆਂ ਜੀ।*
*'ਜਿੰਦਰੇ' ਜੀਭਾਂ ਨੂੰ ਫੌਰਨ ਲਾ ਦਿੰਦੀਆਂ ਨੇ, ਸੱਤਾ ਧਿਰ ਨਾਲ ਲੱਗੀਆਂ 'ਯਾਰੀਆਂ' ਜੀ।*
*ਰਹਿ ਜਾਣ ਫਿਰ 'ਧਰੀਆਂ ਧਰਾਈਆਂ' ਹੀ, ਘੱਟ-ਗਿਣਤੀਆਂ ਦੀਆਂ 'ਤਿਆਰੀਆਂ' ਜੀ।*
*'ਚਿੱਟਾ ਸੱਚ' ਹੋਵੇ ਫਿਰ ਵੀ 'ਚੀਰ' ਸੁੱਟਣ, ਬਹੁ-ਮੱਤ ਦੀਆਂ ਤਿੱਖੀਆਂ 'ਆਰੀਆਂ' ਜੀ!*

# ਅਮਰੀਕਾ ਦੀ ਕਾਰਵਾਈ ਵਿਰੁੱਧ ਭਾਰਤ ਦਾ ਦੱਬਿਆ ਹੋਇਆ ਜਵਾਬ

ਅਮਰੀਕਾ ਵੱਲੋਂ ਹੋਰਨਾਂ ਦੇਸ਼ਾਂ ਤੋਂ ਆਉਣ ਵਾਲੀਆਂ ਵਸਤੂਆਂ/ਦਰਾਮਦਾਂ 'ਤੇ ਇਕ ਤਰਫਾ ਵੱਡੀਆਂ ਦਰਾਂ ਤੇ ਕਸਟਮ ਡਿਊਟੀ/ਟੈਕਸ ਲਾ ਦਿੱਤੇ ਗਏ ਹਨ। ਇਸ ਕਾਰਵਾਈ ਨਾਲ ਅਮਰੀਕਾ ਨੇ ਆਪਣੀ ਧੱਕੇਸ਼ਾਹੀ ਦਾ ਐਲਾਨ ਕੀਤਾ ਹੈ। ਅਮਰੀਕਾ ਵਲੋਂ ਭਾਵੇਂ ਹਰੇਕ ਦੇਸ਼ ਦੇ ਖ਼ਿਲਾਫ 10% ਬੁਨਿਆਦੀ ਕਸਟਮ ਡਿਊਟੀ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ, ਪਰ ਚੀਨ ਖ਼ਿਲਾਫ 36%, ਜਪਾਨ ਵਿਰੁੱਧ 34%, ਵੀਅਤਨਾਮ ਵਿਰੁੱਧ 70% ਅਤੇ ਭਾਰਤੀ ਵਸਤਾਂ 'ਤੇ 26% ਡਿਊਟੀ ਲਗਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਮਾਮਲੇ ਵਿਚ ਅਮਰੀਕਾ ਨੇ ਆਪਣੇ ਨਜ਼ਦੀਕੀ ਦੇਸ਼ ਮੈਕਸੀਕੋ, ਕੈਨੇਡਾ ਅਤੇ ਯੂਰਪੀਨ ਯੂਨੀਅਨ ਨੂੰ ਵੀ ਨਹੀਂ ਬਖਸ਼ਿਆ। ਇਸ ਨਾਲ ਸਾਰੀ ਦੁਨੀਆਂ ਵਿਚ ਹਾਹਾਕਾਰ ਮੱਚ ਗਈ ਹੈ। ਦੁਨੀਆਂ ਦੇ ਕਈ ਦੇਸ਼ਾਂ ਵਲੋਂ ਇਸ ਧੱਕੇਸ਼ਾਹੀ ਖ਼ਿਲਾਫ ਆਵਾਜ਼ ਉਠਾਈ ਗਈ ਹੈ ਅਤੇ ਜਵਾਬੀ ਕਾਰਵਾਈ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ ਪਰ ਭਾਰਤ ਇਸ ਦੇ ਖ਼ਿਲਾਫ ਬੋਲਣ ਤੋਂ ਝਿਜਕ ਰਿਹਾ ਹੈ।

ਅਮਰੀਕੀ ਸਰਕਾਰ ਦੇ 2 ਅਪ੍ਰੈਲ, 2025 ਦੇ ਐਲਾਨ ਤੋਂ ਪਹਿਲਾਂ ਦੇ ਕੌਮਾਂਤਰੀ ਆਰਥਿਕ ਸਿਸਟਮ ਬਾਰੇ ਥੋੜ੍ਹਾ ਜ਼ਿਕਰ ਕਰਨਾ ਠੀਕ ਹੈ। ਇਹ ਸਿਸਟਮ ਅਮਰੀਕਾ ਅਤੇ ਬਰਤਾਨੀਆ ਦੇ ਸਾਂਝੇ ਯਤਨਾਂ ਨਾਲ ਬਰੈਟਨ ਵੂਡਜ਼ ਵਿਖੇ



ਸੁੱਚਾ ਸਿੰਘ ਗਿੱਲ

1944 ਦੀ ਕਾਨਫਰੰਸ ਤੋਂ ਬਾਅਦ ਹੋਂਦ ਵਿਚ ਆਇਆ ਸੀ। ਇਸ ਕਾਨਫਰੰਸ ਵਿਚ ਤਿੰਨ ਸੰਸਥਾਵਾਂ ਬਣਾਉਣ ਦਾ ਫੈਸਲਾ ਕੀਤਾ ਗਿਆ ਸੀ। ਕੌਮਾਂਤਰੀ ਆਰਥਿਕਤਾ ਨੂੰ ਨਿਰਵਿਘਨ ਚਲਾਉਣ ਵਾਸਤੇ ਅੰਤਰਰਾਸ਼ਟਰੀ ਮੁਦਰਾ ਕੋਸ਼ ਬਣਾਇਆ ਗਿਆ। ਇਸ ਸਿਸਟਮ ਵਿਚ ਅਮਰੀਕਾ ਦੇ ਡਾਲਰ ਨੂੰ ਗਲੋਬਲ ਕਰੰਸੀ ਦਾ ਦਰਜਾ ਦਿੱਤਾ ਗਿਆ ਸੀ। ਹੋਰਨਾਂ ਦੇਸ਼ਾਂ ਨੂੰ ਵਪਾਰ ਵਾਸਤੇ ਬਾਹਰ ਮਾਲ ਵੇਚਣ ਤੋਂ ਬਾਅਦ ਡਾਲਰ ਕਮਾਉਣੇ ਪੈਂਦੇ ਹਨ ਪਰ ਅਮਰੀਕਾ ਡਾਲਰ ਛਾਪ ਕੇ ਵੀ ਬਾਕੀ ਦੁਨੀਆਂ ਤੋਂ ਵਸਤੂਆਂ ਮੰਗਵਾ ਸਕਦਾ ਹੈ ਅਤੇ ਦੁਨੀਆ ਵਿਚ ਅਮਰੀਕਾ ਦੀ ਧਾਂਕ ਜਮਾਉਣ ਵਿਚ ਸਹਾਈ ਹੁੰਦਾ ਹੈ। ਇਹ ਸਿਸਟਮ ਅੱਜ-ਕੱਲ੍ਹ ਵੀ ਜਾਰੀ ਹੈ। ਯੂਰਪੀਨ ਦੇਸ਼ਾਂ ਦੇ ਪੁਨਰ-ਨਿਰਮਾਣ ਅਤੇ ਘੱਟ ਵਿਕਸਤ ਦੇਸ਼ਾਂ ਦੇ ਵਿਕਾਸ ਵਾਸਤੇ ਵਿਸ਼ਵ ਬੈਂਕ ਦੀ ਸਥਾਪਨਾ ਕੀਤੀ ਗਈ ਸੀ। ਇਹ ਅੱਜ ਤੱਕ ਕਾਇਮ ਹੈ। ਅਮਰੀਕਾ ਇਸ ਸੰਸਥਾ ਨੂੰ ਘੱਟ ਵਿਕਸਤ ਦੇਸ਼ਾਂ ਦੀਆਂ ਆਰਥਿਕ ਵਿਕਾਸ ਦੀਆਂ ਨੀਤੀਆਂ ਨੂੰ ਪ੍ਰਭਾਵਿਤ ਕਰਨ ਲਈ ਵਰਤਦਾ ਹੈ। ਵੱਖ-ਵੱਖ ਦੇਸ਼ਾਂ ਵਿਚ ਵਪਾਰ ਦੇ ਨਿਯਮ ਤੈਅ ਕਰਨ ਅਤੇ ਲਾਗੂ ਕਰਨ ਵਾਸਤੇ, ਤੀਜੀ ਸੰਸਥਾ, ਅੰਤਰਰਾਸ਼ਟਰੀ ਵਪਾਰ ਸੰਸਥਾ ਬਣਾਉਣ ਦਾ ਫੈਸਲਾ ਕੀਤਾ ਗਿਆ ਸੀ। ਪਰ ਇਸ ਸੰਸਥਾ ਦੀ ਮੁਢਲੀ ਰੂਪ-ਰੇਖਾ ਅਤੇ ਬਣਤਰ ਬਾਰੇ ਅਮਰੀਕਾ ਸਹਿਮਤ ਨਾ ਹੋਇਆ, ਇਸ ਕਰਕੇ ਗੈਟ (ਜਨਰਲ ਐਗਰੀਮੈਂਟ ਆਨ ਟੈਰਿਫ ਐਂਡ ਟਰੇਡ) ਬਣਾਇਆ ਗਿਆ ਸੀ। ਗੱਲਬਾਤ ਦੇ ਅੱਠ ਦੌਰਾਂ ਤੋਂ ਬਾਅਦ ਪਹਿਲੀ ਜਨਵਰੀ 1995 ਨੂੰ ਗੈਟ ਦੀ ਜਗ੍ਹਾ ਵਿਸ਼ਵ ਵਪਾਰ ਸੰਸਥਾ (ਡੌ) ਸਥਾਪਿਤ ਕੀਤੀ ਗਈ ਸੀ। ਇਸ ਦੀ ਸਥਾਪਨਾ ਤੋਂ ਪਹਿਲਾਂ 1986-1994 ਦੇ ਅੱਠ ਸਾਲ ਵਿਸ਼ਵ ਦੇ ਦੇਸ਼ਾਂ ਵਿਚ ਗੱਲਬਾਤ ਚਲਾਉਣ ਤੋਂ ਬਾਅਦ ਸਹਿਮਤੀ ਨਾਲ ਵਿਸ਼ਵ ਵਪਾਰ ਸੰਸਥਾ ਕਾਇਮ ਕੀਤੀ ਗਈ ਸੀ। ਇਸ ਦੀ ਸਥਾਪਨਾ ਵਿਚ ਅਮਰੀਕਾ ਅਤੇ ਬਰਤਾਨੀਆ ਵਲੋਂ ਮੋਹਰੀ ਰੋਲ ਅਦਾ ਕੀਤਾ ਗਿਆ ਸੀ। ਇਸ ਸੰਸਥਾ ਦੇ ਅਧਿਕਾਰ ਖੇਤਰ ਵਿਚ ਕਾਫ਼ੀ ਵਾਧਾ ਕੀਤਾ ਗਿਆ ਸੀ। ਗੈਟ ਦੇ ਅਧਿਕਾਰ ਖੇਤਰ ਵਿਚ ਵਸਤੂਆਂ ਦੇ ਵਪਾਰ ਨੂੰ ਕੇਂਦਰ ਵਿਚ ਰੱਖ ਕੇ ਗੱਲਬਾਤ ਕੀਤੀ ਜਾਂਦੀ ਸੀ ਅਤੇ ਫੈਸਲੇ ਲਏ ਜਾਂਦੇ ਸਨ। ਪਰ ਖੇਤੀ ਵਸਤੂਆਂ ਦੇ ਵਪਾਰ ਨੂੰ ਇਸ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ ਸੀ। ਵਿਸ਼ਵ ਵਪਾਰ ਸੰਸਥਾ ਦੇ ਬਣਨ ਉਪਰੰਤ ਖੇਤੀ ਵਪਾਰ ਅਤੇ ਖੇਤੀ ਵਿਕਾਸ ਨੂੰ ਇਸ ਦੇ ਅਧਿਕਾਰ ਖੇਤਰ ਵਿਚ ਸ਼ਾਮਲ ਕਰ ਲਿਆ ਗਿਆ ਸੀ। ਸੇਵਾਵਾਂ ਦੇ ਵਪਾਰ, ਬੌਧਿਕ ਜਾਇਦਾਦ ਅਧਿਕਾਰ, ਵਿਦੇਸ਼ੀ ਪੂੰਜੀ ਦੇ ਦੇਸ਼ਾਂ ਵਿਚ ਖੁੱਲ੍ਹੇ ਦਾਖਲੇ ਬਾਰੇ ਫ਼ੈਸਲੇ ਲੈਣ ਦਾ ਅਧਿਕਾਰ ਵਿਸ਼ਵ ਵਪਾਰ ਸੰਸਥਾ ਨੂੰ ਦਿੱਤਾ ਗਿਆ ਅਤੇ ਟੈਰਿਫ/ਕਸਟਮ ਨੂੰ ਘਟਾਇਆ ਗਿਆ ਅਤੇ




ਵਪਾਰ ਉਪਰ ਹੋਰ ਰੋਕਾਂ ਨੂੰ ਖਤਮ ਕੀਤਾ ਗਿਆ ਸੀ। ਦੇਸ਼ਾਂ ਦੇ ਵਿਸ਼ਵੀਕਰਨ ਨੂੰ ਉਤਸ਼ਾਹਿਤ ਕਰਨ ਲਈ ਵਪਾਰ ਮੰਤਰੀਆਂ ਦੀਆਂ ਸਮੇਂ-ਸਮੇਂ ਮੀਟਿੰਗਾਂ ਦੇ ਪ੍ਰਬੰਧ ਕੀਤੇ ਗਏ। ਦੇਸ਼ਾਂ ਦੇ ਵਪਾਰ, ਪੂੰਜੀ, ਬੌਧਿਕ ਅਧਿਕਾਰਾਂ ਅਤੇ ਹੋਰ ਮਸਲਿਆਂ ਨੂੰ ਨਜਿੱਠਣ ਲਈ ਝਗੜਾ ਨਿਵਾਰਨ ਵਿਧੀ ਦਾ ਪ੍ਰਬੰਧ ਕੀਤਾ ਗਿਆ। ਵਿਸ਼ਵ ਵਪਾਰ ਸੰਸਥਾ ਦੇ ਨਿਯਮਾਂ ਤਹਿਤ ਪਿਛਲੇ 30 ਸਾਲਾਂ ਦੌਰਾਨ ਵਿਸ਼ਵੀਕਰਨ ਦਾ ਦੌਰ ਬੜੀ ਤੇਜ਼ੀ ਨਾਲ ਚੱਲਿਆ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਗੈਟ ਅਤੇ ਵਿਸ਼ਵ ਵਪਾਰ ਸੰਸਥਾ ਦੇ ਦੌਰ ਵਿਚ ਇਸ ਗੱਲ ਨੂੰ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ ਕਿ ਵਿਸ਼ਵ ਦੇ ਦੇਸ਼ਾਂ ਦੇ ਆਰਥਿਕ ਵਿਕਾਸ ਵਿਚ ਗੈਰ-ਬਰਾਬਰੀ ਹੈ। ਪਛੜੇ ਅਤੇ ਗਰੀਬ ਦੇਸ਼ਾਂ ਦਾ ਅਧਿਕਾਰ ਹੈ ਕਿ ਉਹ ਵਿਕਸਤ ਦੇਸ਼ਾਂ ਦੇ ਮੁਕਾਬਲੇ ਵਿਦੇਸ਼ਾਂ ਤੋਂ ਆਈਆਂ ਵਸਤੂਆਂ 'ਤੇ ਜ਼ਿਆਦਾ ਕਸਟਮ ਡਿਊਟੀ ਲਗਾ ਸਕਦੇ ਹਨ ਅਤੇ ਘਰੇਲੂ ਉਦਯੋਗ ਅਤੇ ਖੇਤੀ ਦੇ ਵਿਕਾਸ ਵਾਸਤੇ ਵੱਧ ਸਬਸਿਡੀਆਂ ਦੀ ਨੀਤੀ ਅਪਣਾ ਸਕਦੇ ਹਨ। ਇਸ ਤੋਂ ਇਲਾਵਾ ਦੇਸ਼ ਵਿਚ ਵਿਦੇਸ਼ਾਂ ਤੋਂ ਆਉਣ ਵਾਲੀਆਂ ਸਸਤੀਆਂ ਵਸਤੂਆਂ ਕਾਰਨ ਪੈਦਾ ਹੋਏ ਸੰਕਟ ਸਮੇਂ ਸਖ਼ਤ ਆਰਥਿਕ ਨੀਤੀਆਂ/ਰੋਕਾਂ ਦੀ ਵਰਤੋਂ ਕਰ ਸਕਦੇ ਹਨ।

ਵਿਸ਼ਵ ਵਪਾਰ ਸੰਸਥਾ ਬਣ ਜਾਣ ਤੋਂ ਬਾਅਦ ਵਿਸ਼ਵੀਕਰਨ ਦੇ ਦੌਰ ਦਾ ਚੀਨ, ਭਾਰਤ, ਦੱਖਣੀ ਅਫਰੀਕਾ, ਬ੍ਰਾਜ਼ੀਲ ਅਤੇ ਹੋਰ ਉਭਰ ਰਹੇ ਦੇਸ਼ਾਂ ਦੇ ਆਰਥਿਕ ਵਿਕਾਸ ਨੂੰ ਫਾਇਦਾ ਹੋਇਆ ਹੈ। ਇਸ ਕਾਰਨ ਚੀਨ ਦੁਨੀਆਂ ਦੀ ਦੂਜੀ ਅਤੇ ਭਾਰਤ ਪੰਜਵੀਂ ਵੱਡੀ ਆਰਥਿਕਤਾ ਬਣ ਗਏ ਹਨ। ਇਸ ਨਾਲ ਵਿਸ਼ਵ ਦੇ ਆਰਥਿਕ ਵਿਕਾਸ ਦਾ ਪੱਲੜਾ ਏਸ਼ੀਆ ਵੱਲ ਝੁਕਦਾ ਨਜ਼ਰ ਆਉਣ ਲੱਗ ਪਿਆ ਹੈ। ਇਸ ਦੇ ਨਾਲ ਹੀ ਬਰਿਕਸ (ਡ੍ਰੀਛਂ) ਦੇਸ਼ਾਂ ਦੇ ਸੰਗਠਨ ਦੇ ਕਾਇਮ ਹੋਣ ਨਾਲ ਇਨ੍ਹਾਂ ਦੇਸ਼ਾਂ ਨੇ ਡਾਲਰ ਦੀ ਗੈਰਵਾਜਬ ਸਰਦਾਰੀ ਦੇ ਖ਼ਿਲਾਫ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ ਹੈ। ਇਹ ਅਮਰੀਕਾ ਨੂੰ ਮਨਜ਼ੂਰ ਨਹੀਂ ਹੈ। ਇਹੋ ਕਾਰਨ ਹੈ ਕਿ ਅਮਰੀਕਾ ਨੇ ਦੂਜੇ ਦੇਸ਼ਾਂ ਖ਼ਿਲਾਫ ਕਸਟਮ ਡਿਊਟੀ ਲਾਉਣ ਸਮੇਂ ਇਹ ਵੀ ਐਲਾਨ ਕੀਤਾ ਹੈ ਕਿ ਜਿਹੜੇ ਦੇਸ਼ ਡਾਲਰ ਨੂੰ ਛੱਡ ਕੇ ਕਿਸੇ ਹੋਰ ਕਰੰਸੀ ਵਿਚ ਵਿਦੇਸ਼ੀ ਵਪਾਰ ਕਰਨਗੇ ਉਨ੍ਹਾਂ ਉਪਰ 100% ਡਿਊਟੀ ਲਗਾਈ ਜਾਵੇਗੀ। ਆਪਣੇ ਵਲੋਂ ਦੂਜੇ ਦੇਸ਼ਾਂ ਖ਼ਿਲਾਫ ਕਸਟਮ ਡਿਊਟੀ ਲਗਾਉਣ ਤੋਂ ਬਾਅਦ ਉਨ੍ਹਾਂ ਨੂੰ ਇਹ ਵੀ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਅਮਰੀਕਾ ਖ਼ਿਲਾਫ ਕੋਈ ਜਵਾਬੀ ਕਸਟਮ ਡਿਊਟੀ ਨਾ ਲਾਉਣ।

ਇਹ ਸਾਰੇ ਫੈਸਲੇ ਇੱਕ ਤਰਫਾ, ਬਗੈਰ ਕਿਸੇ ਦੇਸ਼ ਨਾਲ ਗੱਲਬਾਤ ਕਰਨ ਤੋਂ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਅਮਰੀਕਾ ਵਲੋਂ ਆਪ ਪਹਿਲ-ਕਦਮੀ ਕਰ ਕੇ ਬਣਾਈ ਵਿਸ਼ਵ ਵਪਾਰ ਸੰਸਥਾ ਦਾ ਭੋਗ ਪਾਉਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਗਰੀਬ ਅਤੇ ਪਛੜੇ ਦੇਸ਼ਾਂ ਦੇ ਉਸ ਅਧਿਕਾਰ ਨੂੰ ਵੀ ਨਕਾਰ ਦਿੱਤਾ ਗਿਆ ਹੈ ਜਿਸ ਤਹਿਤ ਉਹ ਘਰੇਲੂ ਛੋਟੇ ਉਦਯੋਗਾਂ ਅਤੇ ਖੇਤੀ ਵਿਕਾਸ ਵਾਸਤੇ ਵੱਧ ਕਸਟਮ ਡਿਊਟੀ ਲਗਾ ਸਕਦੇ ਹਨ ਅਤੇ ਵਧੇਰੇ ਸਬਸਿਡੀਆਂ ਦੇ ਸਕਦੇ ਹਨ। ਦੂਜੇ ਪਾਸੇ ਅਮਰੀਕਾ ਦਾ ਰਵੱਈਆ ਦੂਜੇ ਦੇਸ਼ਾਂ ਦੇ ਇਲਾਕਿਆਂ 'ਤੇ ਕਬਜ਼ਾ ਕਰਨ ਬਾਰੇ ਸਾਫ਼ ਨਜ਼ਰ ਆਉਂਦਾ ਹੈ। ਇਸ ਦੇਸ਼ ਦੇ ਰਾਸ਼ਟਰਪਤੀ ਵਲੋਂ ਕੈਨੇਡਾ, ਗਰੀਨਲੈਂਡ, ਪਨਾਮਾ ਨਹਿਰ ਅਤੇ ਗਾਜ਼ਾ ਪੱਟੀ 'ਤੇ ਕਬਜ਼ਾ ਕਰਨ ਬਾਰੇ ਬਿਆਨ ਦਿੱਤੇ ਗਏ ਹਨ। ਇਹ ਬਿਆਨ 18ਵੀਂ-20ਵੀਂ ਸਦੀ ਦੇ ਬਸਤੀਵਾਦੀ ਯੁੱਗ ਦੀ ਯਾਦ ਦਿਵਾਉਂਦੇ ਹਨ। ਇਸ ਯੁੱਗ ਦਾ ਖਾਤਮਾ ਪੂਰੀ ਤਰ੍ਹਾਂ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਹੋ ਚੁੱਕਿਆ ਹੈ ਪਰ ਅਮਰੀਕਾ ਦੀ ਕਾਰਵਾਈ ਉਸ ਯੁੱਗ ਦੀ ਯਾਦ ਕਰਵਾਉਂਦੀ ਹੈ। ਇਹ ਵਿਸ਼ਵ ਦੇ ਦੇਸ਼ਾਂ ਅਤੇ ਖਾਸ ਕਰਕੇ ਘੱਟ ਵਿਕਸਤ ਅਤੇ ਛੋਟੇ ਦੇਸ਼ਾਂ ਦੀ ਪ੍ਰਭੂਸੱਤਾ ਵਾਸਤੇ ਖ਼ਤਰੇ ਪੈਦਾ ਕਰ ਸਕਦੀ ਹੈ। ਜੇਕਰ ਪ੍ਰਵਾਸੀਆਂ ਖ਼ਿਲਾਫ਼ ਵਿਚਾਰਧਾਰਕ ਮਾਹੌਲ ਨੂੰ ਇਸ ਗੱਲਬਾਤ ਵਿਚ ਸ਼ਾਮਲ ਕਰ ਲਿਆ ਜਾਵੇ ਤਾਂ ਇਸ ਵਿਚੋਂ ਵਿਕਸਤ ਦੇਸ਼ਾਂ ਵਿਚ ਮੌਜੂਦਾ ਬਹੁ-ਸਭਿਆਚਾਰ ਦੀ ਮਕਬੂਲੀਅਤ 'ਤੇ ਸੱਟ ਵਜਦੀ ਨਜ਼ਰ ਆਉਂਦੀ ਹੈ। ਇਹ ਨਸਲਵਾਦ ਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨ ਵੱਲ ਲਿਜਾ ਸਕਦਾ ਹੈ ਅਤੇ ਜਮਹੂਰੀਅਤ ਦੇ ਵਰਤਾਰੇ ਅਤੇ ਘੱਟ-ਗਿਣਤੀਆਂ ਦੇ ਖ਼ਿਲਾਫ ਬਿਰਤਾਂਤ ਉਸਾਰਨ ਦੀ ਸਮਰੱਥਾ ਰੱਖਦਾ ਹੈ।

ਡੋਨਲਡ ਟਰੰਪ ਰਾਸ਼ਟਰਪਤੀ ਦੇ ਪ੍ਰਸ਼ਾਸਨ ਵਲੋਂ ਅਪਣਾਈ ਧੱਕੇਸ਼ਾਹੀ ਦੀ ਨੀਤੀ ਦਾ ਕਈ ਦੇਸ਼ਾਂ ਵਲੋਂ ਸਖਤ ਵਿਰੋਧ ਜ਼ਾਹਿਰ ਕੀਤਾ ਗਿਆ ਹੈ। ਚੀਨ, ਕੈਨੇਡਾ ਅਤੇ ਮੈਕਸੀਕੋ ਵਲੋਂ ਅਮਰੀਕਾ ਦੀਆਂ ਬਰਾਮਦਾਂ 'ਤੇ ਬਰਾਬਰ ਦੀ ਕਸਟਮ ਡਿਊਟੀ ਲਗਾਉਣ ਦਾ ਐਲਾਨ ਕੀਤਾ ਗਿਆ ਹੈ। ਦੂਜੇ ਦੇਸ਼ਾਂ ਦੇ ਇਲਾਕਿਆਂ 'ਤੇ ਕਬਜ਼ਾ ਕਰਨ ਦਾ ਵਿਰੋਧ ਮੱਧ ਪੂਰਬ ਦੇ ਦੇਸ਼ਾਂ, ਕੈਨੇਡਾ, ਗਰੀਨਲੈਂਡ ਅਤੇ ਪਨਾਮਾ ਵਲੋਂ ਜ਼ਾਹਰ ਕੀਤਾ ਗਿਆ ਹੈ। ਯੂਰਪ ਦੇ ਦੇਸ਼ਾਂ ਵਲੋਂ ਵੀ ਇਕਤਰਫਾ ਕਸਟਮ ਡਿਊਟੀ ਲਾਉਣ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਭਾਰਤ ਦੀ ਪ੍ਰਤੀਕਿਰਿਆ ਇੱਕ ਡਰੇ ਹੋਏ ਦੇਸ਼ ਵਾਲੀ ਹੈ। ਅਮਰੀਕਾ ਵਲੋਂ 26% ਕਸਟਮ ਡਿਊਟੀ ਲਗਾਉਣ ਦੇ ਵਿਰੁੱਧ ਭਾਰਤ ਨੇ ਕੋਈ ਬਿਆਨ ਨਹੀਂ ਦਿੱਤਾ। ਮਹੀਨਾ ਕੁ ਪਹਿਲਾਂ ਅਮਰੀਕਾ ਵਿਚ ਗੈਰ-ਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਹੱਥਕੜੀਆਂ ਲਗਾ ਕੇ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਫ਼ੌਜੀ ਜਹਾਜ਼ ਰਾਹੀਂ ਭੇਜ ਕੇ ਦੇਸ਼ ਦੇ ਸਨਮਾਨ ਨੂੰ ਸੱਟ ਮਾਰੀ ਸੀ। ਉਸ ਵਕਤ ਵੀ ਭਾਰਤ ਸਰਕਾਰ ਵਲੋਂ ਕੋਈ ਵਿਰੋਧ ਨਹੀਂ ਜਤਾਇਆ ਗਿਆ ਸੀ। ਇਸ ਦੇ ਮੁਕਾਬਲੇ ਲਾਤੀਨੀ ਅਮਰੀਕਾ ਦੇ ਮੈਕਸੀਕੋ ਅਤੇ ਕੋਲੰਬੀਆ ਵਲੋਂ ਆਪਣੇ ਨਾਗਰਿਕਾਂ ਨਾਲ ਐਸਾ ਵਿਹਾਰ ਨਹੀਂ ਹੋਣ ਦਿੱਤਾ ਗਿਆ। ਉਨ੍ਹਾਂ ਵਲੋਂ ਆਪਣੇ ਨਾਗਰਿਕਾਂ ਨੂੰ ਸਿਵਿਲ ਹਵਾਈ ਜਹਾਜ਼ਾਂ ਰਾਹੀਂ ਆਪਣੇ ਦੇਸ਼ਾਂ ਵਿਚ ਵਾਪਸ ਲਿਆਉਣ ਦਾ ਇੰਤਜ਼ਾਮ ਕੀਤਾ ਗਿਆ ਸੀ। ਹੁਣ ਅਮਰੀਕਾ ਦੀ ਧੱਕੇਸ਼ਾਹੀ ਦੇ ਸਾਹਮਣੇ ਭਾਰਤ ਵਲੋਂ ਆਪਣੇ ਤੌਰ 'ਤੇ ਆਟੋਮੋਬਾਈਲਜ਼ ਅਤੇ ਮੋਟਰਸਾਈਕਲਾਂ ਤੇ ਮੌਜੂਦਾ ਬਜਟ ਵਿਚ ਚੋਖੀ ਕਟੌਤੀ ਕਰ ਕੇ ਆਪਣੀ ਕਮਜ਼ੋਰੀ ਵਿਖਾਈ ਗਈ ਹੈ। ਅਮਰੀਕਾ ਤੋਂ ਜੰਗੀ ਸਾਜ਼ੋਸਾਮਾਨ ਅਤੇ ਪੁਰਾਣੇ ਜੰਗੀ ਹਵਾਈ ਜਹਾਜ਼ ਖਰੀਦਣ ਦੀਆਂ ਖਬਰਾਂ ਮੀਡੀਆ ਵਿਚ ਆ ਰਹੀਆਂ ਹਨ। ਇਸ ਤੋਂ ਇਲਾਵਾ ਅਮਰੀਕਾ ਦੇ ਨਾਲ ਖੁੱਲ੍ਹਾ ਵਪਾਰ ਸਮਝੌਤਾ ਕਰਨ ਲਈ ਮੰਤਰੀ ਪੱਧਰ ਦੇ ਡੈਲੀਗੇਸ਼ਨ ਭੇਜੇ ਜਾ ਰਹੇ ਹਨ ਅਤੇ ਅਮਰੀਕਾ ਤੋਂ ਡੈਲੀਗੇਸ਼ਨ ਮੰਗਵਾਏ ਜਾ ਰਹੇ ਹਨ। ਭਾਵੇਂ ਜਨਤਕ ਤੌਰ 'ਤੇ ਖੁੱਲ੍ਹਾ ਵਪਾਰ ਸਮਝੌਤੇ ਵਿਚ ਖੇਤੀ ਸੈਕਟਰ ਨੂੰ ਬਚਾਉਣ ਦੀ ਗੱਲ ਕੀਤੀ ਗਈ ਹੈ ਪਰ ਅਮਰੀਕਾ ਅਤੇ ਯੂਰਪੀਨ ਯੂਨੀਅਨ ਦਾ ਦਬਾਅ ਭਾਰਤ ਤੇ ਖੇਤੀ ਦਰਾਮਦਾਂ ਨੂੰ ਖੋਲ੍ਹਣ ਬਾਰੇ ਪਿਛਲੇ 20 ਸਾਲਾਂ ਤੋਂ ਲਗਾਤਾਰ ਬਣਿਆ ਹੋਇਆ ਹੈ। ਇਸ ਤੋਂ ਬਚਣ ਦਾ ਤਰੀਕਾ ਡਰ ਕੇ ਨਹੀਂ ਸਗੋਂ ਆਪਣੇ ਅਧਿਕਾਰਾਂ ਵਾਸਤੇ ਮਜ਼ਬੂਤੀ ਨਾਲ ਪਹਿਰਾ ਦੇਣ ਨਾਲ ਹੀ ਹੋ ਸਕਦਾ ਹੈ। ਇਹ ਭਾਰਤ ਦੇ ਆਜ਼ਾਦੀ ਤੋਂ ਬਾਅਦ ਦੇ ਇਤਿਹਾਸ ਨਾਲ ਮੇਲ ਨਹੀਂ ਖਾਂਦਾ। ਉਸ ਵਕਤ ਜਦੋਂ ਦੇਸ਼ ਦੀ ਆਰਥਿਕਤਾ ਬਹੁਤ ਕਮਜ਼ੋਰ ਸੀ। ਦੇਸ਼ ਨਿਊਨਤਮ ਆਮਦਨ ਵਾਲੇ ਦੇਸ਼ਾਂ ਵਿਚ ਗਿਣਿਆ ਜਾਂਦਾ ਸੀ ਅਤੇ ਅਨਾਜ ਦੀ ਥੁੜ੍ਹ ਕਾਰਨ ਭੁੱਖਮਰੀ ਦੇ ਡਰ ਦਾ ਸ਼ਿਕਾਰ ਸੀ। ਉਨ੍ਹਾਂ ਵਕਤਾਂ ਵਿਚ ਵੀ ਠੰਢੀ ਜੰਗ ਸਮੇਂ ਦੇਸ਼ ਵਲੋਂ ਗੁੱਟ ਨਿਰਲੇਪ ਨੀਤੀ ਅਪਣਾਈ ਗਈ ਸੀ। 1971 ਦੀ ਪਾਕਿਸਤਾਨ ਨਾਲ ਲੜਾਈ ਸਮੇਂ ਅਮਰੀਕੀ ਵਿਰੋਧ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਬੰਗਲਾਦੇਸ਼ ਦੇਸ਼ ਦੇ ਬਣਨ ਵਿਚ ਨੁਮਾਇਆ ਰੋਲ ਅਦਾ ਕੀਤਾ ਗਿਆ ਸੀ। ਹੁਣ ਦੇਸ਼ ਅਨਾਜ ਵਿਚ ਆਤਮ-ਨਿਰਭਰ ਹੈ ਅਤੇ ਨੀਵੇਂ ਮੱਧ ਆਮਦਨ ਦੇਸ਼ਾਂ ਦੇ ਵਰਗ ਵਿਚ ਸ਼ਾਮਲ ਹੋ ਗਿਆ ਹੈ। ਦੇਸ਼ ਦੀ ਆਰਥਿਕਤਾ ਦਾ ਆਕਾਰ ਵਿਸ਼ਵ ਵਿਚ ਪੰਜਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਸ ਸਮੇਂ ਦੇਸ਼ ਦੀ ਸਮਰੱਥਾ ਆਪਣੇ ਅਧਿਕਾਰਾਂ ਅਤੇ ਆਰਥਿਕਤਾ ਨੂੰ ਬਚਾਉਣ ਦੀ ਪਹਿਲਾਂ ਤੋਂ ਕਾਫ਼ੀ ਜ਼ਿਆਦਾ ਹੈ। ਇਸ ਮੌਕੇ ਡਰੇ ਹੋਣ ਦਾ ਮੁਜ਼ਾਹਰਾ ਘਾਤਕ ਸਾਬਤ ਹੋ ਸਕਦਾ ਹੈ। ਧੱਕੇਸ਼ਾਹੀ ਵਾਲੀ ਅਮਰੀਕੀ ਸੋਚ ਸਾਹਮਣੇ ਕਮਜ਼ੋਰ ਸਟੈਂਡ ਉਸ ਨੂੰ ਭਾਰਤ ਦੇ ਖ਼ਿਲਾਫ ਸਖਤ ਕਦਮ ਚੁੱਕਣ ਵਾਸਤੇ ਉਤਸ਼ਾਹਿਤ ਕਰੇਗਾ। ਇਸ ਕਰਕੇ ਜ਼ਰੂਰੀ ਹੈ ਇਸ ਧੱਕੇਸ਼ਾਹੀ ਖ਼ਿਲਾਫ਼ ਮਜ਼ਬੂਤ ਪੌਜ਼ੀਸ਼ਨ ਲੈ ਕੇ ਦੇਸ਼ ਦੀ ਆਜ਼ਾਦੀ ਅਤੇ ਪ੍ਰਭੂਸੱਤਾ ਨੂੰ ਸੁਰੱਖਿਅਤ ਰੱਖਿਆ ਜਾਵੇ ਅਤੇ ਦੇਸ਼ ਦੀ ਆਰਥਿਕ ਨੀਤੀ ਨੂੰ ਦੇਸ਼ ਸਾਧਨਾਂ ਅਤੇ ਲੋੜਾਂ ਅਨੁਸਾਰ ਢਾਲਿਆ ਜਾਵੇ। ਇਸ ਵਾਸਤੇ ਦੇਸ਼ ਵਾਸੀਆਂ ਨਾਲ ਸਾਰੀ ਗਲਬਾਤ ਖੋਲ੍ਹ ਕੇ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੀ ਹਮਾਇਤ ਹਾਸਲ ਕੀਤੀ ਜਾ ਸਕੇ।

ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ
ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਖਾਲਸੇ ਦੇ ਸਾਜਨਾ ਪੁਰਬ ਅਤੇ ਵਿਸਾਖੀ ਦੀ ਲੱਖ ਲੱਖ ਵਧਾਈ ਹੋਵੇ



ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

## Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

## ਨਿਰਵਿਘਨ ਪ੍ਰਕਾਸ਼ਨ ਦੇ 26ਵੇਂ ਸਾਲ 'ਚ (ਪਹਿਲੀ ਜਨਵਰੀ 2000-2025)

## ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ ਅਤੇ ਅਯੋਧਿਆ ਸਲਵਾਨ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 17 ਮਈ 2025 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਗੈਸਟ ਆਫ ਆਨਰ


ਅਮਰਜੀਤ ਢੀਂਡਸਾ


ਡਾ. ਦਲਬੀਰ ਸਿੰਘ ਪੰਨੂ


ਹਰਮਨ ਬਿੰਦ

ਯਾਦ ਸਲਾਮਤ ਰਹੇ...


ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ


ਲਖਵੀਰ ਢੀਂਡਸਾ


ਪਾਲਾ ਸ਼ੇਰਮਾਰ


ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ


ਜੈਦੇਵ ਸਿੰਘ ਭੱਠਲ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ



ਦਰਸ਼ਨ ਸਿੰਘ ਦਰੜ


ਮਨਦੀਪ ਸਿੰਘ ਭੂਰਾ


ਸੁਰਿੰਦਰ ਸਿੰਘ ਸੁੰਨੜ


ਰਘਬੀਰ ਸਿੰਘ ਘੁੰਨ


ਪਰਮਿੰਦਰ ਸਿੰਘ ਵਾਲੀਆ


ਅਮਰੀਕ ਸਿੰਘ (ਅਮਰ ਕਾਰਪੈਟ)


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ


ਅਵਤਾਰ ਸਿੰਘ ਸਪਰਿੰਗਫੀਲਡ



ਗੁਲਜ਼ਾਰ ਸਿੰਘ ਮੁਲਤਾਨੀ


ਭੁਪਿੰਦਰ ਸਿੰਘ ਧਾਲੀਵਾਲ



ਗੁਰਦੇਵ ਸਿੰਘ ਜੌੜਾ


ਅੰਮ੍ਰਿਤਪਾਲ ਸਿੰਘ ਸੰਘਾ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਥਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਹਰਵਿੰਦਰ ਪਾਲ ਸਿੰਘ ਲੈਲ


ਜਗਜੀਤ ਸਿੰਘ ਢੀਂਡਸਾ


ਸਰਵਣ ਸਿੰਘ ਟਿਵਾਣਾ


ਸੁਖਮੇਲ ਸਿੰਘ ਅਟਵਾਲ


ਸ. ਹੈਪੀ ਸਿੰਘ ਹੀਰ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ

# PUNJAB TIMES NIGHT 2025

## ਵਿਸ਼ੇਸ਼ ਮਹਿਮਾਨ



ਦਰਸ਼ਨ ਸਿੰਘ ਧਾਲੀਵਾਲ (ਚੀਫ਼ ਗੈਸਟ) | ਡਾ. ਹਰਜਿੰਦਰ ਸਿੰਘ ਦਿਲਗੀਰ (ਸਿੱਖ ਹਿਸਟੋਰੀਅਨ) | ਇਕਬਾਲ ਮਾਹਲ (ਟੀ.ਵੀ. ਪ੍ਰਸਨੈਲਿਟੀ) | ਪ੍ਰੋ. ਸੁਹਿੰਦਰ ਬੀਰ | ਡਾ. ਜਸਪਾਲ ਕੌਰ ਕਾਂਗ | ਦਵੀ ਦਵਿੰਦਰ (ਸੰਪਾਦਕ: ਸਪੋਕਸਮੈਨ) | ਕੁਲਦੀਪ ਕੌਰ (ਮੁਖੀ ਪੱਤਰਕਾਰੀ ਵਿਭਾਗ)

## ਸਾਡੇ ਸਪਾਂਸਰ



ਮੱਖਣ ਬੈਂਸ | ਰਜਿੰਦਰ ਟਾਂਡਾ | ਗੁਰਚਰਨ ਮਾਨ | ਸੈਮ ਚਾਹਲ | ਕੁਲਵਿੰਦਰ (ਸ਼ਾਇਰ) | ਜਗਜੀਤ ਨੌਸ਼ਹਿਰਵੀ (ਸਾਹਿਤਕਾਰ) | ਗੁਰਬਖਸ਼ ਸਿੰਘ ਰਾਹੀ | ਮੇਜਰ ਗੁਰਚਰਨ ਸਿੰਘ ਝੱਜ | ਡਾ. ਵਿਕਰਮ ਗਿੱਲ | ਦਵਿੰਦਰ ਸਿੰਘ ਰੰਗੀ



ਜੈਰਾਮ ਸਿੰਘ ਕਾਹਲੋਂ | ਲੱਕੀ ਸਹੋਤਾ | ਅਜੈਬ ਲੱਖਣ | ਸੋਹਣ ਸਿੰਘ ਗਿੱਲ | ਡਾ. ਹਰਜਿੰਦਰ ਸਿੰਘ ਖਹਿਰਾ | ਹਰਜਿੰਦਰ ਜਿੰਦੀ | ਜਰਨੈਲ ਸਿੰਘ ਮਿਆਣੀ | ਪਰਮਿੰਦਰ ਗੋਲਡੀ | ਬਲਜੀਤ ਟਿਵਾਣਾ | ਜਸਵਿੰਦਰ ਗਿੱਲ | ਪਿੰਦੀ ਛੀਨਾ



ਲਖਬੀਰ ਸਿੰਘ ਸੰਧੂ | ਮੱਖਣ ਸਿੰਘ ਕਲੇਰ | ਜੱਸੀ ਸਿੰਘ | ਪ੍ਰਦੀਪ ਕਾਹਲੋਂ | ਧਰਮਿੰਦਰ ਖਟੜਾ | ਯਾਦਵਿੰਦਰ ਖਟੜਾ | ਰਾਜਵੀਰ ਬੋਪਾਰਾਏ | ਅਜੇ ਗਰੋਵਰ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਅਯੁਧਿਆ ਸਲਵਾਨ



ਜਸਬੀਰ ਪਲੀਆ | ਸੁਰਿੰਦਰ ਪਲੀਆ | ਅਮਰਦੇਵ ਬਦੇਸ਼ਾ | ਪ੍ਰਦੀਪ ਸਲਵਾਨ | ਰਜਿੰਦਰ ਦਿਆਲ | ਰਾਣਾ ਸਿੰਘ ਵਿਰਕ | ਜਗਮੋਹਨ ਸਿੰਘ ਬੇਗੋਵਾਲ | ਸੰਤੋਖ ਸਿੰਘ ਡੀ ਸੀ | ਰਾਣਾ ਸੇਖੋਂ | ਗੁਰਮੁਖ ਸਿੰਘ ਭੁੱਲਰ | ਪਾਲ ਧਾਲੀਵਾਲ | ਸੁਖਪਾਲ ਗਿੱਲ

**ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ ਮੌਕੇ 17 ਮਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ (ਪੀ ਐਚ ਓ), ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

# LGBT ਸਬੰਧਾਂ ਵਿੱਚ HIV/ਏਡਜ਼ ਅਤੇ ਸੈਕਸੁਅਲ ਰੋਗਾਂ ਦਾ ਖਤਰਾ

ਅੰਮ੍ਰਿਤਸਰ ਵਿਚ LGBT ਪਰੇਡ ਦਾ ਐਲਾਨ ਕਰਨ ਅਤੇ ਬਾਅਦ ਵਿਚ ਰੱਦ ਕਰਨ ਤੋਂ ਬਾਅਦ LGBT ਸ਼ਬਦ ਚਰਚਾ 'ਚ ਆਇਆ। ਜ਼ਿਆਦਾਤਰ ਪੰਜਾਬੀਆਂ ਨੇ ਇਹ ਸ਼ਬਦ ਪਹਿਲੀ ਵਾਰ ਸੁਣਿਆ ਤੇ ਉਨ੍ਹਾਂ ਦੇ ਮਨ 'ਚ ਸਵਾਲ ਉਠੇ ਕਿ ਇਹ ਹੁੰਦਾ ਕੀ ਹੈ। ਆਮ ਲੋਕ ਕੁਦਰਤੀ ਤੀਜੇ ਲਿੰਗ ਭਾਵ ਹਿਜੜੇ ਨੂੰ ਜਾਣਦੇ-ਪਛਾਣਦੇ ਹਨ। ਉਨ੍ਹਾਂ ਸੋਚਿਆ ਕਿ ਇਹ ਵੀ ਉਹੀ ਹੁੰਦੇ ਹਨ, ਪਰ ਨਹੀਂ। ਇਸ ਸ਼ਬਦ 'ਚ ਜੋ ਅੰਗਰੇਜ਼ੀ ਦਾ ਟੀ ਅੱਖਰ ਹੈ, ਉਹ ਟਰਾਂਸਜੈਂਡਰ ਭਾਵ ਹਿਜੜੇ ਦੇ ਪ੍ਰਤੀਕ ਵਾਸਤੇ



ਗੁਰਪ੍ਰੀਤ ਸਿੰਘ ਬਿਲਿੰਗ
ਫੋਨ: 075086-98066

ਹੈ। ਇਹ ਮਰਦ ਔਰਤ ਤੋਂ ਬਾਅਦ ਤੀਜਾ ਕੁਦਰਤੀ ਲਿੰਗ ਹੈ। ਇਸ ਪ੍ਰਤੀ ਸਭ ਜਾਗ੍ਰਿਤ ਹਨ। ਸੋ ਇਸ 'ਤੇ ਚਰਚਾ ਕਰਨਾ ਅੱਖਰਾਂ ਦੀ ਬਰਬਾਦੀ ਹੋ ਸਕਦਾ ਹੈ। ਇਹ ਜੋ ਐਲਜੀਬੀ ਹਨ। ਇਹ ਤਿੰਨੋਂ ਹਿਜੜੇ ਨਹੀਂ ਹੁੰਦੇ। ਇਹ ਅਲਗ ਵਰਗ ਹਨ। ਐਲਜੀਬੀਟੀ ਆਪਣੇ ਸੈਕਸ ਲਿੰਗਾਂ ਤੋਂ ਭਾਵਨਾਤਮਕ ਤੌਰ 'ਤੇ ਅਲੱਗ ਹੁੰਦੇ ਹਨ ਜਾਂ ਮਹਿਸੂਸ ਕਰਦੇ ਹਨ। ਮਰਦ-ਮਰਦ ਵਾਂਗ ਔਰਤ ਨਾਲ ਸੰਭੋਗ ਕਰਨਾ ਨਹੀਂ ਚਾਹੁੰਦਾ, ਬਲਕਿ ਮਰਦ ਮਰਦ ਨਾਲ ਸੰਭੋਗ ਕਰਦਾ ਹੈ। ਇਸ 'ਚ ਸੰਤੁਸ਼ਟ ਹੁੰਦਾ ਹੈ। ਇਸੇ ਤਰ੍ਹਾਂ ਔਰਤ ਔਰਤ ਨਾਲ।

L ਤੋਂ ਭਾਵ ਹੈ ਲੇਸਬੀਅਨ। ਲੇਸਬੀਅਨ ਉਸ ਔਰਤ ਨੂੰ ਕਿਹਾ ਜਾਂਦਾ ਹੈ, ਜੋ ਦੂਜੀ ਔਰਤ ਜਾਂ ਕੁੜੀ ਨਾਲ ਸੈਕਸ ਕਿਰਿਆਵਾਂ ਕਰਦੀ ਹੈ। ਇਸ 'ਚ ਸੰਤੁਸ਼ਟ ਹੁੰਦੀ ਹੈ।

G ਤੋਂ ਭਾਵ ਹੈ ਗੇ। ਗੇ ਉਹ ਮਰਦ ਹੁੰਦੇ ਹਨ, ਜੋ ਦੂਜੇ ਮਰਦ ਜਾਂ ਮੁੰਡੇ ਨਾਲ ਸੈਕਸ ਕਿਰਿਆਵਾਂ ਕਰਦਾ ਹੈ। ਇਸ 'ਚ ਸੰਤੁਸ਼ਟ ਹੁੰਦਾ ਹੈ। B ਤੋਂ ਭਾਵ ਹੈ ਬਾਈਸੈਕਸੁਅਲ। ਉਹ ਮਰਦ ਅਤੇ ਔਰਤ ਹੁੰਦੇ ਹਨ, ਜੋ ਸਭ ਨਾਲ ਸੰਭੋਗ ਕਰ ਲੈਂਦੇ ਹਨ। ਜਿਵੇਂ ਮਰਦ ਇਕ ਔਰਤ ਨਾਲ ਅਤੇ ਮਰਦ ਨਾਲ ਸੰਭੋਗ ਕਰਨ 'ਚ ਬਰਾਬਰ ਸੰਤੁਸ਼ਟ ਹੁੰਦਾ ਹੈ। ਇਸੇ ਤਰ੍ਹਾਂ ਔਰਤ ਦੇ ਮਾਮਲੇ 'ਚ ਵੀ ਹੁੰਦਾ ਹੈ। ਬਾਈਸੈਕਸੁਅਲ ਦੀ ਪਹਿਚਾਣ ਕਰਨਾ ਸਭ ਤੋਂ ਮੁਸ਼ਕਿਲ ਹੁੰਦਾ ਹੈ। ਜੋ ਘਰ 'ਚ ਆਮ ਰਵਾਇਤੀ ਸੈਕਸ ਆਪਣੇ ਸਾਥੀ ਨਾਲ ਕਰਦਾ ਹੈ, ਪਰ ਘਰ ਤੋਂ ਬਾਹਰ ਪਰਦੇ 'ਚ ਸਮਲਿੰਗੀ ਆਪਣੇ ਸੈਕਸ/ਲਿੰਗ ਨਾਲ ਸੈਕਸ ਕਰਦਾ ਹੈ। ਦੂਜੇ ਦੋ ਵਰਗ ਤਾਂ ਫਿਰ ਵੀ ਕੋਸ਼ਿਸ਼ ਕਰਨ ਨਾਲ ਪਹਿਚਾਣੇ ਜਾ ਸਕਦੇ ਹਨ ਜਾਂ ਉਹ ਖੁਦ ਦੁਨੀਆ ਸਾਹਮਣੇ ਖੁੱਲ੍ਹ ਕੇ ਸਵੀਕਾਰ ਵੀ ਕਰ ਲੈਂਦੇ ਹਨ। ਬਾਈਸੈਕਸੁਅਲ ਮਰਦ ਜਾਂ ਔਰਤ ਸੈਕਸ ਸਬੰਧੀ ਬਿਮਾਰੀਆਂ ਜ਼ਿਆਦਾ ਫੈਲਾਅ ਸਕਦੇ ਹਨ, ਕਿਉਂਕਿ ਇਹ ਘਰ ਅਤੇ ਬਾਹਰ ਅਲੱਗ-ਅਲੱਗ ਪਹਿਚਾਣ ਤਹਿਤ ਸੈਕਸ ਕਰਦੇ ਹਨ। ਜ਼ਿਆਦਾ ਸਾਥੀ ਬਣਾਉਣਾ ਇਸ ਦਾ ਕਾਰਨ ਹੈ। ਇਸ ਲੇਖ ਦਾ ਵੀ ਇਹੀ ਵਿਸ਼ਾ ਹੈ ਭਾਵ ਸੰਭੋਗ ਸਬੰਧੀ ਬਿਮਾਰੀਆਂ ਫੈਲਣ ਸਬੰਧੀ ਚਿੰਤਾ।

LGBT ਸਬੰਧਾਂ ਵਿਚ ਸੰਤੁਸ਼ਟੀ ਹੇਟਰੋਸੈਕਸੁਅਲ ਸਬੰਧਾਂ ਭਾਵ ਆਮ ਰਵਾਇਤੀ ਸਬੰਧਾਂ ਜਿੰਨੀ ਹੀ ਹੋ ਸਕਦੀ ਹੈ। ਇਸ ਦਾ ਇਹ ਮਤਲਬ ਨਹੀਂ ਕਿ ਆਮ ਵਾਂਗ ਪੂਰੀ 100% ਹੋ ਜਾਵੇਗੀ। ਇਹ ਇਨਸਾਨ ਤੋਂ ਇਨਸਾਨ ਅਲਗ-ਅਲਗ ਜਾਂ ਵੱਧ ਘੱਟ ਹੋ ਸਕਦੀ ਹੈ। ਇੱਕ ਅਧਿਐਨ (2014, BMC Women's Health) ਵਿਚ ਪਾਇਆ ਗਿਆ ਕਿ ਲੇਸਬੀਅਨ ਅਤੇ ਹੇਟਰੋਸੈਕਸੁਅਲ ਜੋੜਿਆਂ ਨੇ ਤਿੰਨ ਸਾਲਾਂ ਬਾਅਦ ਸਬੰਧ ਸੰਤੁਸ਼ਟੀ ਵਿਚ ਬਰਾਬਰ ਮਹਿਸੂਸ ਕਰਿਆ ਹੈ। ਸੰਤੁਸ਼ਟੀ ਸਬੰਧ ਦੀ ਗੁਣਵੱਤਾ, ਸੰਚਾਰ, ਅਤੇ ਆਪਸੀ ਸਮਝ 'ਤੇ ਨਿਰਭਰ ਕਰਦੀ ਹੈ, ਨਾ ਕਿ ਸਿਰਫ਼ ਸੈਕਸੁਅਲ ਓਰੀਐਂਟੇਸ਼ਨ 'ਤੇ। LGBT ਜੋੜਿਆਂ ਵਿਚ ਸੈਕਸੁਅਲ ਸੰਤੁਸ਼ਟੀ ਅਕਸਰ ਉਨ੍ਹਾਂ ਦੀ ਖੁੱਲ੍ਹੀ ਮਿਲਦੀ-ਜੁਲਦੀ ਸੋਚ ਅਤੇ ਲਚਕਤਾ ਕਾਰਨ ਉੱਚੀ ਹੋ ਸਕਦੀ ਹੈ।

ਖੈਰ, ਵਿਸ਼ਾ ਹੈ ਬਿਮਾਰੀ ਫੈਲਣ ਦਾ ਖਤਰਾ ਅਤੇ ਚਿੰਤਾ। ਆਓ ਹੁਣ ਇਸ ਨੂੰ ਸਮਝਦੇ ਹਾਂ।

STD ਭਾਵ ਸੈਕੁਅਲੀ ਟ੍ਰਾਂਸਮਿਟੇਡ ਡੀਸੀਜ਼। ਇਹ ਸ਼ਬਦ ਉਨ੍ਹਾਂ ਸਭ ਬਿਮਾਰੀਆਂ ਲਈ ਵਰਤਿਆ ਜਾਂਦਾ ਹੈ, ਜੋ ਸੈਕਸੁਅਲ ਕਿਰਿਆਵਾਂ ਦੌਰਾਨ ਇਕ ਇਨਸਨ ਤੋਂ ਦੂਜੇ ਇਨਸਾਨ ਤੱਕ



ਫੈਲ ਜਾਂਦੀਆਂ ਹਨ। ਯਾਦ ਰੱਖਣਾ ਕਿ ਇਹ ਸਭ ਬਿਆਰੀਆਂ ਛੂਹਣ, ਇਕੱਠੇ ਰਹਿਣ, ਖਾਣ-ਪੀਣ, ਇਕ-ਦੂਜੇ ਦੇ ਕੱਪੜੇ ਵਰਤਣ, ਭਾਂਡੇ ਵਰਤਣ ਨਾਲ ਨਹੀਂ ਫੈਲਦੀਆਂ, ਸਗੋਂ ਇਕ ਦੂਜੇ ਨਾਲ ਸੈਕਸੁਅਲ ਕਿਰਿਆਵਾਂ ਕਰਨਾ ਭਾਵ ਸੰਭੋਗ ਕਰਨ ਨਾਲ ਫੈਲਦੀਆਂ ਹਨ। ਵੈਸੇ ਤਾਂ ਐਸਟੀਡੀ 'ਚ ਬਹੁਤ ਸਾਰੀਆਂ ਬਿਮਾਰੀਆਂ ਹਨ, ਪਰ ਆਮ ਲੋਕ ਕੇਵਲ ਇਕ ਹੀ ਨਾਮ ਜਾਣਦੇ ਹਨ। ਉਹ ਹੈ ਏਡਜ਼। ਏਡਜ਼ ਇਕ ਬਾਅਦ ਦੀ ਪ੍ਰਪੱਕ ਬਿਮਾਰੀ ਦੀ ਹਲਾਤ ਦਾ ਨਾਮ ਹੈ। ਇਸ 'ਚ ਸਭ ਤੋਂ ਪਹਿਲਾਂ ਐਚ ਆਈ ਵੀ ਹੁੰਦੀ ਹੈ ਜਾਂ ਕਹਿ ਲਵੋ ਕਿ ਵਾਇਰਸ ਜਾਂ ਰੋਗ ਲੱਗਦਾ ਹੈ। ਇਸ ਦੇ ਲੱਗਣ ਦਾ ਇਕ ਕਾਰਨ ਸੈਕਸ ਵੀ ਹੈ। ਬਾਕੀ ਹਨ ਇਕ ਹੀ ਸੂਈ ਵਰਤਣ ਨਾਲ, ਇਕ ਦੂਜੇ ਦਾ ਖੂਨ ਖੁੱਲ੍ਹੇ ਜ਼ਖਮਾਂ ਦੇ ਸੰਪਰਕ 'ਚ ਆਉਣ ਨਾਲ, ਇਸ ਵਾਇਰਸ ਤੋਂ ਪ੍ਰਭਾਵਿਤ ਖੂਨ ਚੜ੍ਹ ਜਾਣ ਨਾਲ ਆਦਿ। ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਆਪਣੇ ਸਵਾਲ Google, Grok, DeepSeek, Geimin, Meta AI ਤੋਂ ਪੁੱਛ ਸਕਦੇ ਹੋ। HIV ਤੋਂ ਭਾਵ Human immuno deficiency Virus, ਜੋ ਆਪਣੇ ਸਰੀਰ ਦੀ ਰੋਗਾਂ ਨਾਲ ਲੜਨ ਵਾਲੀ ਸ਼ਕਤੀ ਨੂੰ ਘੱਟ ਕਰ ਦਿੰਦਾ ਹੈ। ਇਸ ਤਰ੍ਹਾਂ ਬਾਕੀ ਰੋਗ ਲੱਗਣ ਦੀ ਦਰ ਵਧ ਜਾਂਦੀ ਹੈ ਅਤੇ ਛੇਤੀ ਠੀਕ ਨਹੀਂ ਹੁੰਦੇ। AIDS ਤੋਂ ਭਾਵ Acquired immuno deficiency syndrome ਜਦੋਂ ਐਚ ਆਈ ਵੀ ਹੋਣ ਤੋਂ ਬਾਅਦ ਰੋਗਾਂ ਨਾਲ ਲੜਣ ਦੀ ਸ਼ਕਤੀ ਬਹੁਤ ਹੀ ਹੱਦ ਤੱਕ ਘਟ ਜਾਂਦੀ ਹੈ। ਬਹੁਤ ਗੂੜ੍ਹੀ, ਪ੍ਰਪੱਕ, ਗੰਭੀਰ ਹਾਲਤ ਹੈ, ਜਦੋਂ ਐਚ ਆਈ ਵੀ ਆਪਣਾ ਖਤਰਨਾਕ ਰੂਪ ਧਾਰਨ ਕਰ ਲੈਂਦਾ ਹੈ।

HIV ਦਾ ਖਤਰਾ MSM ਵਿਚ ਵੱਧ ਹੈ, ਪਰ ਰੋਕਥਾਮ ਨਾਲ ਘੱਟ ਕੀਤਾ ਜਾ ਸਕਦਾ ਹੈ। ਲੇਸਬੀਅਨ ਸਬੰਧਾਂ ਵਿਚ ਘੱਟ ਖਤਰਾ ਹੈ। ਹੁਣ ਗੱਲ ਕਰਦੇ ਹਾਂ ਕਿ ਐਲਜੀਬੀਟੀ ਸਬੰਧਾਂ ਤਹਿਤ STD, HIV ਹੋਣ ਦਾ ਖਤਰਾ ਕੀ ਵਾਕਿਆ ਹੀ ਵਧ ਜਾਂਦਾ ਹੈ। ਜਵਾਬ ਹੈ ਹਾਂ ਵਧ ਜਾਂਦਾ ਹੈ। ਪਹਿਲਾਂ ਇਹ ਦੁਬਾਰਾ ਸਮਝ ਲਵੋ ਕਿ LGBT ਪਛਾਣ ਸਿਰਫ਼ ਵਿਵਹਾਰ ਨਾਲ ਨਹੀਂ, ਸਵੈ-ਸਵੀਕ੍ਰਿਤੀ ਨਾਲ ਸਪੱਸ਼ਟ ਹੁੰਦੀ ਹੈ। ਜਦੋਂ ਇਨਸਾਨ ਜੋ ਅੰਦਰੋਂ ਮਹਿਸੂਸ ਕਰਦਾ ਹੈ। ਉਹ ਖੁਦ ਸਵੀਕਾਰ ਕਰ ਕੇ ਖੁੱਲ੍ਹ ਕੇ ਦੂਜਿਆਂ ਨੂੰ ਦੱਸਦਾ ਹੈ। ਇਸ ਨੂੰ ਡਾਕਟਰੀ ਜਾਂਚ ਰਾਹੀਂ ਨਹੀਂ ਪਤਾ ਲਗਾਇਆ ਜਾ ਸਕਦਾ। ਹਾਂ ਟੀ ਭਾਵ ਹਿਜੜੇ ਹੋਣ ਨੂੰ ਡਾਕਟਰੀ ਜਾਂਚ ਰਾਹੀਂ ਸਿੱਧ ਕਰ ਸਕਦੇ ਹਾਂ, ਕਿਉਂਕਿ ਇਸ 'ਚ ਲਿੰਗ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਏ ਹੁੰਦੇ ਅਤੇ ਰੁਚੀਆਂ ਵੀ ਉਸ ਮੁਤਾਬਿਕ ਨਹੀਂ ਹੁੰਦੀਆਂ। ਵੈਸੇ ਤਾਂ ਇਨ੍ਹਾਂ ਸਭ 'ਚ ਸਭ ਤੋਂ ਪਹਿਚਾਣ ਦਾ ਲੱਛਣ ਕੇਵਲ ਇਨਸਾਨ ਦਾ ਸਵੀਕਾਰ ਕਰਨਾ ਹੀ ਹੈ। ਇਨ੍ਹਾਂ ਵਲੋਂ ਆਪਸੀ ਸਬੰਧ ਬਣਾਉਣਾ ਰੋਗਾਂ ਦਾ ਖਤਰਾ ਵਧਾ ਦਿੰਦਾ ਹੈ।

ਗੇ ਸਮਲਿੰਗੀ ਸਬੰਧਾਂ ਚ (MSM - Men who have Sex with Men), HIV ਅਤੇ ਹੋਰ ਸੈਕਸੁਅਲ ਰੋਗਾਂ ਦਾ ਖਤਰਾ ਵਧ ਜਾਂਦਾ ਹੈ, ਕਿਉਂਕਿ ਐਨਲ ਸੈਕਸ (ਗੁਦਾ ਸੰਭੋਗ) HIV ਟ੍ਰਾਂਸਮਿਸ਼ਨ ਦਾ ਸਭ ਤੋਂ ਵੱਡਾ ਜੋਖਮ ਹੈ ਕਿਉਂਕਿ ਗੁਦਾ ਦੀ ਚਮੜੀ ਪਤਲੀ ਹੁੰਦੀ ਹੈ ਅਤੇ ਇਸ ਵਿਚ ਛੋਟੇ ਜਖਮ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। CDC (2021) ਅਨੁਸਾਰ, ਅਮਰੀਕਾ ਵਿਚ 71% ਨਵੇਂ HIV ਕੇਸ ਗੇ ਅਤੇ ਬਾਈਸੈਕਸੁਅਲ ਮਰਦਾਂ ਵਿਚ ਹਨ। ਗੇ ਅਤੇ ਬਾਈਸੈਕਸੁਅਲ ਮਰਦਾਂ ਵਿਚ HIV ਦਾ ਜੀਵਨ ਭਰ ਦਾ ਖਤਰਾ 1/6 (16.6%) ਹੈ, ਜਦੋਂ ਕਿ ਆਮ ਆਬਾਦੀ ਵਿਚ ਇਹ 1/99 (1%) ਤੋਂ ਘੱਟ ਹੈ। ਇਹ 16 ਗੁਣਾ ਵੱਧ ਹੈ। ਇਸੇ ਤਰ੍ਹਾਂ ਬਲੈਕ ਗੇ ਮਰਦਾਂ ਵਿਚ ਇਹ ਖਤਰਾ 1/2 (50%) ਅਤੇ ਲੈਟਿਨੋ ਮਰਦਾਂ ਵਿਚ 1/4 (25%) ਹੈ। ਲੇਸਬੀਅਨ ਔਰਤਾਂ ਵਿਚਕਾਰ (WSW - Women who have Sex with Women) ਖਤਰਾ ਘੱਟ ਹੁੰਦਾ ਹੈ, ਪਰ ਜੇਕਰ ਉਹ ਮਰਦਾਂ ਨਾਲ ਵੀ ਸੰਬੰਧ ਰੱਖਦੀਆਂ ਹਨ ਜਾਂ ਸੂਈਆਂ, ਸੈਕਸ ਖਿਡੌਣੇ ਸਾਂਝੇ ਕਰਦੀਆਂ ਹਨ ਜਾਂ ਮਾਹਵਾਰੀ ਪੀਰੀਅਡ 'ਚ ਸੰਭੋਗ ਕਰਦੀਆਂ ਹਨ ਤਾਂ ਖਤਰਾ ਵਧ ਜਾਂਦਾ ਹੈ। ਖਤਰਾ ਪੂਰੀ ਤਰ੍ਹਾਂ ਖ਼ਤਮ ਨਹੀਂ ਹੁੰਦਾ, ਪਰ ਘੱਟ ਹੋ ਸਕਦਾ ਹੈ ਜੇ ਕੰਡੋਮ ਜਾਂ ਬੈਰੀਅਰ ਵਰਤੇ ਜਾਣ। ਇਨ੍ਹਾਂ 'ਚ ਰੋਗ ਫੈਲਣ ਦੀ ਦਰ 0.01% ਹੈ। ਖਤਰਾ ਘੱਟ ਕਰਨ ਲਈ ਹਮੇਸ਼ਾ PrEP (Pre-Exposure Prophylaxis) ਦਵਾਈ ਲਈ ਜਾ ਸਕਦੀ ਹੈ, ਜੋ ਇਡ ਦੇ ਖਤਰੇ ਨੂੰ 99% ਤੱਕ ਘਟਾਉਂਦੀ ਹੈ। ਮੁੱਕਦਾ ਅਤੇ ਯਾਦ ਰੱਖਣ ਯੋਗ ਨੁਕਤਾ ਸਿਰਫ ਇਹ ਹੈ ਕਿ ਅਜਿਹੇ ਗੈਰ ਕੁਦਰਤੀ ਅਤੇ ਅਸੁਰੱਖਿਅਤ ਸੰਭੋਗ ਤੋਂ ਹਮੇਸ਼ਾ ਹੀ ਦੂਰ ਰਿਹਾ ਜਾਵੇ। ਬਚ ਕੇ ਰਿਹਾ ਜਾਵੇ। ਬਾਕੀ ਮਰਦ ਔਰਤ ਸਬੰਧਾਂ ਤਹਿਤ ਵੀ ਕੰਡੋਮ ਵਰਤਿਆ ਜਾਵੇ। ਅਜਿਹਾ ਕਰਨਾ ਭਾਵੇਂ 100% ਸੁਰੱਖਿਆ ਨਹੀਂ ਦਿੰਦਾ, ਪਰ ਫਿਰ ਵੀ ਖਤਰਾ ਬਹੁਤ ਘੱਟ ਕਰ ਦਿੰਦਾ ਹੈ। ਦੂਜਾ ਬਹੁਤੇ ਸੈਕਸ ਪਾਰਟਨਰ ਨਾ ਬਣਾਏ ਜਾਣ ਅਤੇ ਆਪਣੇ ਪਾਰਟਨਰ ਪ੍ਰਤੀ ਵਫਾਦਾਰ, ਭਰੋਸੇਯੋਗ ਰਹਿਣਾ ਚਾਹੀਦਾ ਹੈ।

---

**ਵਿਅੰਗ**

# ਖਰਬੂਜੇ ਦੇ ਖੇਤ

ਅੱਜ ਕੱਲ੍ਹ ਬਾਜ਼ਾਰ ਵਿਚ ਖਰਬੂਜੇ ਵਿਕਦੇ ਦੇਖ ਕੇ ਸਾਨੂੰ ਆਪਣਾ ਬਚਪਨ ਯਾਦ ਆ ਗਿਆ।

ਸਾਡਾ ਬਚਪਨ ਅਤੇ ਲੜਕਪਨ ਛੱਲੀਆਂ ਚੱਬਣ, ਅੰਬ ਤੇ ਗੰਨੇ ਚੂਪਣ, ਖਰਬੂਜੇ/ਹਦਵਾਣੇ ਅਤੇ ਕੱਚੀਆਂ ਅੰਬੀਆਂ ਖਾਣ 'ਚ ਬੀਤਿਐ।

ਉਦੋਂ ਖਰਬੂਜੇ ਨੂੰ ਪੇਂਡੂ ਫਲ ਸਮਝਿਆ ਜਾਂਦਾ ਸੀ ਅਤੇ ਲਗਭਗ ਹਰ ਜ਼ਿਮੀਂਦਾਰ ਜਾਂ ਤਾਂ ਵੇਚਣ ਲਈ ਤੇ ਜਾਂ ਘਰ ਖਾਣ ਲਈ ਇਹ ਫਲ ਜ਼ਰੂਰ ਬੀਜਦਾ ਸੀ। ਹੁਣ ਤਾਂ ਖਰਬੂਜੇ ਦੀਆਂ ਐਨੀਆਂ ਆਧੁਨਿਕ ਕਿਸਮਾਂ ਆ ਗਈਆਂ ਹਨ ਕਿ ਇਹ ਸ਼ਹਿਰੀ ਫਲ ਬਣ ਗਿਆ ਹੈ ਅਤੇ ਸਧਾਰਨ ਪੇਂਡੂਆਂ ਦੇ ਲਿਬੜੇ-ਤਿਬੜੇ ਹੱਥਾਂ 'ਚੋਂ ਨਿਕਲ ਕੇ ਆਧੁਨਿਕ ਪੰਜ ਤਾਰਾ ਹੋਟਲਾਂ ਦੇ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

ਲਜ਼ੀਜ਼ ਫਲਾਂ ਵਿਚ ਪਰੋਸਿਆ ਜਾਂਦਾ ਹੈ! (ਅਸੀਂ ਤਾਂ ਹਦਵਾਣਾ ਅੱਧ ਵਿਚਾਲਿਉਂ ਪਾੜ ਕੇ ਹੱਥਾਂ ਨਾਲ ਹੀ ਖਾਂਦੇ ਸਾਂ, ਏਦਾਂ ਹੀ ਖਰਬੂਜੇ ਦੀਆਂ ਫਾੜੀਆਂ ਵੀ ਰੱਬ ਦੀਆਂ ਬਖਸ਼ੀਆਂ ਫੋਰਕਾਂ (ਕਾਂਟੇ), ਭਾਵ ਉਂਗਲਾਂ ਨਾਲ ਹੀ ਛਕਦੇ ਸਾਂ)।

ਖਰਬੂਜੇ ਨਾਲ ਸਬੰਧਤ ਦੋ ਅਖਾਣ ਬੜੇ ਪ੍ਰਚੱਲਿਤ ਹਨ, ਇਨ੍ਹਾਂ 'ਚੋਂ ਇੱਕ ਵਧੇਰੇ ਵਰਤੋਂ ਵਿਚ ਆਉਂਦਾ ਹੈ ਤੇ ਉਹ ਹੈ- 'ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਫੜਦੈ'। ਇਸ ਦਾ ਅਰਥ 'ਜੈਸੀ ਸੰਗਤ, ਤੈਸੀ ਰੰਗਤ' ਹੈ। ਭਾਵ ਸੋਹਬਤ ਦਾ ਅਸਰ ਸੁਭਾ 'ਤੇ ਹੋਣਾ ਲਾਜ਼ਮੀ ਹੈ। ਕਿਹਾ ਜਾਂਦੈ ਕਿ 'ਜੈਸੀ ਦ੍ਰਿਸ਼ਟੀ, ਤੈਸੀ ਸ੍ਰਿਸ਼ਟੀ', 'ਜੈਸਾ ਆਹਾਰ ਤੈਸਾ ਆਚਾਰ/ਵਿਵਹਾਰ/ਕਿਰਦਾਰ', 'ਜੈਸਾ ਅੰਨ, ਤੈਸਾ ਤਨ' ਅਤੇ 'ਜੈਸੀ ਸੰਗਤ, ਤੈਸੀ ਰੰਗਤ'! ਇਸੇ ਲਈ ਤਾਂ ਸਿਆਣੇ ਸਲਾਹ ਦਿੰਦੇ ਹਨ ਕਿ ਮਾੜੀ ਸੋਹਬਤ ਨਾਲੋਂ 'ਕੱਲੇ ਚੰਗੇ!

ਦੂਸਰਾ ਅਖਾਣ ਜ਼ਰਾ ਘੱਟ ਵਰਤੋਂ ਵਿਚ ਆਉਂਦਾ ਹੈ ਕਿ 'ਖਰਬੂਜੇ ਦੇ ਖੇਤ ਵਿਚ ਵੜ ਕੇ ਖਰਬੂਜਾ ਪਸੰਦ ਨਹੀਂ ਆਉਂਦਾ'। ਜਾਣੀ, ਜੇ ਕਿਸੇ ਪਦਾਰਥ ਜਾਂ ਚੀਜ਼ ਦੀ ਬਹੁਤਾਤ ਹੋਵੇ ਤਾਂ ਪਸੰਦ ਦੀ ਵਸਤ ਦੀ ਚੋਣ ਕਰਨੀ ਔਖੀ ਹੋ ਜਾਂਦੀ ਹੈ। ਇਹ ਗੱਲ ਅਸੀਂ ਆਪ ਅਜ਼ਮਾਈ ਹੈ, ਅਜ਼ਮਾਈ ਕੀ, ਹੰਢਾਈ ਹੈ।

(ਵੈਸੇ ਅਖਾਣ ਹੋਰ ਵੀ ਹਨ, ਜਿਵੇਂ-ਖਰਬੂਜੇ ਵਾਂਗ ਸਿਰ ਪਾੜ ਦੇਣਾ, ਖਰਬੂਜੇ ਦੀਆਂ ਕਤਲੀਆਂ ਵਰਗੇ ਤਿੱਖੇ ਨੈਣ-ਨਕਸ਼)

ਸਾਡਾ ਬਚਪਨ ਆਪਣੇ ਨਾਨਕਾ ਪਿੰਡ ਸਲੀਮਪੁਰ ਅਫਗਾਨਾ (ਗੁਰਦਾਸਪੁਰ) ਵਿਚ ਬਤੀਤ ਹੋਇਆ ਹੈ। ਉਦੋਂ ਮੈਰੇ (ਰੇਤਲੀ) ਵਾਲੀ ਜ਼ਮੀਨ ਵਿਚ ਖਰਬੂਜੇ ਬੜੇ ਬੀਜੇ ਜਾਂਦੇ ਸਨ। ਮੇਰੇ ਨਾਨਕਿਆਂ ਦੇ ਖੇਤਾਂ ਦੇ ਨਾਲ ਹੀ ਮੇਰੇ ਨਾਨਾ ਜੀ ਦੇ ਦੋ ਸਕੇ ਭਰਾਵਾਂ ਦੇ ਖੇਤ ਹੁੰਦੇ ਸਨ ਤੇ ਉਨ੍ਹਾਂ ਵਿਚ ਵੀ ਖਰਬੂਜੇ ਬੀਜੇ ਜਾਂਦੇ ਸਨ। ਜਾਣੀ ਅੱਠ-ਦਸ ਖੇਤਾਂ ਵਿਚ ਖਰਬੂਜੇ ਹੀ ਖਰਬੂਜੇ ਹੁੰਦੇ ਸਨ। ਐਂ ਲਗਦਾ ਹੁੰਦਾ ਸੀ ਕਿ ਖਰਬੂਜਿਆਂ ਦੀਆਂ ਧਰਤੀ ਉਪਰ ਲੇਟਵੀਆਂ ਵੇਲਾਂ, ਉਨ੍ਹਾਂ ਦੇ ਪੱਤਿਆਂ ਤੇ ਖਰਬੂਜਿਆਂ ਨੇ ਸਾਰੀ ਧਰਤ ਨੂੰ ਇਕ ਹਰੀ ਚਾਦਰ ਵਿਚ ਲਪੇਟਿਆ ਹੋਵੇ। ਪੱਕਣ ਤੋਂ ਪਹਿਲਾਂ ਖਰਬੂਜੇ ਵੀ ਹਰੇ ਹੁੰਦੇ ਹਨ, ਪੱਤੇ ਵੀ ਤੇ ਵੇਲਾਂ ਵੀ। ਬਾਅਦ ਵਿਚ ਰੰਗ ਵਟਾਉਂਦੇ ਹਨ। ਭਾਵ, ਰੰਗ ਬਰੰਗੇ ਹੋ ਜਾਂਦੇ ਹਨ।

ਸਾਡੇ ਸਕੂਲ ਦੇ ਰਾਹ ਵਿਚ ਪੈਂਦੇ ਸਨ ਇਹ ਖੇਤ। ਗੁਰਦਾਸ ਨੰਗਲ ਦੇ ਸਕੂਲ ਤੋਂ ਪਰਤਦਿਆਂ ਅਸੀਂ 4-5 ਜਣੇ ਖਰਬੂਜਿਆਂ ਦੇ ਖੇਤਾਂ ਵਿਚ ਵੜ ਜਾਂਦੇ। ਮੈਂ ਤਾਂ ਦੋਹਤਰਵਾਨ ਸੀ, ਇਸ ਲਈ ਕਿਸੇ ਵੀ ਖੇਤ ਵਿਚ ਜਾ ਵੜਦਾ। ਉਦੋਂ ਭਾਈਚਾਰਾ ਬਹੁਤ ਹੁੰਦਾ ਸੀ। ਇੱਕ ਘਰ ਦਾ ਦੋਹਤਾ/ਦੋਹਤਰਾ ਸਭ ਘਰਾਂ ਦਾ ਦੋਹਤਾ ਸਮਝਿਆ ਜਾਂਦਾ ਸੀ। ਮੇਰੀ ਇੱਕ ਹਮਜਮਾਤਣ ਰਾਜਵੰਤ (ਗੋਗੀ) ਤੇ ਇੱਕ ਸੀਨੀਅਰ ਰਣਜੀਤ ਸਕੀਆਂ ਭੈਣਾਂ ਸਨ ਤੇ ਮੇਰੀ ਮਾਂ ਦੇ ਸਕੇ ਚਾਚਾ ਜੀ ਦੀਆਂ ਬੇਟੀਆਂ ਸਨ। ਸੋ, ਚਾਚਾ ਜੀ ਦੇ ਖੇਤ ਵੀ ਆਪਣੇ ਹੀ ਹੋਏ। ਇੱਕ ਹੋਰ ਚਾਚਾ ਜੀ ਦਾ ਬੇਟਾ ਜਗੀਰ ਵੀ ਨਾਲ ਪੜ੍ਹਦਾ ਸੀ। ਸੋ, ਉਸ ਦੇ ਖੇਤਾਂ ਦੇ ਖਰਬੂਜੇ ਵੀ ਸਾਡੇ!

ਇੱਕ ਖੇਤ ਦੇ ਇੱਕ ਕੋਨੇ ਤੋਂ ਚੰਗੇ/ਮਨਪਸੰਦ ਖਰਬੂਜੇ ਦੀ ਭਾਲ ਕਰਦਿਆਂ ਕਰਦਿਆਂ ਸਾਰੇ ਖੇਤ ਗਾਹ ਦੇਣੇ ਪਰ ਕੋਈ ਖਰਬੂਜਾ ਨਾ ਪਸੰਦ ਆਉਣਾ। ਜੇ ਗੋਗੀ (ਰਾਜਵੰਤ) ਨੂੰ ਕੋਈ ਖਰਬੂਜਾ ਪਸੰਦ ਆ ਜਾਣਾ ਤਾਂ ਉਸ ਦੀ ਵਡੀ ਭੈਣ ਰਣਜੀਤ ਨੇ ਕਹਿਣਾ ਹੋਰ ਅਗੇ 'ਵੇਂਹਦੇ' ਆਂ। ਜੇ ਦੋਵਾਂ ਨੂੰ ਕੋਈ ਖਰਬੂਜਾ ਚੰਗਾ ਲਗਣਾ ਤਾਂ ਮੈਂ ਕਹਿ ਦੇਣਾ ਕਿ ਅਗਲੇ ਖੇਤ ਵਿਚ ਦੇਖਦੇ ਆਂ। ਦੋਸਤ ਦੀਪੇ



ਦੀ ਵੱਖ ਚੋਣ ਹੋਣੀ। ਆਖਿਰ ਤੋੜਨਾ ਓਹੀ ਜੋ ਪਹਿਲੇ ਖੇਤ 'ਚ ਪਸੰਦ ਆਇਆ ਹੁੰਦਾ!

ਬੜੇ ਖਰਬੂਜੇ ਖਾਧੇ ਨਾਨਕਿਆਂ ਦੇ!

ਖਰਬੂਜਾ-ਖਖੜੀ ਜੋੜੇ ਸ਼ਬਦ ਵਰਤੇ ਜਾਂਦੇ ਹਨ, ਬੇਸ਼ਕ ਦੋਵਾਂ ਦੇ ਅਰਥ ਵੱਖ-ਵੱਖ ਹਨ। ਹਦਵਾਣਾ, ਜਿਸ ਦਾ ਅਸਲੀ ਨਾਮ ਹਿੰਦਵਾਣਾ ਹੈ ਤੇ ਜਿਸ ਨੂੰ ਤਰਬੂਜ਼ ਜਾਂ ਮਤੀਰਾ ਵੀ ਕਿਹਾ ਜਾਂਦੈ, ਵੀ ਗਰਮੀਆਂ ਦਾ ਫਲ ਹੈ ਜੋ ਮਾਰੂ ਜ਼ਮੀਨ ਜਾਂ ਮਾਰੂਥਲ ਦਾ ਫਲ ਕਿਹਾ ਜਾਂਦੈ।

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਅਨੁਸਾਰ ਖਰਬੂਜਾ ਫਾਰਸੀ ਦਾ ਸ਼ਬਦ ਹੈ ਜਿਸ ਦਾ ਉਚਾਰਨ ਖ਼ੁਰਪੁਜ਼ਹ ਭੀ ਸਹੀ ਹੈ, ਸੰਸਕ੍ਰਿਤ 'ਚ ਇਸ ਨੂੰ ਖੰਬੂਜ, ਉਰਵਾਂਰੁ ਅਤੇ ਦਸ਼ਾਗਲ ਕਹਿੰਦੇ ਹਨ। ਇਹ ਸਾਉਣੀ ਦੀ ਫਸਲ ਦਾ ਫਲ ਹੈ, ਜੋ ਵੇਲ ਨੂੰ ਲਗਦਾ ਹੈ, ਇਸ ਦੀ ਤਾਸੀਰ ਗਰਮ ਤਰ ਹੈ। ਬਲੋਚਿਸਤਾਨ ਅਤੇ ਮਿਸਰ ਦੇ ਖਰਬੂਜੇ ਬਹੁਤ ਮਿੱਠੇ ਹੁੰਦੇ ਹਨ, ਕਾਬੁਲੀ ਸਰਦਾ ਭੀ ਇਸੇ ਜਾਤ ਵਿਚੋਂ ਹੈ।

ਕੋਸ਼ ਅਨੁਸਾਰ ਖਖੜੀ ਜਾਂ ਕਕੜੀ 'ਤਰ' ਨੂੰ ਕਿਹਾ ਜਾਂਦੈ ਜੋ ਖੀਰੇ ਦੀ ਜਾਤ ਦਾ ਲੰਮਾ ਹਰਾ ਫਲ ਹੁੰਦਾ ਹੈ। ਪਰ ਖਖੜੀ ਅੱਕ ਨੂੰ ਲੱਗਣ ਵਾਲੇ ਉਸ ਅੰਬੀ ਵਰਗੇ ਦਿਸਦੇ ਪਦਾਰਥ ਨੂੰ ਵੀ ਕਹਿੰਦੇ ਹਨ ਜੋ ਕੌੜਾ ਹੁੰਦੈ ਤੇ ਜਿਸ 'ਚੋਂ ਰੂੰ ਦੇ ਫੰਬੇ ਹਵਾ ਵਿਚ ਉਡਦੇ ਹਨ- "ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ"॥ (ਸ.ਗ.ਗ.ਸ.ਅੰਗ 319)ਤਰਬੂਜ਼ ਸੰਸਕ੍ਰਿਤ ਦੇ 'ਤਰੰਬੁਜ' ਅਤੇ ਫਾਰਸੀ ਮੂਲ ਦੇ 'ਹਿੰਦਵਾਣਾ'(ਮਤੀਰਾ) ਦਾ ਸ਼ਬਦ ਹੈ ਜੋ ਹਦਵਾਣੇ ਜਾਂ ਤਰਬੂਜ਼ ਵਜੋਂ ਬੋਲਣ 'ਚ ਵਧੇਰੇ ਵਰਤਿਆ ਜਾਂਦਾ ਹੈ।

ਅੰਗਰੇਜ਼ੀ ਵਿਚ ਖਰਬੂਜੇ ਨੂੰ 'ਮੈਲਨ'/ ਮਸਕ ਮੈਲਨ ਕਹਿੰਦੇ ਹਨ। ਇਹ ਪੁਰਾਤਨ ਫਰਾਂਸਿਸੀ ਭਾਸ਼ਾ ਰਾਹੀਂ ਲਾਤੀਨੀ ਦੇ 'ਮੇਲੋ' 'ਚੋਂ ਆਇਆ ਹੈ ਜੋ 'ਮੈਲੋਪੈਪੋ' ਸ਼ਬਦ ਦਾ ਛੋਟਾ ਕੀਤਾ ਰੂਪ ਹੈ। ਇਹ ਯੂਨਾਨੀ ਭਾਸ਼ਾ ਦੇ ਸ਼ਬਦ 'ਮੈਲੋਪੈਪੋਨ' ਦੀ ਉਪਜ ਹੈ ਜੋ 'ਮੈਲਨ=ਐਪਲ' ਅਤੇ 'ਪੈਪੋਨ=ਗੌਰਡ' ਦਾ ਜੋੜ ਹੈ, ਜਾਣੀ ਸੇਬ ਵਰਗਾ ਲਜ਼ੀਜ਼ ਕੱਦੂ/ਘੀਆ!

ਖਰਬੂਜਾ ਕੈਂਟਾਲੋਪ ਨਾਮ ਦੀ ਵਾਈਨ (ਵੇਲ) ਨੂੰ ਲਗਦਾ ਹੈ। ਦੇਸੀ ਖਰਬੂਜੇ ਪੱਕ ਕੇ ਅੰਦਰੋਂ ਸੰਗਤਰੀ ਰੰਗ ਦੇ ਹੋ ਜਾਂਦੇ ਹਨ। ਮਧੂ ਖਰਬੂਜਾ ਬਹੁਤ ਮਜ਼ੇਦਾਰ ਹੁੰਦੈ!

ਨਿਮਾਣੀ ਇਕਾਦਸ਼ੀ ਦੇ ਤਿਉਹਾਰ ਸਮੇਂ ਖਰਬੂਜੇ ਖਾਣਾ ਚੰਗਾ ਮੰਨਿਆ ਜਾਂਦਾ ਹੈ।

ਖਰਬੂਜੇ ਦੇ ਬੀਜਾਂ 'ਚੋਂ ਮਗਜ਼ ਕੱਢੇ ਜਾਂਦੇ ਹਨ ਜੋ ਬੀਮਾਰੀਆਂ ਦੇ ਇਲਾਜ ਅਤੇ ਤਾਕਤ ਲਈ ਵਰਤੇ ਜਾਂਦੇ ਹਨ (ਅਸੀਂ ਆਪ ਬੀਜਾਂ 'ਚੋਂ ਮਗਜ਼ ਕੱਢ ਕੇ ਖਾਂਦੇ ਰਹੇ ਹਾਂ)।

ਖਰਬੂਜੇ ਵਿਚ ਵਿਟਾਮਿਨ ਏ, ਬੀ, ਸੀ, ਆਇਰਨ, ਫਾਸਫੋਰਸ ਅਤੇ ਕੈਲਸ਼ੀਅਮ ਹੁੰਦਾ ਹੈ। ਇਹ ਗਰਮ ਰੁੱਤ ਦੀ ਫਸਲ ਹੈ ਅਤੇ ਮਈ, ਜੂਨ ਵਿਚ ਖਰਬੂਜੇ ਪਕਦੇ ਹਨ। ਹੁਣ ਤਾਂ ਅਗੇਤੇ ਅਤੇ ਪਿਛੇਤੇ ਖਰਬੂਜੇ ਵੀ ਮਿਲਦੇ ਹਨ ਜੋ ਬੜੇ ਮਹਿੰਗੇ ਭਾਅ ਵੇਚੇ ਜਾਂਦੇ ਹਨ। ਪਰ ਮੌਸਮੀ ਫ਼ਲ ਮੌਸਮੀ ਹੀ ਹੁੰਦੈ, ਉਸ ਦਾ ਭਲਾ ਕੀ ਜਵਾਬ !

ਵਿੱਕੀਪੀਡੀਆਂ ਅਨੁਸਾਰ ਮਸਕ ਮੈਲਨ ਈਰਾਨ, ਐਨਨਾਟੋਲਿਆ ਅਤੇ ਕਾਕੇਸ਼ਸ ਦੇ ਮੂਲ ਨਿਵਾਸੀ ਹਨ, ਜੋ ਬਾਅਦ ਵਿਚ ਉੱਤਰੀ-ਪੱਛਮੀ ਭਾਰਤ ਅਤੇ ਅਫਗਾਨਿਸਤਾਨ ਵਿਚ ਪੁਜੇ।

'ਮਸਕ ਮੈਲਨ' 'ਕਿਕਿਯੂਮਿਸ ਮੈਲੋ' ਦੀਆਂ ਵੱਖ ਵੱਖ ਕਿਸਮਾਂ ਹਨ, ਜਿਵੇਂ ਕੈਂਟਾਲੋਪ ਤੇ ਹਨੀ ਡਿਯੂ, ਜਿਨ੍ਹਾਂ ਕਿਸਮਾਂ ਦੇ ਫਲ ਵਿਚਲੇ ਪੀਲੇ, ਚਿੱਟੇ, ਹਰੇ ਰੰਗ ਦੇ ਮਿੱਠੇ ਗੁੱਦੇ ਦੀ ਕਸਤੂਰੀ ਵਰਗੀ ਖੁਸ਼ਬੂ ਹੁੰਦੀ ਹੈ! (ਸਰੋਤ-ਕੋਲਿਨਜ਼ ਇੰਗਲਿਸ਼ ਡਿਕਸ਼ਨਰੀ)।

ਹਦਵਾਣੇ ਦੀ ਸ਼ੁਰੂਆਤ ਦੱਖਣੀ ਅਫਰੀਕਾ ਤੋਂ ਹੋਈ ਦਸੀ ਜਾਂਦੀ ਹੈ। ਮਾਰੂਥਲ ਜਾਂ ਰੇਤੀਲੀ/ਬਰਾਨੀ ਜ਼ਮੀਨ ਦੇ ਇਸ ਫਲ ਵਿਚ ਪ੍ਰੋਟੀਨ, ਖਣਿਜ ਅਤੇ ਕਾਰਬੋਹਾਈਡਰੇਟ ਦੇ ਨਾਲ ਨਾਲ ਭਾਰੀ ਮਾਤਰਾ ਵਿਚ ਪਾਣੀ ਹੁੰਦਾ ਹੈ (ਕਰੀਬ 92%)।

ਖੈਰ, ਖਰਬੂਜਾ ਤਾਂ ਸਾਡਾ ਆਖਰੀ ਸਾਹ ਤਕ ਪਸੰਦੀਦਾ ਫਲ ਰਹੇਗਾ। ਤੇ ਨਾਨਕਿਆਂ ਦੇ ਖੇਤਾਂ ਨੂੰ ਗਾਹ ਗਾਹ ਕੇ ਲੱਭੇ ਮਨਪਸੰਦ ਖਰਬੂਜੇ ਤਾਂ ਮਰ ਕੇ ਵੀ ਨਹੀਂ ਭੁੱਲਣੇ!

# ਮਕਬੂਲ ਫਿਦਾ ਹੁਸੈਨ: ਕਲਾਕਾਰ, ਜਿਸਦੀ ਕਲਾ ਅਤੇ ਵਿਰਾਸਤ ਨੂੰ ਮੌਤ ਤੋਂ ਬਾਅਦ ਵੀ ਸ਼ਾਂਤੀ ਨਸੀਬ ਨਹੀਂ ਹੋਈ

***ਭਗਵਾ ਹਕੂਮਤ ਭਾਰਤੀ ਲੋਕਾਂ ਦੀ ਜ਼ਿੰਦਗੀ ਦੇ ਹਰ ਖੇਤਰ ਨੂੰ ਕੰਟਰੋਲ ਕਰਨ ਲਈ ਹਰ ਹਰਬਾ ਵਰਤ ਰਹੀ ਹੈ। ਇਸ ਦਾ ਇਕ ਵੱਡਾ ਨਿਸ਼ਾਨਾ ਕਲਾ ਅਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਕੁਚਲਣਾ ਹੈ। ਇਸੇ ਤਹਿਤ ਉੱਘੇ ਕਲਾ ਰਚੇਤਾ ਮਕਬੂਲ ਫਿਦਾ ਹੁਸੈਨ ਦੀਆਂ ਕਲਾ ਕਿਰਤਾਂ ਉੱਪਰ ਇਤਰਾਜ਼ ਖੜ੍ਹੇ ਕੀਤੇ ਗਏ ਅਤੇ ਉਸਨੂੰ ਜਲਾਵਤਨ ਹੋਣ ਲਈ ਮਜਬੂਰ ਕਰ ਦਿੱਤਾ ਗਿਆ। ਉਸ ਦੀਆਂ ਕਲਾ ਕਿਰਤਾਂ ਦੀ ਮੰਗ ਦਰਸਾਉਂਦੀ ਹੈ ਕਿ ਤਾਨਾਸ਼ਾਹ ਹਕੂਮਤਾਂ ਦੇ ਕਲਾ ਨੂੰ ਮਾਰਨ ਦੇ ਮਨਸੂਬੇ ਕਦੇ ਸਫਲ ਨਹੀਂ ਹੁੰਦੇ। ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਇਨ੍ਹਾਂ ਸਾਰੇ ਪੱਖਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਹੈ।***

ਮਕਬੂਲ ਕਲਾਕਾਰ ਫ਼ਿਦਾ ਹੁਸੈਨ ਦੀਆਂ ਵਿਵਾਦਪੂਰਨ ਕਲਾਕ੍ਰਿਤੀਆਂ ਅਤੇ ਉਨ੍ਹਾਂ ਦੇ ਸਮਾਜਿਕ-ਰਾਜਨੀਤਿਕ ਪ੍ਰਭਾਵ ਗਹਿਰੇ ਹਨ। ਉਨ੍ਹਾਂ ਦੀ ਮੌਤ (2011) ਦੇ ਬਾਅਦ ਵੀ, ਉਨ੍ਹਾਂ ਦੀਆਂ ਪੇਂਟਿੰਗਾਂ ਨੂੰ ਲੈ ਕੇ ਵਿਵਾਦ ਜਾਰੀ ਹੈ। ਫ਼ਿਦਾ ਹੁਸੈਨ ਭਾਰਤ ਦਾ ਇਕ ਅਜਿਹਾ ਕਲਾਕਾਰ ਹੈ ਜਿਸਦੀ ਚਰਚਾ ਮਰਨ ਦੇ ਬਾਅਦ ਵੀ ਖ਼ਤਮ ਹੋਣ ਦਾ ਨਾਮ ਨਹੀਂ ਲੈ ਰਹੀ। 2024 ਦੇ ਦਸੰਬਰ ਦੇ ਅੱਧ ਵਿਚ ਉਹ ਉਸ ਸਮੇਂ ਚਰਚਾ 'ਚ ਆ ਗਏ ਜਦੋਂ ਦਿੱਲੀ ਆਰਟ ਗੈਲਰੀ ਵਿਚ ਲੱਗੀ ਉਨ੍ਹਾਂ ਦੀ ਪੇਂਟਿੰਗ ਨੂੰ ਲੈ ਕੇ ਪਾਰਲੀਮੈਂਟ ਸਟ੍ਰੀਟ ਸਥਿਤ ਪੁਲਿਸ ਥਾਣੇ ਵਿਚ ਉਨ੍ਹਾਂ ਵਿਰੁੱਧ ਇਕ ਸ਼ਿਕਾਇਤ ਦਰਜ ਕਰਵਾਈ ਗਈ। ਮਕਬੂਲ ਫਿਦਾ ਹੁਸੈਨ ਦੀ ਉਸ ਪੇਂਟਿੰਗ ਨੂੰ ਦੇਵਤਿਆਂ ਦਾ ਅਪਮਾਨ ਕਰਨ ਵਾਲੀ ਦੱਸਿਆ ਗਿਆ। ਜਦੋਂ ਪੁਲਿਸ ਆਰਟ ਗੈਲਰੀ ਵਿਚ ਛਾਣਬੀਣ ਕਰਨ ਲਈ ਲਈ ਗਈ,


**ਬੂਟਾ ਸਿੰਘ ਮਹਿਮੂਦਪੁਰ**

ਤਾਂ ਉਦੋਂ ਤੱਕ ਉੱਥੋਂ 'ਇਤਰਾਜ਼ਯੋਗ' ਪੇਂਟਿੰਗ ਹਟਾ ਦਿੱਤੀ ਗਈ ਸੀ। ਇਹ 10 ਦਸੰਬਰ ਦੀ ਗੱਲ ਸੀ। ਮੀਡੀਆ ਵਿਚ ਇਸ ਨੂੰ ਲੈ ਕੇ ਉਸ ਸਮੇਂ ਕਈ ਖ਼ਬਰਾਂ ਆਈਆਂ ਅਤੇ ਇਕ ਵਾਰ ਫਿਰ ਫਿਦਾ ਹੁਸੈਨ ਚਰਚਾ ਵਿਚ ਆ ਗਏ ਸਨ।

ਉਨ੍ਹਾਂ ਦੀ ਇਹ ਚਰਚਾ ਆਉਣ ਵਾਲੇ ਸਮੇਂ ਵਿਚ ਘੱਟ ਹੁੰਦੀ-ਹੁੰਦੀ ਉਸ ਸਮੇਂ ਇਕ ਵਾਰ ਫਿਰ ਮੀਡੀਆ ਦੀਆਂ ਮੁੱਖ ਖ਼ਬਰਾਂ ਵਿਚ ਬਦਲ ਗਈ ਜਦੋਂ ਉਨ੍ਹਾਂ ਦੀ 'ਗ੍ਰਾਮ ਯਾਤਰਾ' ਪੇਂਟਿੰਗ ਦਾ ਮੁੱਲ 118.7 ਕਰੋੜ ਰੁਪਏ ਅੰਗਿਆ ਗਿਆ। ਭਾਰਤੀ ਮਾਡਰਨ ਆਰਟ ਗੈਲਰੀ ਵੱਲੋਂ ਇਹ ਨੀਲਾਮੀ ਨਿਊਯਾਰਕ ਵਿਚ ਕੀਤੀ ਗਈ ਸੀ। ਇਸ ਨੇ ਅਮ੍ਰਿਤਾ ਸ਼ੇਰਗਿੱਲ ਦੀ 'ਦ ਸਟੋਰੀ ਟੇਲਰ' ਪੇਂਟਿੰਗ ਨੂੰ ਵੀ ਪਿੱਛੇ ਛੱਡ ਦਿੱਤਾ। ਇਸ ਪੇਂਟਿੰਗ ਦੀ ਖਰੀਦਦਾਰ ਸੀ ਕਿਰਨ ਨਾਦਰ। ਉਹ ਸ਼ਿਵ ਨਾਦਰ ਫਾਊਂਡੇਸ਼ਨ ਦੀ ਟਰੱਸਟੀ ਹੈ।

'ਗ੍ਰਾਮ ਯਾਤਰਾ' ਇਕ ਵਰਕਸ਼ਾਪ ਦੇ ਦੌਰਾਨ ਬਣਾਈ ਗਈ ਸੀ। 14 ਫੁੱਟ ਲੰਬੀ-ਚੌੜੀ ਇਸ ਪੇਂਟਿੰਗ ਵਿਚ ਭਾਰਤੀ ਪੇਂਡੂ ਜੀਵਨ ਦੇ ਕੁਲ 13 ਵੱਖ-ਵੱਖ ਦ੍ਰਿਸ਼ ਚਿੱਤਰੇ ਗਏ ਹਨ। ਇਸ ਪੇਂਟਿੰਗ ਨੂੰ ਬਣਾਏ ਜਾਣ ਅਤੇ ਇਸਦੇ ਵਰਕਸ਼ਾਪ ਦੇ ਫਿਲਮਾਂਕਣ ਨੂੰ ਯੂਟਿਊਬ ਉੱਪਰ ਵੇਖਿਆ ਜਾ ਸਕਦਾ ਹੈ।





ਇਨ੍ਹਾਂ ਦੋ ਉਪਰੋਕਤ ਚਰਚਾਵਾਂ ਦੇ ਬਾਅਦ 5 ਅਪ੍ਰੈਲ, 2025 ਨੂੰ ਇਕ ਛੋਟੀ ਜਿਹੀ ਖ਼ਬਰ ਇੰਡੀਅਨ ਐਕਸਪ੍ਰੈਸ ਦੇ ਤੀਜੇ ਪੰਨੇ 'ਤੇ ਛਪੀ। ਦਿੱਲੀ ਆਰਟ ਗੈਲਰੀ ਵਿਚ ਪ੍ਰਦਰਸ਼ਨੀ ਦੇ ਦੌਰਾਨ ਲੱਗੀ ਮਕਬੂਲ ਫਿਦਾ ਹੁਸੈਨ ਦੀ ਪੇਂਟਿੰਗ ਨੂੰ ਲੈ ਕੇ ਦਰਜ ਕੀਤੀ ਗਈ ਸ਼ਿਕਾਇਤ ਨੂੰ ਐੱਫ.ਆਈ.ਆਰ. ਵਿਚ ਬਦਲਣ ਸੰਬੰਧੀ ਮੈਟ੍ਰੋਪੋਲੀਟਨ ਕੋਰਟ ਵਿਚ ਸੁਣਵਾਈ ਦੇ ਦੌਰਾਨ ਦਿੱਲੀ ਆਰਟ ਗੈਲਰੀ ਵੱਲੋਂ ਦਿੱਤਾ ਗਿਆ ਬਿਆਨ ਗੌਰਤਲਬ ਸੀ: "ਜੋ ਸਕੈਚ ਸਨ, ਉਹ ਉੱਥੇ ਪ੍ਰਦਰਸ਼ਨੀ ਲਈ 30 ਦਿਨਾਂ ਤੱਕ ਸਨ। ਹਜ਼ਾਰਾਂ ਲੋਕਾਂ ਨੇ ਪੇਂਟਿੰਗਾਂ ਨੂੰ ਦੇਖਿਆ। ਇਤਰਾਜ਼ ਕਰਤਾ (ਸਚਦੇਵਾ) ਨੂੰ ਛੱਡ ਕੇ ਕਿਸੇ ਨੇ ਇਤਰਾਜ਼ ਨਹੀਂ ਕੀਤਾ। ਉਨ੍ਹਾਂ ਦੇ ਇਸ ਇਤਰਾਜ਼ ਨੂੰ ਪੂਰੇ ਭਾਈਚਾਰੇ ਦੇ ਇਤਰਾਜ਼ ਵਾਂਗ ਨਹੀਂ ਦੇਖਿਆ ਜਾਣਾ ਚਾਹੀਦਾ।"

ਨਾਲ ਹੀ ਉਨ੍ਹਾਂ ਦੇ ਵਕੀਲ ਨੇ ਇਹ ਵੀ ਜੋੜਿਆ: "ਕਲਾ ਦੀ ਸਮਝਦਾਰੀ ਲਈ ਤੁਹਾਨੂੰ ਆਪਣਾ ਦਿਮਾਗ਼ ਵਧਾਉਣ ਦੀ ਲੋੜ ਹੈ।"

ਇਹ ਬਹਿਸ ਅਜੇ ਜਾਰੀ ਹੈ ਅਤੇ ਇਸ ਸੰਬੰਧ ਵਿਚ 21 ਅਪ੍ਰੈਲ ਨੂੰ ਸੁਣਵਾਈ ਤੈਅ ਹੋਈ ਹੈ। ਕੋਰਟ ਦਾ ਫ਼ੈਸਲਾ ਕੀ ਲੈ ਕੇ ਆਵੇਗਾ, ਇਹ ਅਜੇ ਦੇਖਣਾ ਬਾਕੀ ਹੈ। ਪਰ, ਕਲਾ ਦੀ ਮੰਡੀ ਵਿਚ ਮਕਬੂਲ ਫਿਦਾ ਹੁਸੈਨ ਦਾ ਨਾਮ ਸਭ ਤੋਂ ਉੱਪਰ ਪਹੁੰਚ ਗਿਆ ਹੈ। ਅਤੇ ਇਸਦੇ ਖ਼ਰੀਦਦਾਰ ਕਿਤੇ ਹੋਰ ਤੋਂ ਨਹੀਂ, ਬਲਕਿ ਇੱਥੇ ਹੀ ਦਿੱਲੀ ਤੋਂ ਹਨ।

ਕਲਾ ਇਕ ਅਜਿਹਾ ਸਿਰਜਣਾਤਮਕ ਪੱਖ ਹੈ ਜਿਸਦੀ ਚੋਣ ਜਿੰਨੀ ਆਤਮਗਤ ਹੈ, ਉਸਦਾ ਪ੍ਰਗਟਾਵਾ ਓਨਾ ਹੀ ਸਮਾਜਿਕ ਹੈ। ਇਹ ਆਪਣੇ ਅੰਦਰ ਇਤਿਹਾਸਕ ਵਿਕਾਸ ਯਾਤਰਾ ਨੂੰ ਸਮੇਟੇ ਹੋਏ ਆਉਂਦੀ ਹੈ ਅਤੇ ਵਰਤਮਾਨ ਨਾਲ ਅਕਸਰ ਉਲਝ ਜਾਂਦੀ ਹੈ। ਇਨ੍ਹਾਂ ਸਭ ਵਿਚ ਕਲਾਕਾਰ ਦੀ ਆਪਣੀ ਜ਼ਿੰਦਗੀ ਬੇਹੱਦ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਪਰ, ਇਨ੍ਹਾਂ ਸਭ ਵਿਚ ਸਭ ਤੋਂ ਵੱਡੀ ਭੂਮਿਕਾ ਉਸ ਸਮੇਂ ਦੀ ਰਾਜਨੀਤੀ ਨਿਭਾਉਂਦੀ ਹੈ, ਜਿਸਦੇ ਕੇਂਦਰ ਵਿਚ ਰਾਜ ਅਤੇ ਵਿਚਾਰ ਦੋਵੇਂ ਹੀ ਹੁੰਦੇ ਹਨ। ਜੋ ਵਿਚਾਰ ਰਾਜ ਨੂੰ ਆਪਣੇ ਕੰਟਰੋਲ ਵਿਚ ਲੈਂਦਾ ਹੈ, ਰਾਜ ਉਸ ਵਿਚਾਰ ਦੇ ਵਾਹਕਾਂ, ਵਰਗਾਂ, ਭਾਈਚਾਰਿਆਂ ਦੇ ਹਿਤ-ਸਾਧਕ ਵਿਚ ਬਦਲਦਾ ਜਾਂਦਾ ਹੈ। ਇਸ ਵਿਚ ਕਲਾ ਅਤੇ ਕਲਾਕਾਰ ਦੀ ਹੋਂਦ ਇਨ੍ਹਾਂ ਨਾਲ ਹੀ ਜੁੜੀ ਹੁੰਦੀ ਹੈ।

ਕਲਾ ਅਤੇ ਕਲਾਕਾਰ ਵਿਚ ਮੁੱਖ ਪੱਖ ਨਿਸ਼ਚੇ ਹੀ ਕਲਾਕਾਰ ਹੁੰਦਾ ਹੈ। ਇਸੇ ਲਈ, ਸਭ ਤੋਂ ਵੱਧ ਮਾਰ ਕਲਾਕਾਰ 'ਤੇ ਹੀ ਪੈਂਦੀ ਹੈ। ਇਸ ਸਦੀ ਦੇ ਸ਼ੁਰੂਆਤੀ ਸਾਲਾਂ ਵਿਚ ਫਿਦਾ ਹੁਸੈਨ ਦੀ ਚਰਚਾ ਅਤੇ ਉਨ੍ਹਾਂ ਉੱਪਰ ਹਮਲਿਆਂ ਦੀ ਸ਼ੁਰੂਆਤ ਹੋ ਚੁੱਕੀ ਸੀ। ਅੰਤ ਵਿਚ ਉਨ੍ਹਾਂ ਨੇ 2006 ਵਿਚ ਮੁਲਕ ਛੱਡ ਦਿੱਤਾ। 2011 ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਇਹ ਮੁਲਕ ਨਸੀਬ ਨਹੀਂ ਹੋਇਆ। ਪਰ, ਉਨ੍ਹਾਂ ਦੀ ਕਲਾ ਨੂੰ ਇਹ ਨਸੀਬ ਹਾਸਲ ਹੈ ਕਿ ਉਹ ਇਸ ਮੁਲਕ ਵਿਚ ਬਣੀ ਰਹੇ। ਹਾਲਾਂਕਿ ਅਜੇ ਵੀ ਉਨ੍ਹਾਂ ਦੀਆਂ ਕਲਾਕ੍ਰਿਤਾਂ ਨੂੰ ਲੈ ਕੇ ਵਿਵਾਦ ਜਾਰੀ ਹੈ।

ਅੱਜ ਵੀ ਮਕਬੂਲ ਫਿਦਾ ਹੁਸੈਨ ਦੀਆਂ ਕਲਾਕ੍ਰਿਤਾਂ ਨੂੰ ਦਿੱਲੀ ਦੀਆਂ ਕਈ ਸਰਕਾਰੀ ਇਮਾਰਤਾਂ 'ਤੇ ਵੇਖਿਆ ਜਾ ਸਕਦਾ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ 1970 ਦੇ ਦਹਾਕੇ ਵਿਚ ਬਣੀਆਂ ਸਨ। ਪੁਰਾਣੀਆਂ ਹੁੰਦੀਆਂ ਇਮਾਰਤਾਂ ਦੇ ਟੁੱਟਣ ਦਾ ਸਿਲਸਿਲਾ ਵੀ ਜਾਰੀ ਹੈ। ਉਨ੍ਹਾਂ ਨਾਲ ਹੀ ਉਹ ਕਲਾਕ੍ਰਿਤਾਂ ਵੀ ਖ਼ਤਮ ਹੋ ਜਾਣਗੀਆਂ। ਪਰ, ਉਨ੍ਹਾਂ ਦੀਆਂ ਚੰਦ ਭੜਕਾਊ ਰੇਖਾਵਾਂ ਦੀ ਕੋਮਲਤਾ ਤੋਂ ਜੋ ਆਕਾਰ ਉਭਰਦੇ ਹਨ, ਉਹ ਆਧੁਨਿਕ ਭਾਰਤੀ ਕਲਾ ਦਾ ਹਿੱਸਾ ਬਣ ਚੁੱਕੀਆਂ ਹਨ। ਉਹ ਭਾਰਤੀ ਕਲਾ ਤੋਂ ਬਾਹਰ ਹੋ ਜਾਣ ਵਾਲੀਆਂ ਨਹੀਂ ਹਨ।

ਜਿਸ ਮੰਡੀਵਾਦ ਨੇ ਫਿਦਾ ਹੁਸੈਨ ਨੂੰ ਭਾਰਤ ਤੋਂ ਜਲਾਵਤਨ ਕਰ ਦਿੱਤਾ, ਉਸੇ ਮੰਡੀ ਨੇ ਉਨ੍ਹਾਂ ਦੀ ਕਲਾ ਨੂੰ ਇਕ ਨਿੱਜੀ ਸੰਗ੍ਰਹਿਖ਼ਾਨੇ ਵਿਚ ਵਾਪਸ ਆਉਣ ਦਾ ਰਾਹ ਦੇ ਦਿੱਤਾ। ਇਨ੍ਹਾਂ ਵਾਕਾਂ ਨੂੰ ਪੜ੍ਹਦੇ ਸਮੇਂ ਇਹ ਜੋੜ ਕੇ ਜ਼ਰੂਰ ਪੜ੍ਹਨਾ ਚਾਹੀਦਾ ਹੈ: "ਕਲਾਕਾਰ ਦੀ ਵਾਪਸੀ ਬਿਲਕੁਲ ਨਹੀਂ ਹੋਈ ਹੈ। ਕਲਾਕਾਰ ਅਜੇ ਵੀ ਜਲਾਵਤਨ ਹੈ। ਮੰਡੀ ਹਮੇਸ਼ਾ ਹੀ ਸਿਰਜਣਹਾਰ ਨੂੰ ਹਾਸ਼ੀਏ 'ਤੇ ਧੱਕਦੀ ਹੈ ਅਤੇ ਰਾਜ ਦੀ ਤਾਕਤ ਨਾਲ ਉਸਨੂੰ ਮੌਤ ਵੱਲ ਲੈ ਜਾਂਦੀ ਹੈ। ਮੰਡੀ ਕਦੇ ਵੀ ਕਲਾਕਾਰ ਦੀ ਵਾਪਸੀ ਨਹੀਂ ਕਰਦੀ, ਉਸਦੀ ਕਲਾ ਦਾ ਮੁੱਲ ਜ਼ਰੂਰ ਲਗਾਉਂਦੀ ਹੈ। ਮੰਡੀ ਵਿਚ ਸਭ ਤੋਂ ਉੱਚੇ ਮੁੱਲ 'ਤੇ ਵਿਕਣ ਦੇ ਬਾਵਜੂਦ ਵੀ, ਮਕਬੂਲ ਫਿਦਾ ਹੁਸੈਨ ਇਸਦੇ ਅਪਵਾਦ ਨਹੀਂ ਹਨ।"

# ਕੀ ਫ਼ਰਾਂਸੀਸੀ ਅਦਾਲਤਾਂ ਵਰਗੇ ਇਤਿਹਾਸਕ ਫ਼ੈਸਲੇ ਸਾਡੇ ਦੇਸ਼ਾਂ ਵਿਚ ਵੀ ਹੋਣਗੇ?

ਜਿਵੇਂ ਸਾਡੇ ਆਮ ਦੰਦ ਕਥਾ ਹੈ ਕਿ ਸਿਆਸਤ, ਜਾਂ ਸਿਆਸੀ ਲੋਕਾਂ ਨੂੰ ਸਮਝਣਾ ਆਮ ਬੰਦੇ ਦੇ ਵੱਸ ਦਾ ਰੋਗ ਨਹੀਂ। ਉਨ੍ਹਾਂ ਦੀ ਕਹਿਣੀ ਅਤੇ ਕਥਨੀ ਵਿਚ ਲੱਖਾਂ ਕੋਹਾਂ ਦਾ ਫ਼ਰਕ ਹੁੰਦਾ ਹੈ, ਕਿਉਂਕਿ ਉਨ੍ਹਾਂ ਦੇ ਫ਼ੋਕੇ ਦਾਅਵੇ ਅਤੇ ਵਾਅਦੇ ਕਦੇ ਤੋੜ ਨਹੀਂ ਚੜ੍ਹਦੇ, ਰਾਹ ਵਿਚ ਹੀ ਦਮ ਤੋੜ ਜਾਂਦੇ ਹਨ। 'ਬੁਰਕੇ ਵਾਲੇ ਲੁਟੇਰਿਆਂ' ਵਾਂਗ ਇਨ੍ਹਾਂ ਦੇ 'ਅਸਲ' ਚਿਹਰੇ ਵੀ ਕਦੇ-ਕਦਾਈਂ ਹੀ ਲੋਕਾਂ ਦੇ



**ਸ਼ਿਵਚਰਨ ਜੱਗੀ ਕੁੱਸਾ**

ਸਾਹਮਣੇ ਨੰਗੇ ਹੁੰਦੇ ਹਨ। ਫ਼ਰਾਂਸ ਦੀ ਸਿਆਸਤਦਾਨ ਮਾਰੀਨ ਲੇ ਪੇਨ ਫ਼ਰਾਂਸ ਦੀ ਰਾਸ਼ਟਰਪਤੀ ਦੇ ਅਹੁਦੇ ਦੀ ਦਾਅਵੇਦਾਰ ਸੀ। ਪਰ ਪਰਦੇ ਪਿੱਛੇ ਚੱਲ ਰਹੇ ਦਿਲਚਸਪ ਨਾਟਕ ਦਾ ਜਦ ਪਰਦਾ 'ਫ਼ਾਸ਼' ਹੋਇਆ, ਤਾਂ ਫ਼ਰਾਂਸੀਸੀਆਂ ਨੇ ਹੀ ਨਹੀਂ, ਯੂਰਪੀਅਨ ਦੇਸ਼ਾਂ ਦੇ ਬਾਸ਼ਿੰਦਿਆਂ ਨੇ ਵੀ ਮੂੰਹ ਵਿਚ ਉਂਗਲਾਂ ਪਾ ਲਈਆਂ ਅਤੇ ਹੈਰਾਨੀ ਨਾਲ ਜੀਭ ਦੰਦਾਂ ਵਿਚ ਲੈ ਲਈ।

ਸਿਆਸੀ ਲੋਕ ਸਿਰਫ਼ ਭਾਰਤ ਜਾਂ ਹੋਰ ਏਸ਼ੀਆਈ ਦੇਸ਼ਾਂ ਵਿਚ ਹੀ ਹੇਰਾ-ਫ਼ੇਰੀ ਨਹੀਂ ਕਰਦੇ, ਬਲਕਿ 'ਬਾਹਰਲੇ' ਅਗਾਂਹਵਧੂ ਦੇਸ਼ਾਂ ਦੇ ਲੀਡਰ ਵੀ ਇਸ ਪੱਖੋਂ ਬਹੁਤੇ ਦੁੱਧ ਧੋਤੇ ਨਹੀਂ। ਉਨ੍ਹਾਂ ਉੱਪਰ ਵੀ ਹਾਥੀ ਦੇ ਦੰਦਾਂ ਵਾਲੀ ਕਹਾਵਤ ਖ਼ੂਬ ਢੁਕਦੀ ਹੈ। ਪਿਛਲੇ ਦਿਨੀਂ ਫ਼ਰਾਂਸ ਦੇ 'ਲੀਬ' ਦਾ ਪਹਿਲਾ ਪੰਨਾ ਇਸ ਤੋਂ ਵੱਧ ਸਪੱਸ਼ਟ ਨਹੀਂ ਹੋ ਸਕਦਾ ਸੀ, ਕਿ ਮਰੀਨ ਲੇ ਪੇਨ 'ਗਬਨ' ਦੀ ਦੋਸ਼ੀ ਹੈ, ਅਤੇ ਭ੍ਰਿਸ਼ਟ ਸਿਆਸਤਦਾਨਾਂ ਨੂੰ ਵੀ ਜਵਾਬਦੇਹ ਬਣਾਇਆ ਜਾ ਸਕਦਾ ਹੈ। ਫਰਾਂਸ ਦੀ ਸੱਜੇ-ਪੱਖੀ ਨੈਸ਼ਨਲ ਰੈਲੀ ਪਾਰਟੀ ਦੀ ਮੁਖੀ, ਮਾਰੀਨ ਲੇ ਪੇਨ ਨੇ ਆਪਣਾ ਤਮਾਮ ਕੈਰੀਅਰ ਯੂਰਪੀਅਨ ਯੂਨੀਅਨ ਦੇ ਵਿਰੁੱਧ ਰੈਲੀਆਂ ਕਰਨ, ਪ੍ਰਵਾਸੀਆਂ 'ਤੇ ਬੇਰਹਿਮੀ ਨਾਲ ਹਮਲੇ ਕਰਨ ਅਤੇ 'ਲੇ ਵੋਕਿਸਮ' ਬਾਰੇ 'ਤਿੱਖੇ ਨਾਅਰੇ' ਲਗਾ ਕੇ ਸੱਭਿਆਚਾਰਕ ਯੁੱਧ ਨੂੰ ਭੜਕਾਉਣ ਵਿਚ ਬਿਤਾਇਆ ਹੈ। ਦੋਸ਼ ਸਪੱਸ਼ਟ ਹੋਣ ਕਾਰਨ ਰਾਸ਼ਟਰਪਤੀ ਅਹੁਦੇ ਲਈ ਉਸ ਦੀ ਦਾਅਵੇਦਾਰੀ ਬੇਕਾਰ ਹੋ ਗਈ ਹੈ, ਕਿਉਂਕਿ ਰਾਜ ਨੇਤਾ ਨੂੰ ਆਪਣੀ ਰਾਜਨੀਤਿਕ ਪਾਰਟੀ ਨੂੰ ਫੰਡ ਦੇਣ ਲਈ ਯੂਰਪੀਅਨ ਯੂਨੀਅਨ ਦੇ ਫੰਡਾਂ ਦੀ ਗੈਰ-ਕਾਨੂੰਨੀ ਵਰਤੋਂ ਕਰਨ ਦਾ 'ਦੋਸ਼ੀ' ਪਾਇਆ ਗਿਆ ਹੈ।

ਚਾਹੇ ਹੰਗਰੀ ਦੇ ਵਿਕਟਰ ਓਰਬਨ, ਇਟਲੀ ਦੀ ਜੌਰਜੀਆ ਮੇਲੋਨੀ, ਕ੍ਰੇਮਲਿਨ, ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਸ ਦੇ ਸਲਾਹਕਾਰ ਅਤੇ ਤਕਨੀਕੀ ਅਰਬਪਤੀ ਐਲੋਨ ਮਸਕ ਨੇ ਆਪਣੀ ਆਪਣੀ ਰਾਇ ਪ੍ਰਗਟ ਕੀਤੀ ਹੈ। ਮਾਰੀਨ ਲੇ ਪੇਨ ਉਪਰ ਪੰਜ ਸਾਲ ਦੀ ਚੋਣ ਪਾਬੰਦੀ ਲੱਗਣ ਬਾਰੇ ਐਲਨ ਮਸਕ ਨੇ ਤਾਂ ਇਸ ਫੈਸਲੇ ਨੂੰ ਖੱਬੇਪੱਖੀਆਂ ਦੀ ਕੱਟੜਪੰਥੀ ਕਾਰਵਾਈ ਕਰਾਰ ਦਿੱਤਾ ਹੈ। ਬਹੁਤ ਸਾਰੀਆਂ ਪ੍ਰਤੀਕਿਰਿਆਵਾਂ ਨੇ ਇਸ ਫੈਸਲੇ ਨੂੰ ਵਰਤਮਾਨ ਵਿਚ ਸਭ ਤੋਂ ਅਗਲੀ ਕਤਾਰ ਵਿਚ ਖੜ੍ਹੇ ਉਮੀਦਵਾਰ ਨੂੰ 2027 ਵਿਚ ਫਰਾਂਸੀਸੀ ਰਾਸ਼ਟਰਪਤੀ ਦੀ ਚੋਣ ਲੜਨ 'ਤੋਂ ਰੋਕਣ ਦੀ ਇੱਕ ਲੋਕਤੰਤਰ ਵਿਰੋਧੀ ਕੋਸ਼ਿਸ਼ ਵਜੋਂ ਦਰਸਾਇਆ।

ਹੁਣ ਘੋਰ ਹੈਰਾਨੀ ਦੀ ਗੱਲ ਇਹ ਹੈ ਕਿ ਮਾਰੀਨ ਲੇ ਪੇਨ ਦੁਆਰਾ ਉਸੀ ਸੰਸਥਾ ਤੋਂ ਵਿੱਤੀ ਤੌਰ 'ਤੇ ਲਾਭ ਉਠਾਉਣ ਦੀ ਵਿਡੰਬਨਾ ਕਿਸੇ ਤੋਂ ਵੀ ਛੁਪੀ ਨਹੀਂ, ਜਿਸ ਸੰਸਥਾ ਦੀ ਉਹ ਸਾਲਾਂ ਤੋਂ ਨਿੰਦਾ ਅਤੇ ਵਿਰੋਧਤਾ ਕਰਦੀ ਆ ਰਹੀ ਹੈ। ਪਰ



ਇਸ ਫੈਸਲੇ ਦੀ ਮਹੱਤਤਾ ਨੈਸ਼ਨਲ ਰੈਲੀ ਦੇ ਪਾਖੰਡ ਤੋਂ ਕਿਤੇ ਵੱਧ ਹੈ। ਇਸ ਪ੍ਰਤੀ ਫ਼ਰਾਂਸ ਦੇ ਵੱਖ-ਵੱਖ ਸਿਆਸਤਦਾਨਾਂ ਨੇ ਆਪਣਾ ਪ੍ਰਤੀਕਰਮ ਜ਼ਾਹਿਰ ਕੀਤਾ ਹੈ:

ਫਰਾਂਸੀਸੀ ਨਿਆਂ ਪ੍ਰਣਾਲੀ ਨੇ ਇੱਕ ਮਹੱਤਵਪੂਰਨ ਲੋਕਤੰਤਰੀ ਮੁੱਦੇ 'ਤੇ ਇੱਕ ਸੁਤੰਤਰ ਫੈਸਲਾ ਜਾਰੀ ਕੀਤਾ – ਲਿਬਰਟੇ

ਇਸ ਫੈਸਲੇ ਨੇ ਫਰਾਂਸੀਸੀ ਨਾਗਰਿਕਾਂ ਦੇ ਨਿਰਪੱਖ ਫੰਡ ਵਾਲੀਆਂ ਚੋਣਾਂ ਵਿਚ ਹਿੱਸਾ ਲੈਣ ਦੇ ਜਮਹੂਰੀ ਅਧਿਕਾਰ ਨੂੰ ਲਾਗੂ ਕੀਤਾ – ਈਗਾਲੀਟੇ

ਅਗਲੇ ਪੰਜ ਸਾਲਾਂ ਲਈ ਅਹੁਦੇ ਲਈ ਚੋਣ ਲੜਨ ਵਿਚ ਮਾਰੀਨ ਲੇ ਪੇਨ ਦੀ ਅਸਮਰੱਥਾ ਫਰਾਂਸ ਦੇ ਲੋਕਤੰਤਰੀ ਸੰਸਥਾਨਾਂ 'ਤੇ ਹਮਲਾ ਕਰਨ ਦੀ ਤਾਨਾਸ਼ਾਹੀ ਨੈਸ਼ਨਲ ਰੈਲੀ ਦੀ ਯੋਗਤਾ ਨੂੰ ਠੱਲ੍ਹ ਪਾਵੇਗੀ – ਫਰੈਟਰਨੀਟੇ

ਹੁਣ ਪਹਿਲਾਂ ਆਪਾਂ ਇਹ ਜਾਣ ਲਈਏ ਕਿ ਲੇ ਪੇਨ ਅਤੇ ਨੈਸ਼ਨਲ ਰੈਲੀ 'ਤੇ ਕੀ ਕਰਨ ਦੇ ਦੋਸ਼ ਸਨ? ਮਾਰੀਨ ਲੇ ਪੇਨ, ਉਸ ਦੀ ਪਾਰਟੀ, ਨੈਸ਼ਨਲ ਰੈਲੀ, ਅਤੇ 24 ਸਹਿਯੋਗੀ ਮੈਂਬਰਾਂ 'ਤੇ ਯੂਰਪੀਅਨ ਸੰਸਦ ਤੋਂ ਸੰਸਦੀ ਸਹਾਇਕਾਂ ਲਈ ਭੁਗਤਾਨ ਕਰਨ ਵਾਲੇ ਫੰਡਾਂ ਦੀ ਦੁਰਵਰਤੋਂ ਕਰਨ ਅਤੇ ਨਵੰਬਰ 2004 ਤੋਂ ਜਨਵਰੀ 2016 ਤੱਕ ਯੂਰਪੀਅਨ ਯੂਨੀਅਨ ਨਾਲ ਸਬੰਧਤ ਕਾਰੋਬਾਰ 'ਤੇ ਕੰਮ ਨਾ ਕਰਨ ਵਾਲੇ ਪਾਰਟੀ ਕਰਮਚਾਰੀਆਂ ਨੂੰ ਭੁਗਤਾਨ ਕਰਨ ਲਈ ਉਸ ਪੈਸੇ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਅਦਾਲਤ ਨੇ ਅੰਦਾਜ਼ਾ ਲਗਾਇਆ ਕਿ ਨੈਸ਼ਨਲ ਰੈਲੀ ਨੇ □4 ਮਿਲੀਅਨ ਤੋਂ ਵੱਧ ਦਾ ਗਬਨ ਕੀਤਾ, □474,000 ਜਿਸ ਵਿਚੋਂ ਲੇ ਪੇਨ ਨਿੱਜੀ ਤੌਰ 'ਤੇ ਪਹਿਲਾਂ ਇੱਕ ਐੱਮ.ਈ.ਪੀ. ਵਜੋਂ ਅਤੇ ਫਿਰ ਬਾਅਦ ਵਿਚ ਪਾਰਟੀ ਪ੍ਰਧਾਨ ਵਜੋਂ ਜ਼ਿੰਮੇਵਾਰ ਸੀ। 150 ਪੰਨਿਆਂ ਤੋਂ ਵੱਧ ਦੇ ਫੈਸਲੇ ਵਿਚ, ਕੇਸ ਦੀ ਸੁਣਵਾਈ ਕਰਨ ਵਾਲੇ ਤਿੰਨ ਜੱਜਾਂ ਦੇ ਪੈਨਲ ਨੇ ਫੈਸਲਾ ਸੁਣਾਇਆ ਕਿ ਪਾਰਟੀ ਦੀ ਯੋਜਨਾ ਨੇ ਇਸ ਨੂੰ ਫਰਾਂਸੀਸੀ ਰਾਜਨੀਤਿਕ ਪਾਰਟੀਆਂ ਲਈ ਖੇਡ ਦੇ ਮੈਦਾਨ ਨੂੰ ਵੀ ਬਰਾਬਰ ਕਰਨ ਵਾਲੇ ਖਰਚ ਨਿਯਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਾਈਪਾਸ ਕਰਨ ਦੀ ਆਗਿਆ ਦਿੱਤੀ।

ਅਨੁਮਾਨਤ ਤੌਰ 'ਤੇ, ਜਦੋਂ ਵੀ ਬੁਨਿਆਦੀ ਜਵਾਬਦੇਹੀ ਨਿਯਮ ਲਾਗੂ ਕੀਤੇ ਜਾਂਦੇ ਹਨ, ਤਾਂ ਸੱਜੇ ਪੱਖੀ ਹਮੇਸ਼ਾ ਪੀੜਤ ਦਾ ਕਿਰਦਾਰ ਨਿਭਾਉਂਦੇ ਹਨ। ਮਾਰੀਨ ਲੇ ਪੇਨ ਇਸ ਸਮੇਂ ਇਹੀ ਕਰ ਰਹੀ ਹੈ। ਉਹ ਦਾਅਵਾ ਕਰ ਰਹੀ ਹੈ ਕਿ ਫ਼ਰਾਂਸ ਹੁਣ "ਜ਼ਾਲਮ ਜੱਜਾਂ" ਦੇ ਅਧੀਨ ਇੱਕ 'ਜ਼ਾਲਮ' ਸ਼ਾਸ਼ਨ ਹੈ। ਹੈਰਾਨੀ ਦੀ ਗੱਲ ਨਹੀਂ ਹੈ ਕਿ ਇਸ ਨਾਲ 'ਦਾ ਟੈਲੀਗ੍ਰਾਫ' ਅਤੇ 'ਦਾ ਸਪੈਕਟੇਟਰ' ਦੇ ਸੰਪਾਦਕ ਸਹਿਮਤ ਜਾਪਦੇ ਹਨ। ਪਰ ਅਸਲ ਨਿਆਂ ਪੀੜਤ ਸਮੂਹਾਂ ਦੇ 'ਡੈਮਾਗੋਗ' ਜਾਂ ਸੱਜੇ-ਪੱਖੀ 'ਟੈਬਲਾਇਡਾਂ' ਨੂੰ ਪੂਰਾ ਨਹੀਂ ਕਰਦਾ। ਇਹ ਲੋਕਤੰਤਰ ਦੇ ਸਭ ਤੋਂ ਬੁਨਿਆਦੀ ਸਿਧਾਂਤ ਨੂੰ ਕਾਇਮ ਰੱਖਦਾ ਹੈ, ਕਿ ਅਸੀਂ ਇੱਕ ਸਮਾਜ ਵਿਚ ਰਹਿੰਦੇ ਹਾਂ, ਉਸ ਸਮਾਜ ਦੇ ਕੁਝ ਨਿਯਮ ਹਨ, ਜਿੰਨ੍ਹਾਂ 'ਤੇ ਅਸੀਂ ਸਾਰੇ ਸਹਿਮਤੀ ਪ੍ਰਗਟ ਕਰਦੇ ਹਾਂ ਅਤੇ ਚੱਲਦੇ ਵੀ ਹਾਂ। ਜੋ ਵੀ ਕੋਈ ਉਨ੍ਹਾਂ ਨਿਯਮਾਂ ਨੂੰ ਤੋੜਦਾ ਹੈ, ਉਸ ਨੂੰ ਕਾਨੂੰਨ ਦਾ ਸਾਹਮਣਾ ਕਰਨਾ ਪੈਣਾਂ ਹੈ ਅਤੇ ਉਸ ਨੂੰ ਨਤੀਜੇ ਭੁਗਤਣ ਲਈ ਵੀ ਤਿਆਰ ਰਹਿਣਾ ਪੈਣਾ ਹੈ। ਇਸ ਇਤਿਹਾਸਕ ਅਦਾਲਤੀ ਫ਼ੈਸਲੇ ਨੇ ਇਹ ਸਾਬਤ ਕਰ ਦਿਖਾਇਆ ਕਿ ਅੱਜ ਵੀ ਫ਼ਰਾਂਸ ਵਿਚ ਕਾਨੂੰਨ ਦਾ ਰਾਜ ਜਿਉਂਦਾ ਹੈ- ਵਿਵੇ ਲਾ ਰਿਪਬਲਿਕ! – ਅਰਥਾਤ "ਗਣਤੰਤਰ ਜ਼ਿੰਦਾਬਾਦ!" ਹੁਣ ਸੁਆਲ ਇਹ ਉਠਦਾ ਹੈ, ਕਿ ਕੀ ਸਾਡੇ ਮੁਲਕਾਂ ਵਿਚ ਕਾਨੂੰਨੀ ਵਿਵਸਥਾ ਦੇ 'ਘੜੰਮ ਚੌਧਰੀ' ਬਣੇ ਬੈਠੇ ਲੀਡਰ ਆਪਣੀ ਦਖ਼ਲਅੰਦਾਜ਼ੀ ਬੰਦ ਕਰ ਕੇ, ਕਾਨੂੰਨ ਜਾਂ ਜੱਜਾਂ ਨੂੰ ਆਜ਼ਾਦ ਫ਼ੈਸਲੇ ਕਰਨ ਦੇਣਗੇ? ਜਾਂ ਪ੍ਰਨਾਲਾ ਓਥੇ ਦਾ ਓਥੇ ਹੀ ਰਹੇਗਾ?

# ਵਕਫ਼ ਦੇ ਅਰਥ ਤੇ ਮੌਜੂਦਾ ਵਕਫ਼ ਸੋਧ ਬਿਲ ਵਿਵਾਦ !

ਪਿਛਲੇ ਕੁੱਝ ਮਹੀਨਿਆਂ ਤੋਂ ਵਕਫ਼ ਬੋਰਡ ਬਿਲ ਨੂੰ ਲੈ ਕੇ ਜੋ ਦੇਸ਼ ਦੀ ਸੱਤਾਧਾਰੀ ਤੇ ਵਿਰੋਧੀ ਧਿਰਾਂ 'ਚ ਰੱਸਾ-ਕਸ਼ੀ ਵਾਲਾ ਮਾਹੌਲ ਚੱਲ ਰਿਹਾ ਸੀ ਆਖਿਰ ਉਸ ਵਕਫ਼ ਬਿਲ ਨੂੰ ਕੇਂਦਰ ਸਰਕਾਰ ਨੇ ਲੋਕ ਸਭਾ ਵਿਚ ਪੇਸ਼ ਕਰਦਿਆਂ ਪਾਸ ਕਰਵਾ ਦਿੱਤਾ।

ਹਾਲਾਂਕਿ ਬਿਲ ਸੰਬੰਧੀ ਵਧੇਰੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਬਿਲ ਦੀ ਮੁਸਲਮਾਨਾਂ ਨੂੰ ਕਦਾਚਿਤ ਲੋੜ ਨਹੀਂ ਸੀ। ਉਨ੍ਹਾਂ ਨੂੰ ਲਗਦਾ ਹੈ ਕਿ ਸਰਕਾਰ ਦੁਆਰਾ ਅਜਿਹੇ ਬਿਲਾਂ ਨੂੰ ਪੇਸ਼ ਕਰਨ ਦਾ ਮਕਸਦ ਜਿੱਥੇ ਦੇਸ਼ ਨੂੰ ਦਰਪੇਸ਼ ਮੁੱਖ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣਾ ਹੈ, ਉੱਥੇ ਹੀ ਇਸ ਦੇ ਜ਼ਰੀਏ



ਮੁਹੰਮਦ ਅੱਬਾਸ ਧਾਲੀਵਾਲ

ਵਕਫ਼ ਜਾਇਦਾਦਾਂ ਨੂੰ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਵਰਤਣਾ ਹੋ ਸਕਦਾ ਹੈ। ਜਿੱਥੇ ਸਰਕਾਰ ਇਸ ਸੰਸ਼ੋਧਨ ਬਿਲ ਦੇ ਸੰਦਰਭ ਵਿਚ ਇਹ ਦਾਅਵਾ ਕਰਦੀ ਨਹੀਂ ਥੱਕਦੀ ਕਿ ਇਹ ਗ਼ਰੀਬ ਮੁਸਲਮਾਨਾਂ ਦੇ ਹੱਕਾਂ ਦੀ ਹਿਫਾਜ਼ਤ ਕਰੇਗਾ ਉੱਥੇ ਹੀ ਮੁਸਲਿਮ ਭਾਈਚਾਰੇ ਦੇ ਵਧੇਰੇ ਲੋਕ ਅਤੇ ਵਿਰੋਧੀ ਧਿਰ ਇਸ ਉਕਤ ਵਿਵਾਦਪੂਰਨ ਬਿਲ ਨੂੰ ਵਕਫ਼ ਜਾਇਦਾਦਾਂ ਨੂੰ ਖੋਰਾ ਲਾਉਣ ਵਾਲਾ ਅਤੇ ਇੱਕ ਧਰਮ ਵਿਸ਼ੇਸ਼ ਦੇ ਮੂਲ ਅਧਿਕਾਰਾਂ ਨੂੰ ਵਲੂੰਧਰੇ ਜਾਣ ਵਾਲਾ ਕਰਾਰ ਦੇ ਰਹੇ ਹਨ।

ਇਸ ਤੋਂ ਪਹਿਲਾਂ ਕਿ ਅਸੀਂ ਉਕਤ ਵਕਫ਼ ਬਿਲ ਦੀ ਚਰਚਾ ਨੂੰ ਅੱਗੇ ਤੋਰੀਏ, ਆਓ! ਸਭ ਤੋਂ ਪਹਿਲਾਂ ਇਸ ਵਕਫ਼ ਸ਼ਬਦ ਦੀ ਉਤਪਤੀ ਤੇ ਅਰਥਾਂ ਨੂੰ ਵੇਖਦੇ ਹਾਂ। ਇਹ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ ਰੁਕਣਾ, ਖੜ੍ਹੇ ਹੋਣਾ ਠਹਿਰਨਾ ਆਦਿ। ਜਦੋਂ ਇਸ ਸ਼ਬਦ ਨੂੰ ਇਸਲਾਮੀ ਭਾਸ਼ਾ ਦੇ ਨਜ਼ਰੀਏ ਤੋਂ ਵੇਖਦੇ ਹਾਂ ਤਾਂ ਇਸ ਦਾ ਮਤਲਬ ਹੈ 'ਰੱਬ ਦੇ ਨਾਮ 'ਤੇ ਦਾਨ ਕੀਤੀ ਗਈ ਜਾਇਦਾਦ।' ਜਿਕਰਯੋਗ ਹੈ ਕਿ ਵਕਫ਼ ਦੇ ਤਹਿਤ ਕੋਈ ਵੀ ਮੁਸਲਮਾਨ ਆਪਣੀ ਜਾਇਦਾਦ (ਜ਼ਮੀਨ, ਮਕਾਨ ਆਦਿ) ਵਕਫ਼ (ਭਾਵ ਰੱਬ ਦੇ ਨਾਂ) ਕਰ ਸਕਦਾ ਹੈ ਅਤੇ ਫਿਰ ਇਸ ਵਕਫ਼ ਜਾਇਦਾਦ ਨੂੰ ਵਿਸ਼ੇਸ਼ ਕਰ ਗ਼ਰੀਬ ਮੁਸਲਮਾਨਾਂ ਦੇ ਭਲਾਈ ਦੇ ਕੰਮਾਂ ਹਿੱਤ ਵਰਤਿਆ ਜਾਂਦਾ ਹੈ। ਮੈਨੂੰ ਯਾਦ ਹੈ ਜਦੋਂ ਮੈਂ +2 ਦਾ ਵਿਦਿਆਰਥੀ ਸੀ ਤਾਂ ਪੰਜਾਬ ਵਕਫ਼ ਬੋਰਡ ਵੱਲੋਂ ਮੈਨੂੰ ਸਾਲ ਦਾ ਕਰੀਬ 1500 ਰੁਪਏ ਵਜੀਫਾ ਮੁਹੱਈਆ ਕਰਵਾਇਆ ਜਾਂਦਾ ਸੀ, ਜੋ ਉਨੀਂ ਦਿਨੀਂ ਮੇਰੇ ਕਾਲਜ ਦੀ ਸਾਲਾਨਾ ਫੀਸ ਆਦਿ ਭਰਨ ਲਈ ਕਾਫ਼ੀ ਮਦਦਗਾਰ ਸਿੱਧ ਹੁੰਦਾ ਸੀ। ਇਸੇ ਪ੍ਰਕਾਰ ਵਕਫ਼ ਜਾਇਦਾਦਾਂ ਤੋਂ ਹੋਣ ਵਾਲੀ ਆਮਦਨ ਨੂੰ ਯਤੀਮ ਬੱਚਿਆਂ, ਵਿਧਵਾਵਾਂ ਅਤੇ ਅਪਾਹਿਜ ਤੇ ਗਰੀਬ ਜਰੂਰਤਮੰਦ ਲੋਕਾਂ ਦੀ ਭਲਾਈ ਦੇ ਕੰਮਾਂ ਵਿਚ ਖਰਚ ਕੀਤਾ ਜਾਂਦਾ ਹੈ। ਇੱਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਇੱਕ ਵਾਰ ਵਕਫ਼ ਹੋਈ ਜਾਇਦਾਦ ਫਿਰ ਕਦੇ ਵੀ ਗੈਰ-ਵਕਫ਼ ਨਹੀਂ ਬਣ ਸਕਦੀ।

ਵਕਫ਼ ਸੰਬੰਧੀ ਜਦੋਂ ਅਸੀਂ ਭਾਰਤੀ ਵਕਫ਼ ਬੋਰਡ ਦੇ ਇਤਿਹਾਸ 'ਤੇ ਝਾਤ ਮਾਰਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਵਕਫ਼ ਐਕਟ ਪਹਿਲੀ ਵਾਰ 1954 ਵਿਚ ਵਜੂਦ 'ਚ ਆਇਆ। 1995 ਵਿਚ ਨਵਾਂ ਕਾਨੂੰਨ ਬਣਿਆ, ਜਿਸ ਵਿਚ ਰਾਜਾਂ ਨੂੰ ਵਕਫ਼ ਬੋਰਡ ਬਣਾਉਣ ਦਾ ਅਧਿਕਾਰ ਦਿੱਤਾ ਗਿਆ। ਇਸ ਉਪਰੰਤ 2013 ਵਿਚ ਸੋਧ ਕਰਦਿਆਂ ਧਾਰਾ-40 ਜੋੜੀ ਗਈ, ਜਿਸ ਨਾਲ ਬੋਰਡ ਨੂੰ ਆਪਣੇ-ਆਪ ਜਾਇਦਾਦ ਨੂੰ ਵਕਫ਼ ਐਲਾਨਣ ਦਾ ਅਧਿਕਾਰ ਮਿਲਿਆ।

ਹੁਣ ਜੋ ਬਿਲ ਲੋਕ ਸਭਾ ਵਿਚ ਮੌਜੂਦਾ ਸਰਕਾਰ ਦੁਆਰਾ ਪਾਸ ਕੀਤਾ ਗਿਆ ਹੈ, ਉਸ ਵਿਚ ਧਾਰਾ-40 ਹਟਾਈ ਗਈ ਭਾਵ ਹੁਣ ਵਕਫ਼ ਬੋਰਡ ਆਪਣੇ-ਆਪ ਜਾਇਦਾਦ ਨੂੰ ਵਕਫ਼ ਨਹੀਂ ਐਲਾਨ ਸਕੇਗਾ। ਅਤੇ ਇਸ ਦੇ ਨਾਲ ਹੀ ਹੁਣ ਸਰਕਾਰੀ ਜਾਇਦਾਦ ਨੂੰ ਵਕਫ਼ ਨਹੀਂ ਮੰਨਿਆ ਜਾਵੇਗਾ। ਇਸ ਤੋਂ ਇਲਾਵਾ ਕੇਂਦਰੀ ਵਕਫ਼ ਕੌਂਸਲ ਵਿਚ ਹੁਣ 2 ਗੈਰ-ਮੁਸਲਿਮ ਅਤੇ 2 ਮਹਿਲਾ ਮੈਂਬਰ ਸ਼ਾਮਲ ਹੋਣਗੇ। ਹੁਣ ਵਕਫ਼ ਟ੍ਰਿਬਿਊਨਲ ਵਿਚ ਨਾਨ-ਮੁਸਲਿਮ ਜੱਜ ਵੀ ਸ਼ਾਮਲ ਹੋ ਸਕਣਗੇ।

ਉਧਰ ਵਿਰੋਧੀ ਪਾਰਟੀਆਂ ਦਾ ਤਰਕ ਇਹ ਹੈ ਕਿ ਇਹ ਬਿਲ ਮੁਸਲਿਮਾਂ ਦੀ ਧਾਰਮਿਕ ਆਜ਼ਾਦੀ 'ਤੇ ਹਮਲਾ ਹੈ। ਇਸ ਰਾਹੀਂ ਸਰਕਾਰ ਵਕਫ਼ ਜਾਇਦਾਦਾਂ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ। ਇਸ ਦੇ ਨਾਲ ਨਾਲ ਇਹ ਸੰਵਿਧਾਨ ਵਿਰੁੱਧ ਹੈ, ਕਿਉਂਕਿ ਸਿਰਫ਼ ਇੱਕ ਧਰਮ ਲਈ ਵਿਸ਼ੇਸ਼ ਕਾਨੂੰਨ ਹੈ।

ਵਕਫ਼ (ਸੰਸ਼ੋਧਨ) ਬਿੱਲ, ਜੋ ਭਾਰਤ ਦੀ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਹੈ, ਮੁਸਲਿਮ ਜ਼ਮੀਨੀ ਫੰਡਾਂ, ਜਿਨ੍ਹਾਂ ਨੂੰ ਵਕਫ਼ ਕਿਹਾ ਜਾਂਦਾ ਹੈ, ਦੇ ਪ੍ਰਸ਼ਾਸਨ ਵਿਚ ਮਹੱਤਵਪੂਰਣ ਤਬਦੀਲੀਆਂ ਦਾ ਸੁਝਾਅ ਦਿੰਦਾ ਹੈ। ਬੋਰਡਜ਼ ਵਿਚ ਗੈਰ-ਮੁਸਲਿਮ ਮੈਂਬਰਾਂ ਨੂੰ ਸ਼ਾਮਲ ਕਰਨ ਦਾ ਪ੍ਰਸਤਾਵ ਹੈ ਅਤੇ ਸਰਕਾਰ ਨੂੰ ਵਕਫ ਸੰਪਤੀ ਨਾਲ ਸਬੰਧਿਤ ਵਿਵਾਦਾਂ ਦੀ ਅਧਿਕਾਰਤਾ ਦੇਣ ਦੀ ਗੱਲ ਕੀਤੀ ਗਈ ਹੈ। ਜਿੱਥੇ ਸਰਕਾਰ ਦਾ ਦਾਅਵਾ ਹੈ ਕਿ ਇਹ ਕਦਮ ਭ੍ਰਿਸ਼ਟਾਚਾਰ ਨਾਲ ਲੜਨ ਅਤੇ ਪ੍ਰਬੰਧਨ ਵਿਚ ਸੁਧਾਰ ਲਿਆਉਣ ਲਈ ਉਠਾਏ ਜਾ ਰਹੇ ਹਨ, ਉਥੇ ਆਲੋਚਕਾਂ ਦਾ ਮੰਨਣਾ ਹੈ ਕਿ ਇਹ ਤਦਬੀਲੀਆਂ ਮੁਸਲਿਮ ਜਾਇਦਾਦ ਦੇ ਅਧਿਕਾਰਾਂ ਵਿਚ ਦਖਲਅੰਦਾਜ਼ੀ ਕਰਨ ਅਤੇ ਮੁਸਲਿਮ ਧਾਰਮਿਕ ਸੰਸਥਾਵਾਂ 'ਤੇ ਸਰਕਾਰੀ ਨਿਯੰਤਰਣ ਵਧਾਉਣ ਵਾਲੀਆਂ ਹਨ।

ਵਿਰੋਧੀ ਧਿਰਾਂ ਅਤੇ ਮੁਸਲਿਮ ਸੰਸਥਾਵਾਂ ਨੇ ਇਸ ਬਿੱਲ ਦੇ ਖ਼ਿਲਾਫ ਤਿੱਖਾ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੁਝ ਪ੍ਰੋਵਿਜ਼ਨ, ਜਿਵੇਂ ਕਿ 'ਵਕਫ ਬਾਈ ਯੂਜ਼ਰ' ਕਾਨਸੈਪਟ ਨੂੰ




ਹਟਾਉਣਾ- ਜੋ ਕਿ ਅਣਪੱਤਰ ਕੀਤੀਆਂ ਜਾਇਦਾਦਾਂ ਨੂੰ ਵੀ ਵਕਫ ਅਪੱਤਰਿਤ ਕਰਨ ਦੀ ਆਗਿਆ ਦਿੰਦਾ ਹੈ- ਕਈ ਵਕਫ ਜਾਇਦਾਦਾਂ ਨੂੰ ਖ਼ਤਰੇ ਵਿਚ ਪਾ ਸਕਦਾ ਹੈ। ਇਸ ਤੋਂ ਇਲਾਵਾ, ਵਕਫ਼ ਬੋਰਡਜ਼ ਦੇ ਮੁੱਖ ਕਾਰਜਕਾਰੀ ਅਧਿਕਾਰੀ ਦੇ ਤੌਰ 'ਤੇ ਗੈਰ-ਮੁਸਲਿਮਾਂ ਨੂੰ ਤਾਇਨਾਤ ਕਰਨ ਦਾ ਪ੍ਰਸਤਾਵ ਇਸ ਗੱਲ ਨੂੰ ਲੈ ਕੇ ਚਿੰਤਾ ਉਤਪੰਨ ਕਰਦਾ ਹੈ ਕਿ ਇਸ ਨਾਲ ਧਾਰਮਿਕ ਅਤੇ ਸਾਂਸਕ੍ਰਿਤਿਕ ਪੱਖਾਂ ਵਿਚ ਦਖਲਅੰਦਾਜ਼ੀ ਹੋ ਸਕਦੀ ਹੈ।

ਉਧਰ ਬਿੱਲ ਪੇਸ਼ ਹੋਣ ਤੋਂ ਪਹਿਲਾਂ ਕਾਂਗਰਸ ਨੇਤਾ ਗੌਰਵ ਗੋਗੋਈ ਨੇ ਇਸ ਬਿਲ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਇਹ ਦੇਸ਼ ਵਿਚ ਸ਼ਾਂਤੀ ਭੰਗ ਕਰੇਗਾ। ਉਨ੍ਹਾਂ ਕਿਹਾ, 'ਜੇ ਪੀ ਸੀ ਵਿਚ ਧਾਰਾ-ਦਰ-ਧਾਰਾ ਚਰਚਾ ਹੋਣੀ ਚਾਹੀਦੀ ਸੀ, ਜੋ ਨਹੀਂ ਹੋਈ। ਸਰਕਾਰ ਦਾ ਪਹਿਲੇ ਦਿਨ ਤੋਂ ਹੀ ਰਵੱਈਆ ਅਜਿਹਾ ਕਾਨੂੰਨ ਲਿਆਉਣ ਦਾ ਰਿਹਾ ਹੈ, ਜੋ ਸੰਵਿਧਾਨ ਅਤੇ ਘੱਟ ਗਿਣਤੀਆਂ ਦੇ ਵਿਰੁੱਧ ਹੋਵੇ, ਜਿਸ ਨਾਲ ਦੇਸ਼ ਦੀ ਸ਼ਾਂਤੀ ਭੰਗ ਹੋਵੇ।'

ਜਦੋਂ ਕਿ ਦੇਸ਼ 'ਚ ਮੁਸਲਮਾਨਾਂ ਦੀ ਰਹਿਨੁਮਾਈ ਕਰਨ ਵਾਲੇ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਕਿਹਾ ਹੈ ਕਿ ਉਹ ਵਕਫ਼ (ਸੋਧ) ਬਿੱਲ ਨੂੰ ਅਦਾਲਤ ਵਿਚ ਚੁਣੌਤੀ ਦੇਵੇਗਾ। ਜਦੋਂ ਤੱਕ ਕਾਨੂੰਨ ਵਾਪਸ ਨਹੀਂ ਲਿਆ ਜਾਂਦਾ, ਬੋਰਡ ਟਿਕ ਕੇ ਨਹੀਂ ਬੈਠੇਗਾ। ਬੋਰਡ ਨੇ ਇਸ ਨੂੰ 'ਕਾਲਾ ਕਾਨੂੰਨ' ਕਰਾਰ ਦਿੱਤਾ ਅਤੇ ਇਸ ਨੂੰ ਭਾਈਚਾਰੇ ਦੇ ਅਧਿਕਾਰਾਂ ਨੂੰ ਖ਼ਤਰੇ 'ਚ ਪਾਉਣ ਵਾਲਾ ਕਰਾਰ ਦਿੱਤਾ ।

ਇਸ ਦੌਰਾਨ ਬੋਰਡ ਦੇ ਮੈਂਬਰ ਮੁਹੰਮਦ ਅਦੀਬ ਨੇ ਪ੍ਰੈੱਸ ਕਾਨਫਰੰਸ ਵਿਚ ਬਿੱਲ ਦੀ ਆਲੋਚਨਾ ਕਰਦਿਆਂ ਦਾਅਵਾ ਕੀਤਾ ਕਿ ਇਹ ਮੁਸਲਿਮ ਭਾਈਚਾਰੇ ਦੀ ਜਾਇਦਾਦ ਨੂੰ ਜ਼ਬਤ ਕਰਨ ਦੀ ਕੋਸ਼ਿਸ਼ ਹੈ। ਅਦੀਬ ਨੇ ਕਿਹਾ ਕਿ ਇਸ ਬਿੱਲ ਦੀ ਸਮੀਖਿਆ ਲਈ ਬਣਾਈ ਗਈ ਸਾਂਝੀ ਸੰਸਦੀ ਕਮੇਟੀ (ਜੇ ਪੀ ਸੀ) ਵਿਚ ਵਿਚਾਰ-ਚਰਚਾ ਦੌਰਾਨ ਇਸ ਦਾ ਵਿਰੋਧ ਕੀਤਾ ਗਿਆ ਸੀ। ਉਨ੍ਹਾਂ ਇਹ ਵੀ ਕਿਹਾ, 'ਇਹ ਨਹੀਂ ਮੰਨਿਆ ਜਾਣਾ ਚਾਹੀਦਾ ਕਿ ਅਸੀਂ ਲੜਾਈ ਹਾਰ ਗਏ ਹਾਂ। ਅਸੀਂ ਹੁਣ ਸ਼ੁਰੂਆਤ ਕੀਤੀ ਹੈ। ਇਹ ਦੇਸ਼ ਨੂੰ ਬਚਾਉਣ ਦੀ ਲੜਾਈ ਹੈ, ਕਿਉਂਕਿ ਪ੍ਰਸਤਾਵਤ ਕਾਨੂੰਨ ਭਾਰਤ ਦੇ ਮੂਲ ਢਾਂਚੇ ਨੂੰ ਖ਼ਤਰੇ ਵਿਚ ਪਾਉਣ ਵਾਲਾ ਹੈ।' ਉਧਰ ਬੋਰਡ ਦੇ ਇੱਕ ਹੋਰ ਮੈਂਬਰ ਮੋਹਸਿਨ ਨੇ ਕਿਹਾ, 'ਅਸੀਂ ਕਿਸਾਨਾਂ ਵਾਂਗ ਪੂਰੇ ਦੇਸ਼ ਵਿਚ ਪ੍ਰਦਰਸ਼ਨ ਕਰਾਂਗੇ। ਜੇ ਲੋੜ ਪਈ ਤਾਂ ਅਸੀਂ ਸੜਕਾਂ ਜਾਮ ਕਰਾਂਗੇ ਅਤੇ ਬਿੱਲ ਦਾ ਵਿਰੋਧ ਕਰਨ ਲਈ ਸਾਰੇ ਸ਼ਾਂਤੀਪੂਰਨ ਕਦਮ ਚੁੱਕਾਂਗੇ।'

ਦੂਜੇ ਪਾਸੇ ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਸਾਂਝੀ ਸੰਸਦੀ ਕਮੇਟੀ (ਜੇ ਪੀ ਸੀ) ਵੱਲੋਂ ਪ੍ਰਸਤਾਵਤ ਵਕਫ (ਸੋਧ) ਬਿੱਲ, 2025 ਵਿਚਾਰਨ ਅਤੇ ਪਾਸ ਕਰਨ ਲਈ ਪੇਸ਼ ਕੀਤਾ। ਰਿਜਿਜੂ ਨੇ ਕਿਹਾ ਕਿ ਵਕਫ਼ ਬਿੱਲ ਦਾ ਨਾਂਅ ਬਦਲ ਕੇ ਯੂਨੀਫਾਈਡ ਵਕਫ਼ ਮੈਨੇਜਮੈਂਟ ਸਸ਼ਕਤੀਕਰਨ, ਕੁਸ਼ਲਤਾ ਅਤੇ ਵਿਕਾਸ (ਯੂ ਐੱਮ ਈ ਈ ਡੀ-ਉਮੀਦ) ਬਿੱਲ ਰੱਖਿਆ ਜਾਵੇਗਾ। ਬਿੱਲ ਪੇਸ਼ ਕਰਦਿਆਂ ਰਿਜਿਜੂ ਨੇ ਕਿਹਾ ਕਿ ਜੇ ਪੀ ਸੀ ਨੂੰ ਭੌਤਿਕ ਅਤੇ ਆਨਲਾਈਨ ਫਾਰਮੈਟਾਂ ਰਾਹੀਂ 97.27 ਲੱਖ ਤੋਂ ਵੱਧ ਪਟੀਸ਼ਨਾਂ, ਮੈਮੋਰੰਡਮ ਪ੍ਰਾਪਤ ਹੋਏ ਸਨ ਅਤੇ ਜੇ ਪੀ ਸੀ ਨੇ ਆਪਣੀ ਰਿਪੋਰਟ ਨੂੰ ਅੰਤਮ ਰੂਪ ਦੇਣ ਤੋਂ ਪਹਿਲਾਂ ਉਨ੍ਹਾਂ ਵਿਚੋਂ ਹਰੇਕ ਨੂੰ ਦੇਖਿਆ ਸੀ। 25 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਵਕਫ਼ ਬੋਰਡਾਂ ਤੋਂ ਇਲਾਵਾ 284 ਵਫਦਾਂ ਨੇ ਬਿੱਲ 'ਤੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਕਾਨੂੰਨੀ ਸ਼ਖਸੀਅਤਾਂ, ਚੈਰੀਟੇਬਲ ਸੰਸਥਾਵਾਂ, ਸਿੱਖਿਆ ਸ਼ਾਸਤਰੀਆਂ ਅਤੇ ਧਾਰਮਕ ਆਗੂਆਂ ਸਮੇਤ ਹੋਰਨਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਹਨ।

ਰਿਜਿਜੂ ਨੇ ਇਹ ਵੀ ਕਿਹਾ ਕਿ , 'ਸਰਕਾਰ ਕਿਸੇ ਵੀ ਧਾਰਮਕ ਸੰਸਥਾ ਵਿਚ ਦਖਲ ਨਹੀਂ ਦੇਵੇਗੀ। ਯੂ ਪੀ ਏ ਸਰਕਾਰ ਵੱਲੋਂ ਵਕਫ ਕਾਨੂੰਨ ਵਿਚ ਕੀਤੀਆਂ ਗਈਆਂ ਤਬਦੀਲੀਆਂ ਨੇ ਇਸ ਨੂੰ ਹੋਰ ਕਾਨੂੰਨਾਂ ਉੱਤੇ ਬਹੁਤ ਪ੍ਰਭਾਵ ਪਾਇਆ, ਇਸ ਲਈ ਨਵੀਆਂ ਸੋਧਾਂ ਦੀ ਲੋੜ ਸੀ।' ਬਿੱਲ ਅਨੁਸਾਰ ਕਿਸੇ ਵੀ ਕਾਨੂੰਨ ਅਧੀਨ ਮੁਸਲਮਾਨਾਂ ਵੱਲੋਂ ਬਣਾਏ ਗਏ ਟਰੱਸਟਾਂ ਨੂੰ ਹੁਣ ਵਕਫ਼ ਨਹੀਂ ਮੰਨਿਆ ਜਾਵੇਗਾ, ਜਿਸ ਨਾਲ ਟਰੱਸਟਾਂ 'ਤੇ ਪੂਰਾ ਨਿਯੰਤਰਣ ਯਕੀਨੀ ਬਣਾਇਆ ਜਾਵੇਗਾ।

ਬਿੱਲ ਇਹ ਵੀ ਪ੍ਰਸਤਾਵ ਕਰਦਾ ਹੈ ਕਿ ਕੁਲੈਕਟਰ ਦੇ ਰੈਂਕ ਤੋਂ ਉੱਪਰ ਦਾ ਇੱਕ ਅਧਿਕਾਰੀ ਵਕਫ਼ ਵਜੋਂ ਦਾਅਵਾ ਕੀਤੀਆਂ ਗਈਆਂ ਸਰਕਾਰੀ ਜਾਇਦਾਦਾਂ ਦੀ ਜਾਂਚ ਕਰੇਗਾ। ਵਿਵਾਦਾਂ ਦੇ ਮਾਮਲੇ ਵਿਚ ਸੀਨੀਅਰ ਸਰਕਾਰੀ ਅਧਿਕਾਰੀ ਕੋਲ ਅੰਤਿਮ ਫੈਸਲਾ ਹੋਵੇਗਾ ਕਿ ਕੋਈ ਜਾਇਦਾਦ ਵਕਫ਼ ਦੀ ਹੈ ਜਾਂ ਸਰਕਾਰ ਦੀ। ਇਹ ਮੌਜੂਦਾ ਪ੍ਰਣਾਲੀ ਦੀ ਥਾਂ ਲੈਂਦਾ ਹੈ, ਜਿੱਥੇ ਵਕਫ਼ ਟ੍ਰਿਬਿਊਨਲਾਂ ਦੁਆਰਾ ਅਜਿਹੇ ਫੈਸਲੇ ਲਏ ਜਾਂਦੇ ਹਨ। ਇਸ ਦੇ ਨਾਲ ਹੀ ਬਿੱਲ ਪ੍ਰਸਤਾਵਿਤ ਕਰਦਾ ਹੈ ਕਿ ਗੈਰ-ਮੁਸਲਿਮ ਮੈਂਬਰਾਂ ਨੂੰ ਕੇਂਦਰੀ ਅਤੇ ਰਾਜ ਵਕਫ਼ ਬੋਰਡਾਂ ਵਿਚ ਸਮਾਵੇਸ਼ ਲਈ ਸ਼ਾਮਲ ਕੀਤਾ ਜਾਵੇਗਾ।

ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਇਹ ਸੋਧ ਬਿਲ ਪਾਰਦਰਸ਼ਿਤਾ ਅਤੇ ਕੁਸ਼ਲ ਪ੍ਰਬੰਧਨ ਲਈ ਬਣਾਇਆ ਗਿਆ ਹੈ। ਇਸ ਦਾ ਗਰੀਬ ਮੁਸਲਮਾਨਾਂ ਨੂੰ ਫ਼ਾਇਦਾ ਹੋਵੇਗਾ। ਇਸ ਨਾਲ ਧਾਰਾ-40 ਦੇ ਦੁਰਪ੍ਰਯੋਗ ਨਾਲ ਪੈਦਾ ਹੋਏ ਵਿਵਾਦ ਖ਼ਤਮ ਹੋਣਗੇ।

ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਕਫ਼ ਸੋਧ ਬਿਲ ਦੇ ਕਾਨੂੰਨੀ ਰੂਪ ਧਾਰਨ ਕਰਨ ਨਾਲ ਵਕਫ਼ ਬੋਰਡ ਦੀਆਂ ਸ਼ਕਤੀਆਂ ਘੱਟਣਗੀਆਂ। ਇਸ ਦੇ ਨਾਲ ਨਾਲ ਜਾਇਦਾਦ ਦਾ ਪ੍ਰਬੰਧਨ ਸਰਕਾਰ ਦੇ ਨਿਯੰਤਰਣ ਵਿਚ ਆਵੇਗਾ। ਇਹੋ ਵਜ੍ਹਾ ਹੈ ਕਿ ਮੁਸਲਮਾਨ ਅਤੇ ਵਿਰੋਧੀ ਧਿਰਾਂ ਇਸ ਵਕਫ਼ ਸੋਧ ਬਿਲ ਨੂੰ ਵਕਫ਼ ਜਾਇਦਾਦਾਂ ਨੂੰ ਖੋਰਾ ਲਾਉਣ ਵਾਲਾ ਮੁਸਲਮਾਨਾਂ ਦੇ ਧਾਰਮਿਕ ਮਾਮਲਿਆਂ ਵਿਚ ਸਰਕਾਰ ਦੇ ਫਜ਼ੂਲ ਦਖਲ ਵਜੋਂ ਵੇਖ ਰਹੇ ਹਨ।

---

# ਪੱਗ ਦਾ ਹੌਸਲਾ

ਫੌਜ ਵਿਚ ਨੋਕਰੀ ਕਰਦਿਆਂ ਕਦੇ ਤਿੰਨ ਮਹੀਨੇ ਬਾਅਦ ਅਤੇ ਕਦੇ ਚਾਰ ਮਹੀਨੇ ਬਾਅਦ ਘਰ ਜਾਣ ਦਾ ਮੌਕਾ ਮਿਲਦਾ ਹੈ। ਇਸ ਵਾਰ ਜਦੋਂ ਛੁੱਟੀ ਕੱਟ ਕੇ ਵਾਪਸ ਬਟਾਲੀਅਨ 'ਚ ਮੁੜਿਆ ਤਾਂ ਇਕ ਦਿਨ ਵੀਡੀਓ ਕਾਲ 'ਤੇ ਗੱਲ ਕਰਦਿਆਂ ਮੇਰਾ ਧਿਆਨ ਫਰਿੱਜ 'ਤੇ ਰੱਖੀ ਆਪਣੀ ਪੱਗ 'ਤੇ ਪਿਆ। ਮੈਨੂੰ ਛੁੱਟੀ ਕੱਟ ਕੇ ਆਏ ਨੂੰ ਤਕਰੀਬਨ ਇਕ ਮਹੀਨਾ ਹੋ ਚਲਿਆ ਸੀ ਅਤੇ ਮੇਰੀ ਪੱਗ ਉਂਝ ਹੀ ਬੱਝੀ ਪਈ ਫਰਿੱਜ 'ਤੇ ਰੱਖੀ ਸੀ। ਮੈਂ ਆਪਣੀ ਪਤਨੀ ਨੂੰ ਪੁੱਛਿਆ, 'ਕੀ ਗੱਲ, ਮੇਰੀ ਇਹ ਪੱਗ ਧੋ ਕੇ ਸਾਂਭੀ ਨਹੀਂ?'



ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: 90414-98009

ਉਹ ਕਹਿੰਦੀ, 'ਨਾ ਜੀ, ਮੈਂ ਤਿੰਨ- ਚਾਰ ਮਹੀਨੇ ਤੱਕ ਜਾਂ ਜਿੰਨਾ ਚਿਰ ਤੁਸੀਂ ਦੁਬਾਰਾ ਛੁੱਟੀ ਨਹੀਂ ਆਉਂਦੇ, ਉਨਾ ਚਿਰ ਤੱਕ ਪੱਗ ਨਹੀਂ ਧੋਂਦੀ ਤੇ ਇਹ ਇੰਝ ਹੀ ਬੱਝੀ ਪਈ ਰਹਿੰਦੀ ਹੈ।'

'ਇੰਝ ਕਿਉਂ?' ਮੈਂ ਕਾਰਨ ਪੁੱਛਿਆ।

ਉਹ ਕਹਿੰਦੀ, 'ਬੰਦੇ ਦੀ ਪੱਗ ਘਰ 'ਚ ਪਈ ਹੋਵੇ ਤਾਂ ਜਨਾਨੀ ਨੂੰ ਹੌਸਲਾ ਰਹਿੰਦਾ ਹੈ।'

'ਅੱਛਾ!' ਇਹ ਗੱਲ ਸੁਣ ਕੇ ਮੈਨੂੰ ਹੈਰਾਨੀ ਹੋਈ।

'ਆਹੋ! ਨਾਲੇ ਬੱਚਿਆਂ ਨੂੰ ਡਰ ਰਹਿੰਦਾ ਹੈ ਕਿ ਪਿਓ ਦੀ ਪੱਗ ਘਰ ਪਈ ਹੈ। ਪਿਓ ਦੀ ਪੱਗ ਦਾ ਪਿਓ ਜਿੰਨਾ ਹੀ ਰੌਬ ਹੁੰਦਾ ਹੈ।' ਮੇਰੀ ਪਤਨੀ ਨੇ ਆਪਣੇ ਦਿਲ ਦੀ ਗੱਲ ਦੱਸਦਿਆਂ ਕਿਹਾ।

ਮੈਨੂੰ ਹੈਰਾਨੀ ਹੋਈ ਕਿ ਮੇਰੀ ਪਤਨੀ ਆਧੁਨਿਕ ਵਿਚਾਰਾਂ ਦੀ ਹੋ ਕੇ ਵੀ ਇਹੋ ਜਿਹੇ ਕਾਰਜ ਕਰਦੀ ਹੈ ਪਰ ਫੇਰ ਮੈਨੂੰ ਯਾਦ ਆਇਆ ਕਿ ਬਿਲਕੁਲ ਇਹੋ ਗੱਲ ਸਾਡੇ ਦਾਦੀ ਜੀ ਵੀ ਕਹਿੰਦੇ ਹੁੰਦੇ ਸਨ। ਉਹ ਕਹਿੰਦੇ ਸਨ ਕਿ ਬੰਦੇ ਦੀ ਜੁੱਤੀ ਅਤੇ ਪੱਗ ਦਾ ਉਹੀਓ ਰੁਤਬਾ ਹੁੰਦਾ ਹੈ ਜਿਹੜਾ ਬੰਦੇ ਦਾ ਆਪਣਾ ਰੁਤਬਾ ਹੁੰਦਾ ਹੈ। ਵਿਹੜਿਓਂ ਬਾਹਰ ਮਰਦ (ਬੰਦੇ) ਦੀ ਜੁੱਤੀ ਲੱਥੀ ਹੋਵੇ ਤਾਂ ਕਿਸੇ ਮੁਸ਼ਟੰਡੇ ਦੀ ਹਿੰਮਤ ਨਹੀਂ ਹੁੰਦੀ ਕਿ ਉਹ ਮੈਲ਼ੀ ਅੱਖ ਨਾਲ ਉਸ ਘਰ ਕੰਨੀ ਝਾਕ ਵੀ ਲਵੇ। ਖ਼ੈਰ!

ਇਹਨੂੰ ਅਸੀਂ ਮੁਹੱਬਤ ਜਾਂ ਭਾਵਨਾ ਦਾ ਨਾਮ ਦੇ ਸਕਦੇ ਹਾਂ। ਕੁਝ ਵਿਚਾਰਕ ਇਸ ਨੂੰ ਔਰਤ ਦੇ ਸਵੈਮਾਨ ਤੇ ਸੱਟ ਵੀ ਕਹਿ ਸਕਦੇ ਹਨ। ਪਰ ਸਾਡੇ ਸਭਿਆਚਾਰ ਵਿਚ ਪੱਗ ਨੂੰ ਜ਼ਿੰਮੇਵਾਰੀ ਦਾ ਪ੍ਰਤੀਤ ਮੰਨਿਆ ਜਾਂਦਾ ਰਿਹਾ ਹੈ। ਖ਼ੈਰ, ਹੁਣ ਜ਼ਮਾਨਾ ਬਦਲ ਗਿਆ ਹੈ।

ਪੱਚੀ- ਤੀਹ ਵਰ੍ਹੇ ਪਹਿਲਾਂ ਜਦੋਂ ਅਸੀਂ ਅਜੇ ਜੁਆਕ ਸਾਂ ਉਦੋਂ ਸਾਡੀ ਮਾਤਾ ਵੀ ਇਨ੍ਹਾਂ ਵਿਚਾਰਾਂ ਦੀ ਧਾਰਨੀ ਹੁੰਦੀ ਸੀ। ਸਾਡੀ ਦਾਦੀ ਮਾਤਾ ਨੇ ਆਪਣੀਆਂ ਨੂੰਹਾਂ ਨੂੰ ਇਹੋ ਸਿੱਖਿਆ ਦਿੱਤੀ ਕਿ



ਬੰਦੇ ਦੇ ਬਟੂਏ (ਪਰਸ) ਨੂੰ ਹੱਥ ਨਹੀਂ ਲਾਉਣਾ ਚਾਹੀਦਾ ਤੇ ਖੁਦ ਕਦੇ ਪੈਸੇ ਨਹੀਂ ਕੱਢਣੇ ਚਾਹੀਦੇ- ਜਿੰਨੇ ਜਰੂਰਤ ਹੋਵੇ ਬੰਦੇ ਕੋਲੋਂ ਮੰਗ ਲੈਣੇ ਹਨ- ਪਰ ਉਸਦੇ ਬਟੂਏ ਨੂੰ ਕਦੇ ਹੱਥ ਨਹੀਂ ਲਾਉਣਾ। ਮੇਰੀ ਪਤਨੀ ਭਾਵੇਂ ਆਧੁਨਿਕ ਵਿਚਾਰਾਂ ਦੀ ਧਾਰਨੀ ਹੈ ਪਰ ਉਸਨੇ ਵੀ ਕਦੇ ਮੇਰੇ ਬਟੂਏ ਨੂੰ ਹੱਥ ਨਹੀਂ ਲਾਇਆ। ਬੇਬੇ ਦੱਸਦੀ ਹੁੰਦੀ ਸੀ ਕਿ ਇੰਝ ਕਰਨ ਨਾਲ ਘਰ ਵਿਚ ਬਰਕਤ ਨਹੀਂ ਰਹਿੰਦੀ। ਉਦੋਂ ਔਰਤਾਂ ਵੱਲੋਂ ਆਪਣੇ ਬੰਦਿਆਂ ਦਾ ਨਾਮ ਲੈ ਕੇ ਬੁਲਾਉਣ ਦਾ ਰਿਵਾਜ਼ ਵੀ ਪ੍ਰਚਲਤ ਨਹੀਂ ਸੀ ਹੋਇਆ। ਹੁਣ ਤਾਂ ਗੱਲ ਚਿੰਟੂ-ਮਿੰਟੂ ਤੇ ਅੱਪੜ ਗਈ ਹੈ। ਖ਼ੈਰ!

ਪਿਓ ਦੀ ਪੱਗ (ਪਿਓ ਦੇ ਜਿਉਂਦਿਆਂ) ਪੁੱਤਰ ਦੇ ਸਿਰ 'ਤੇ ਨਹੀਂ ਸੀ ਰੱਖੀ ਜਾਂਦੀ। ਹਾਂ, ਪਿਤਾ ਦੀ ਮੌਤ ਤੋਂ ਬਾਅਦ ਪੁੱਤਰ ਦੇ ਸਿਰ 'ਤੇ ਪੱਗ ਰੱਖਣ ਦਾ ਰਿਵਾਜ਼ ਅੱਜ ਵੀ ਚੱਲ ਰਿਹਾ ਹੈ। ਅਸਲ ਵਿਚ ਇਹ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣ ਦੀ ਰਸਮ ਹੈ। ਇਸ ਨਾਲ ਇਹ ਪ੍ਰਗਟਾਵਾ ਕੀਤਾ ਜਾਂਦਾ ਹੈ ਕਿ ਪਿਓ ਤੋਂ ਬਾਅਦ ਘਰ ਦੀ ਜ਼ਿੰਮੇਵਾਰੀ ਦਾ ਸਾਰਾ ਬੋਝ ਹੁਣ ਪੁੱਤਰ ਦੇ ਸਿਰ 'ਤੇ ਆ ਗਿਆ ਹੈ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਮੇਰਾ ਵਿਆਹ ਹੋਇਆ ਤਾਂ ਮੇਰੇ ਬਾਪੂ ਜੀ ਨੇ ਮੈਨੂੰ ਇਕ ਗੱਲ ਆਖੀ ਸੀ ਜਦੋਂ ਮੈਂ ਪਹਿਲੀ ਵਾਰ ਆਪਣੀ ਪਤਨੀ ਨਾਲ ਆਪਣੇ ਸਹੁਰੇ ਘਰ ਜਾ ਰਿਹਾ ਸੀ। ਉਹ ਕਹਿੰਦੇ, 'ਇਕ ਗੱਲ ਯਾਦ ਰੱਖੀਂ ਕਾਕਾ, ਆਪਣੀ ਪੱਗ ਨੂੰ ਲਾਹ ਕੇ ਮੰਜੀ ਦੇ ਪਾਵੇ ਨਾਲ ਕਦੇ ਨਾ ਟੰਗੀਂ।' ਮੈਂ ਕਿਹਾ, 'ਉਹ ਕਿਉਂ?' ਉਹ ਕਹਿੰਦੇ, 'ਇਸ ਨਾਲ ਮਾਣ ਵਿਚ ਫਰਕ ਪੈਂਦਾ ਹੈ। ਸਹੁਰੇ ਘਰ ਜਾ ਕੇ ਜਵਾਈ ਨੂੰ ਆਪਣੀ ਮਰਿਆਦਾ ਵਿਚ ਰਹਿਣਾ ਚਾਹੀਦਾ ਹੈ। ਇਸ ਨਾਲ ਜਵਾਈ ਦਾ ਮਾਣ-ਤਾਣ ਬਣਿਆ ਰਹਿੰਦਾ ਹੈ। ਜਿਹੜਾ ਲੋਕ ਇਨ੍ਹਾਂ ਗੱਲਾਂ 'ਤੇ ਅਮਲ ਨਹੀਂ ਕਰਦੇ ਉਨ੍ਹਾਂ ਦੀ ਇੱਜਤ ਨਹੀਂ ਹੁੰਦੀ।'

ਅੱਜ ਦੀ ਪੀੜ੍ਹੀ ਇਨ੍ਹਾਂ ਗੱਲਾਂ ਨੂੰ ਭਾਵੇਂ ਪੁਰਾਣੇ ਵਿਚਾਰ ਸਮਝ ਕੇ ਖ਼ਾਰਜ ਕਰ ਦੇਵੇ ਪ੍ਰੰਤੂ! ਸਾਡੇ ਬਜ਼ੁਰਗਾਂ ਵੱਲੋਂ ਕਹੀਆਂ ਗੱਲਾਂ ਅੱਜ ਵੀ 100 ਫੀਸਦੀ ਸੱਚ ਅਤੇ ਕਾਰਗਰ ਸਾਬਿਤ ਹੁੰਦੀਆਂ ਹਨ। ਅੱਜ ਘਰਾਂ ਵਿਚ ਲੜਾਈ- ਝਗੜੇ ਅਤੇ ਕਲੇਸ਼ ਇਸੇ ਕਰਕੇ ਵੱਧ ਰਹੇ ਹਨ ਕਿਉਂਕਿ ਅਸੀਂ ਆਪਣੇ ਪੁਰਾਤਨ ਰੀਤੀ-ਰਿਵਾਜ਼ਾਂ ਨੂੰ ਵਿਸਾਰ ਚੁਕੇ ਹਾਂ। ਆਪਣੀ ਮਰਿਆਦਾ ਨੂੰ ਭੁੱਲ ਚੁਕੇ ਹਾਂ। ਮਰਿਆਦਾ ਦੇ ਘਾਣ ਕਰਕੇ ਅਸੀਂ ਖੁਆਰ ਹੋ ਰਹੇ ਹਾਂ। ਉਹ ਚਾਹੇ ਔਰਤ ਹੋਵੇ ਅਤੇ ਚਾਹੇ ਮਰਦ। ਜਿੰਨਾ ਚਿਰ ਉਹ ਆਪਣੀ ਹੱਦਬੰਦੀਆਂ ਦੀ ਸੀਮਾ ਪਾਰ ਨਹੀਂ ਕਰਦਾ ਉਨਾ ਚਿਰ ਤੱਕ ਉਹ ਇੱਜਤ ਦਾ ਪਾਤਰ ਬਣਿਆ ਰਹਿੰਦਾ ਹੈ, ਮਰਿਆਦਾ ਦੀ ਉਲੰਘਣਾ ਕਰਦਿਆਂ ਹੀ ਬੰਦਾ ਜਿੱਥੇ ਆਪਣੀਆਂ ਨਜ਼ਰਾਂ ਤੋਂ ਡਿੱਗਦਾ ਹੈ ਉੱਥੇ ਹੀ ਸਮਾਜ ਦੀਆਂ ਨਜ਼ਰਾਂ ਤੋਂ ਵੀ ਲੱਥ ਜਾਂਦਾ ਹੈ। ਪਰ, ਹੁਣ ਜ਼ਮਾਨਾ ਬਦਲ ਗਿਆ ਹੈ।

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਰਮਜ਼ਾਨ ਤੇ ਰੋਜ਼ੇ



ਆਮ ਅਨੁਭਵ ਦੀ ਗੱਲ ਹੈ ਕਿ ਅਸੀਂ ਜਿੰਨਾ ਮਰਜ਼ੀ ਦੂਜੇ ਧਰਮ ਵਾਲਿਆਂ ਦੇ ਨੇੜੇ ਰਹੀਏ, ਸਾਨੂੰ ਉਨ੍ਹਾਂ ਦੇ ਧਰਮ ਜਾਂ ਇਸ ਨਾਲ ਸਬੰਧਤ ਰੀਤੀ ਰਿਵਾਜਾਂ ਬਾਰੇ ਜਾਨਣ ਦੀ ਬਹੁਤ ਘੱਟ ਉਤਸੁਕਤਾ ਹੁੰਦੀ ਹੈ। ਇਸ ਅਰੁਚੀ ਦਾ ਵੱਡਾ ਕਾਰਨ ਤਾਂ ਏਹੀ ਹੈ ਕਿ ਅਸੀਂ ਆਪਣੇ ਧਰਮ ਨੂੰ ਸਭ ਤੋਂ ਉਤਮ ਤੇ ਆਪਣੇ ਧਾਰਮਕ ਗ੍ਰੰਥ ਨੂੰ ਸੌ ਫੀ ਸਦੀ ਸੱਚਾ ਖਿਆਲ ਕਰਦੇ ਹਾਂ। ਇਸ ਲਈ ਕਈ ਵਾਰੀ ਸਾਨੂੰ ਦੂਜੇ ਦੇ ਧਰਮ ਦੀਆਂ ਰੀਤੀਆਂ ਹਾਸੋ-ਹੀਣੀਆਂ ਤੇ ਢੱਬੀ ਜਿਹੀਆਂ ਲਗਦੀਆਂ ਹਨ। ਹਾਲ ਹੀ ਵਿਚ ਮੁਸਲਮਾਨਾਂ ਦਾ ਤਿਉਹਾਰ ਰਮਜ਼ਾਨ ਮਨਾਇਆ ਗਿਆ। ਆਓ ਇਸ ਬਾਰੇ ਕੁਝ ਜਾਣਕਾਰੀ ਇਸ ਨਾਲ ਸਬੰਧਿਤ ਕੁਝ ਸ਼ਬਦਾਵਲੀ ਸਹਿਤ ਹਾਸਲ ਕਰਨ ਦੀ ਕੋਸ਼ਿਸ਼ ਕਰੀਏ। ਰਮਜ਼ਾਨ ਮੁਸਲਮਾਨਾਂ ਦੇ ਹਿਜਰੀ ਸਾਲ ਦਾ ਨੌਵਾਂ ਚੰਦਰਮਾਸ ਹੈ। ਸਾਰਾ ਮਹੀਨਾ ਮਨਾਏ ਜਾਂਦੇ ਤਿਉਹਾਰ ਨੂੰ ਵੀ ਰਮਜ਼ਾਨ ਹੀ ਆਖਦੇ ਹਨ। ਪੂਰਾ ਮਹੀਨਾ ਮੁਸਲਮਾਨ ਲੋਕ ਫ਼ਜਰ (ਤੜਕੇ) ਤੋਂ ਮਗ਼ਰਬ (ਆਥਣ) ਤੱਕ ਵਰਤ ਰੱਖਦੇ ਹਨ। ਵਰਤ ਦੌਰਾਨ ਉਹ ਪਾਣੀ ਤੱਕ ਵੀ ਨਹੀਂ ਪੀਂਦੇ। ਸਿਰਫ਼ ਖਾਣ ਪੀਣ ਹੀ ਨਹੀਂ ਬਲਕਿ ਭੋਗ-ਵਿਲਾਸ ਤੇ ਬੁਰਾਈਆਂ ਤੋਂ ਪਰਹੇਜ਼ ਕਰਨ ਦੀ ਵੀ ਹਦਾਇਤ ਹੈ। ਲੜਨਾ, ਝਗੜਨਾ, ਨਿੰਦਿਆ, ਚੁਗਲੀ ਆਦਿ ਕਰਮ ਵੀ ਵਿਵਰਜਿਤ ਹਨ। ਇਹ ਇਕ ਕਰੜਾ ਧਾਰਮਿਕ ਇਮਤਿਹਾਨ ਹੈ। ਮੁਸਲਮਾਨ ਧਰਮ ਕਰਮ ਦੇ ਬਹੁਤ ਪੱਕੇ ਹੁੰਦੇ ਹਨ। ਉਹ ਪੂਰੀ ਨਿਸ਼ਠਾ ਨਾਲ ਰਮਜ਼ਾਨ ਦੇ ਨੇਮ ਪਾਲਦੇ ਹਨ। ਭਾਵੇਂ ਬਹੁਤ ਸਾਰੇ ਇਸ ਬਹਾਨੇ ਵਰਤ ਸ਼ੁਰੂ ਕਰਨ ਤੇ ਤੋੜਨ ਸਮੇਂ ਲੇਹ ਕੇ ਸਵਾਦਿਸ਼ਟ ਭੋਜਨ ਖਾਂਦੇ ਹਨ। ਰਮਜ਼ਾਨ ਦੇ ਮਹੀਨੇ ਮੁਸਲਮਾਨੀ ਵਸੋਂ ਵਾਲੇ ਇਲਾਕਿਆਂ ਵਿਚ ਖਾਣ-ਪੀਣ ਵਾਲੀਆਂ ਚੀਜ਼ਾਂ ਦੀ ਮਹਿੰਗਾਈ ਹੋ ਜਾਂਦੀ ਹੈ।

ਰਮਜ਼ਾਨ ਸ਼ਬਦ ਅਸਲ ਵਿਚ ਅਰਬੀ ਸ਼ਬਦ 'ਰਮਦਾਨ' ਦਾ ਹੀ ਫਾਰਸੀ ਰੂਪ ਹੈ। ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਵਰਤਿਆ ਹੈ,"ਵਰਤ ਨ ਰਹਉ ਨ ਮਹ ਰਮਦਾਨਾ" ਅਰਥਾਤ ਨਾ ਮੈਂ ਹਿੰਦੂਆਂ ਦਾ ਵਰਤ ਰਖਦਾ ਹਾਂ ਤੇ ਨਾ ਮੁਸਲਮਾਨਾਂ ਦਾ ਰਮਜ਼ਾਨ। ਅਰਬੀ ਸ਼ਬਦ 'ਰਮਦਾਨ' ਦਾ ਧਾਤੂ ਹੈ 'ਰ-ਮ-ਦ' ਜਿਸਦਾ ਅਰਥ ਅਜੇਹੀ ਲੂਸਵੀਂ ਗਰਮੀ ਹੈ ਜਿਸ ਨਾਲ ਧਰਤੀ ਸੁੱਕ ਜਾਏ। ਅਰਬੀ ਸ਼ਬਦ ਰਮਦ ਦਾ ਅਰਥ ਖੁਸ਼ਕੀ, ਸ਼ੋਕਾ ਹੁੰਦਾ ਹੈ। ਇਸ ਤੋਂ ਬਣੇ 'ਰਮਦਾ' ਦਾ ਅਰਥ ਧੁੱਪ ਨਾਲ ਪੱਕੀ ਰੇਤ ਜਾਂ ਕਹਿ ਲਵੋ ਭੁਬਲ ਹੁੰਦਾ ਹੈ। ਅਰਬੀ ਮੁਹਾਵਰਾ ਹੈ, 'ਕਲ ਮੁਸਤਜੀਰ ਮਿਨਾਰ ਰਮਦਾ ਬਿਨਾਰ' ਅਰਥਾਤ ਭੁਜਦੇ ਪਤੀਲੇ 'ਚੋਂ ਅੱਗ ਵਿਚ ਡਿਗਿਆ। ਤਪਦੀ ਗਰਮੀ ਨਾਲ ਚੀਜ਼ਾਂ ਸਲੇਟੀ ਰੰਗ ਦੀਆਂ ਹੋ ਜਾਂਦੀਆਂ ਹਨ, ਇਸ ਲਈ ਅਰਬੀ ਵਿਚ ਰਮਾਦੀ ਦਾ ਮਤਲਬ ਸਲੇਟੀ ਹੁੰਦਾ ਹੈ। ਇਰਾਕ ਦੇ ਇਕ ਸ਼ਹਿਰ ਦਾ ਨਾਂ 'ਅਲ ਰਮਾਦੀ' ਹੈ, ਸ਼ਬਦਾਰਥ ਖੁਸ਼ਕ ਜਾਂ ਰੱਕੜ ਥਾਂ। ਮੱਧ ਪੂਰਬੀ ਮਾਰੂਥਲ ਵਿਚ ਇਹ ਮਹੀਨਾ ਕਹਿਰ ਦੀ ਗਰਮੀ ਦਾ ਹੁੰਦਾ ਹੈ। ਅਜੇਹੀ ਭੁਜਦੀ ਗਰਮੀ ਵਿਚ ਊਠਾਂ ਵਾਲਿਆਂ ਅਤੇ ਧਰਤੀ ਦਾ ਕੀ ਹਾਲ ਹੁੰਦਾ ਹੋਵੇਗਾ, ਤੁਸੀਂ ਅੰਦਾਜ਼ਾ ਲਾ ਸਕਦੇ ਹੋ। ਕੁਰਾਨ ਅਨੁਸਾਰ ਇਸ ਕੜਕ ਦੇ ਮਹੀਨੇ ਹੀ ਵਰਤ ਆਦਿ ਰੱਖਣ ਨਾਲ ਅੱਲ੍ਹਾ ਮਨੁੱਖ ਦੀ ਰੂਹ 'ਚੋਂ ਅਸ਼ੁੱਧੀਆਂ ਸਾੜ ਕੇ ਉਸਨੂੰ ਪਾਕ ਕਰ ਦਿੰਦਾ ਹੈ। ਆਮ ਬੋਲ ਚਾਲ ਵਿਚ ਅਸੀਂ ਰਮਜ਼ਾਨ ਨੂੰ 'ਰੋਜ਼ੇ' ਹੀ ਕਹਿ ਦਿੰਦੇ ਹਾਂ ਤੇ ਇਸ ਦੌਰਾਨ ਜੇ ਕੁਝ ਖਾ ਪੀ ਹੋ ਜਾਵੇ ਤਾਂ ਇਸ ਨੂੰ ਰੋਜ਼ਾ ਟੁਟਣਾ ਕਹਿੰਦੇ ਹਨ। "ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ"- ਕਬੀਰ, ਅਰਥਾਤ ਰੋਜ਼ੇ ਰੱਖਣ, ਨਮਾਜ਼ ਗੁਜ਼ਾਰਨ ਜਾਂ ਕਲਮਾ ਪੜ੍ਹਨ ਨਾਲ ਬਹਿਸ਼ਤ ਨਹੀਂ ਮਿਲ ਸਕਦਾ। ਰੋਜ਼ਾ ਰੱਖਣ ਵਾਲੇ ਨੂੰ ਰੋਜ਼ੇਦਾਰ ਕਿਹਾ ਜਾਂਦਾ ਹੈ। ਪੰਜਾਬੀ ਵਿਚ ਕਹਾਵਤ ਹੈ, 'ਗਰੀਬਾਂ ਨੇ ਰੋਜ਼ੇ ਰਖੇ ਤਾਂ ਦਿਨ ਵੱਡੇ ਹੋ ਗਏ'। ਉਂਜ ਕੁਰਾਨ ਵਿਚ ਭੁੱਖੇ ਗਰੀਬਾਂ ਲਈ ਰੋਜ਼ਿਆਂ ਤੋਂ ਛੋਟ ਦਿੱਤੀ ਗਈ ਹੈ, ਉਨ੍ਹਾਂ ਦਾ ਤਾਂ ਜ਼ਿੰਦਗੀ ਭਰ ਰੋਜ਼ ਰੋਜ਼ਾ ਹੈ। ਅਰਬੀ ਵਿਚ ਵਰਤ ਨੂੰ ਸੌਮ ਕਿਹਾ ਜਾਂਦਾ ਹੈ। ਸੌਮ ਦਾ ਅਰਥ ਹੈ ਰੋਕਣਾ ਅਰਥਾਤ ਤਮਾਮ ਬੁਰਾਈਆਂ ਨੂੰ ਰੋਕਣਾ। ਰਮਜ਼ਾਨ ਸਾਮੀ ਅਸਲੇ ਦਾ ਸ਼ਬਦ ਹੈ ਜਦ ਕਿ ਰੋਜ਼ਾ ਹਿੰਦ-ਆਰਿਆਈ। ਰੋਜ਼ਾ ਸ਼ਬਦ ਦਿਨ ਦੇ ਅਰਥਾਂ ਵਾਲੇ ਰੋਜ਼ ਤੋਂ ਹੀ ਬਣਿਆ ਹੈ, ਏਥੇ ਭਾਵ ਅਰਥ ਹੈ, ਵਰਤ ਵਾਲਾ ਦਿਨ। ਇਸੇ ਤੋਂ ਰੋਜ਼ੀ, ਰੋਜ਼ਮੱਰਾ, ਰੋਜ਼ਗਾਰ, ਰੋਜ਼ਾਨਾ, ਰੋਜ਼ੀਨਾ (ਰੋਜ਼ ਦਾ ਭਤਾ) ਲਫ਼ਜ਼ ਬਣੇ ਹਨ। ਇਸਦਾ ਭਾਰੋਪੀ ਮੂਲ ਲਿਉਕ leuk ਹੈ ਜਿਸਦਾ ਅਰਥ ਰੋਸ਼ਨੀ, ਚਮਕ ਹੈ। ਸੰਸਕ੍ਰਿਤ ਲੁਚ ਤੇ ਰੁਚ ਇਸਦੇ ਸਕੇ ਹਨ। ਇਸ ਤੋਂ ਢੇਰ ਸਾਰੇ ਸ਼ਬਦ ਬਣੇ ਹਨ ਜਿਨ੍ਹਾਂ ਵਿਚੋਂ ਲੋਚਾ, ਲੋਕ, ਲੋਅ ਆਮ ਜਾਣੇ ਜਾਂਦੇ ਹਨ। ਅੰਗਰੇਜ਼ੀ ਦਾ light, illumination, illustration ਆਦਿ ਗਿਣਾਉਣਯੋਗ ਹਨ। ਫਾਰਸੀ ਦਾ 'ਰੌਸ਼ਨੀ' ਅਤੇ ਇਕ ਸਾਬਣ ਦਾ ਨਾਂ 'ਲਕਸ' ਵੀ ਇਸਦੇ ਸਕੇ ਹਨ। ਮਲੇਸ਼ੀਅਨ, ਇੰਡੋਨੇਸ਼ੀਅਨ ਫਿਲਪਾਈਨ ਆਦਿ ਭਾਸ਼ਾਵਾਂ ਵਿਚ ਭਾਰਤੀ ਬੋਲੀਆਂ ਦਾ ਬਹੁਤ ਦਖਲ ਹੈ। ਦਿਲਚਸਪ ਗੱਲ ਹੈ ਕਿ ਉਥੇ ਦੇ ਮੁਸਲਮਾਨ ਰੋਜ਼ੇ ਲਈ 'ਉਪਾਸ' ਸ਼ਬਦ ਵਰਤਦੇ ਹਨ ਜੋ ਸੰਸਕ੍ਰਿਤ ਉਪਵਾਸ (ਵਰਤ) ਤੋਂ ਬਣਿਆ ਹੈ।

ਰਮਜ਼ਾਨ ਦੇ ਦਿਨਾਂ ਵਿਚ ਹੀ ਲੈਲਤ-ਅਲ ਕਦਰ (ਫਾਰਸੀ ਵਿਚ ਸ਼ਬ-ਏ-ਕਦਰ) ਦੀ ਵਰ੍ਹੇਗੰਢ ਵੀ ਹੁੰਦੀ ਹੈ। ਮੁਸਲਮਾਨਾਂ ਦਾ ਵਿਚਾਰ ਹੈ ਕਿ ਲੈਲਤ-ਅਲ ਕਦਰ ਦੇ ਦਿਨ ਹੀ ਕੁਰਾਨ ਦੀ ਪਹਿਲੀ ਆਇਤ ਰੱਬੋਂ ਉਤਾਰੀ ਗਈ ਸੀ। ਅਸਲੀ ਰਾਤ ਦਾ ਤਾਂ ਸਿਰਫ਼ ਅੱਲਾ ਜਾਂ ਮੁਹੰਮਦ ਨੂੰ ਹੀ ਪਤਾ ਹੈ। ਮੁਸਲਮਾਨਾਂ ਨੂੰ ਇਸਦਾ ਗਿਆਨ ਇਸ ਡਰੋਂ ਨਹੀਂ ਦਿੱਤਾ ਗਿਆ ਕਿ ਉਹ ਫਿਰ ਸਿਰਫ ਇਸੇ ਦਿਨ ਹੀ ਨਮਾਜ਼ ਅਦਾ ਕਰਨਗੇ। ਮੁਹੰਮਦ ਸਾਹਿਬ ਨੇ ਇਸ਼ਾਰਾ ਕੀਤਾ ਹੈ ਕਿ ਇਹ ਰਮਜ਼ਾਨ ਦੀਆਂ ਆਖਰੀ ਦਸ ਰਾਤਾਂ ਵਿਚੋਂ ਇਕ ਹੈ। ਅਰਬੀ ਵਿਚ ਲੈਲਾ ਦਾ ਮਤਲਬ ਰਾਤ ਹੁੰਦਾ ਹੈ। ਅਲਫ਼ ਲੈਲਾ ਦੀਆਂ ਕਹਾਣੀਆਂ ਕਿਸ ਨੇ ਨਹੀਂ ਸੁਣੀਆਂ। ਲੈਲਾ ਔਰਤਾਂ ਦਾ ਨਾਂ ਵੀ ਹੁੰਦਾ ਹੈ, ਸ਼ਾਇਦ ਉਹ ਰਾਤ ਨੂੰ ਜੰਮੀਆਂ ਹੁੰਦੀਆਂ ਹਨ ਜਾਂ ਉਨ੍ਹਾਂ ਦਾ ਰੰਗ ਸਾਂਵਲਾ ਹੁੰਦਾ ਹੈ। ਪਰ ਜਿਸਨੇ ਮਾਰੂਥਲ ਦੀ ਰਾਤ ਦੇਖੀ ਹੋਵੇ ਉਸੇ ਨੂੰ ਇਸਦੀ ਸੁੰਦਰਤਾ ਦਾ ਕਿਆਸ ਹੋ ਸਕਦਾ ਹੈ। ਯਾਦ ਕਰੋ, ਮਜਨੂੰ ਦੀ ਲੈਲਾ। ਸ਼ਾਮੋ ਲੈਲਾ ਦੀ ਪੰਜਾਬੀ ਭੈਣ ਹੋ ਸਕਦੀ ਹੈ।

ਮਿਸ਼ਕਾਤ ਵਿਚ ਲਿਖਿਆ ਹੈ ਕਿ ਹਜ਼ਰਤ ਮਹੰਮਦ ਦਾ ਬਚਨ ਹੈ, "ਰਮਜ਼ਾਨ ਵਿਚ ਸਵਰਗ ਦੇ ਦਰਵਾਜ਼ੇ ਖੁਲ੍ਹੇ ਅਤੇ ਨਰਕ ਦੇ ਬੰਦ ਰਹਿੰਦੇ ਹਨ ਅਤੇ ਇਸ ਮਹੀਨੇ ਸ਼ੈਤਾਨ ਦੇ ਪੈਰਾਂ ਵਿਚ ਬੰਧਨ ਪਾ ਕੇ ਕੈਦ ਰਖਿਆ ਜਾਂਦਾ ਹੈ। ਰਮਜ਼ਾਨ ਵਿਚ ਰੋਜ਼ਾ ਰੱਖਣ ਵਾਲੇ ਦੇ ਪਾਪ ਬਖਸ਼ੇ ਜਾਂਦੇ ਹਨ।' ਰਮਜ਼ਾਨ ਦੇ ਰੋਜ਼ੇ ਰੱਖਣ ਨਾਲ ਮਨੁਖ ਅੱਲ੍ਹਾ ਦੇ ਨੇੜੇ ਹੋ ਜਾਂਦਾ ਹੈ ਕਿਉਂਕਿ ਉਸਨੇ ਬੁਰਾਈਆਂ ਦਾ ਤਿਆਗ ਕੀਤਾ ਹੁੰਦਾ ਹੈ। ਵਰਤ ਰੱਖਣ ਨਾਲ ਰੋਜ਼ੇਦਾਰ ਜਹੱਨਮ ਤੋਂ ਬਚ ਜਾਂਦਾ ਹੈ। ਇਸ ਨਾਲ ਸਬਰ ਸਬੂਰ ਦਾ ਅਭਿਆਸ ਵੀ ਹੁੰਦਾ ਹੈ। ਕੁਰਾਨ ਅਨੁਸਾਰ ਰੋਜ਼ੇ ਤਾਂ ਇਸਾਈ ਜਾਂ ਯਹੂਦੀ ਵੀ ਰਖਦੇ ਹਨ ਪਰ ਮੁਸਲਮਾਨ ਰੋਜ਼ੇ ਰੱਖਣ ਨਾਲ 'ਤਕਵਾ' (ਰੱਬੀ ਚੇਤਨਾ) ਗ੍ਰਹਿਣ ਕਰ ਲੈਂਦਾ ਹੈ। ਤਕਵਾ ਦਾ ਅਰਬੀ ਧਾਤੂ ਵਾ-ਕ਼ਾਫ਼-ਯੇ ਹੈ ਜਿਸਦਾ ਅਰਥ ਡਿਗਣਾ ਹੈ। ਇਸੇ ਤੋਂ ਆਸ ਦੇ ਅਰਥਾਂ ਵਾਲਾ 'ਤਵੱਕੋ' ਅਤੇ ਵਿਸ਼ਵਾਸ ਦੇ ਅਰਥਾਂ ਵਾਲਾ 'ਤਵੱਕਲੀ' ਸ਼ਬਦ ਵੀ ਬਣੇ ਹਨ।

ਰਮਜ਼ਾਨ ਦੌਰਾਨ ਗਰੀਬਾਂ ਨੂੰ ਦਾਨ ਦੇਣ ਦਾ ਵਿਧਾਨ ਵੀ ਹੈ। ਰਮਜ਼ਾਨ ਦੇ ਮਹੀਨੇ ਮੁਸਲਮਾਨ ਦੇ ਹਰੇਕ ਨੇਕ ਕੰਮ ਦਾ 'ਸਵਾਬ' ਸੱਤਰ ਗੁਣਾ ਵਧ ਜਾਂਦਾ ਹੈ। ਅਸਲ ਵਿਚ ਸੱਤਰ ਗੁਣਾ ਅਰਬੀ ਦਾ ਮੁਹਾਵਰਾ ਹੈ ਜਿਸ ਦਾ ਮਤਲਬ ਹੈ ਬੇਸ਼ੁਮਾਰ। ਸਵਾਬ ਦਾ ਅਰਥ ਸੇਵਾਫਲ ਹੈ। 'ਸਵਾਬ ਕਮਾਉਣਾ' ਮੁਹਾਵਰੇ ਦਾ ਅਰਥ ਪੁੰਨ ਖੱਟਣਾ ਹੁੰਦਾ ਹੈ। ਇਸ ਮਹੀਨੇ ਜ਼ਕਾਤ (ਦਾਨ) ਅਦਾ ਕੀਤੀ ਜਾਂਦੀ ਹੈ। ਇਸ ਮਹੀਨੇ ਇਕ ਰੁਪਏ ਦੀ ਜ਼ਕਾਤ ਸੱਤਰ ਰੁਪਏ ਦੇ ਬਰਾਬਰ ਹੈ। ਕੁਰਾਨ ਅਨੁਸਾਰ ਅੱਲ੍ਹਾ ਨੇ ਫਰਮਾਇਆ ਕਿ ਰੋਜ਼ਾ ਤੁਹਾਡੇ ਉਪਰ ਇਸ ਲਈ 'ਫ਼ਰਜ਼' ਕੀਤਾ ਗਿਆ ਹੈ ਕਿ ਤੁਸੀਂ ਖੁਦਾ ਤੋਂ ਡਰਨ ਵਾਲੇ ਬਣੋ।

ਰਮਜ਼ਾਨ ਦੇ ਮਹੀਨੇ ਨੂੰ ਦਸ-ਦਸ ਦਿਨਾਂ ਦੇ ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ ਜਿਨ੍ਹਾਂ ਨੂੰ ਅਸ਼ਰਾ ਕਿਹਾ ਜਾਂਦਾ ਹੈ। ਅਰਬੀ ਵਿਚ ਅਸ਼ਰਾ ਦਾ ਮਤਲਬ ਦਸ ਹੁੰਦਾ ਹੈ। ਰੋਜ਼ਾ ਫਜਰ ਵੇਲੇ ਸਹਰੀ (ਸਰਘੀ) ਖਾ ਕੇ ਰੱਖਿਆ ਜਾਂਦਾ ਹੈ ਤੇ 'ਮਗ਼ਰਿਬ' ਵੇਲੇ ਸਮੂਹਕ ਰੂਪ ਵਿਚ ਇਫ਼ਤਾਰ ਦੇ ਭੋਜਨ ਨਾਲ ਖਤਮ ਕੀਤਾ ਜਾਂਦਾ ਹੈ। ਸਰਘੀ ਸ਼ਬਦ ਅਰਬੀ ਸਹਰ (ਸਵੇਰਾ)+ਗਹ ਤੋਂ ਬਣਿਆ ਹੈ। ਮਗ਼ਰਿਬ ਦਾ ਮਤਲਬ ਪੱਛਮ ਹੈ, ਪਰ ਏਥੇ ਸ਼ਾਮ ਦੀ ਨਮਾਜ਼ ਹੈ। ਪੰਜਾਬੀ 'ਮਗਰੋਂ' (ਪਿਛੋਂ) ਇਸੇ ਤੋਂ ਬਣਿਆ ਹੈ। 'ਇਫ਼ਤਾਰ' ਅਰਬੀ ਸ਼ਬਦ ਹੈ ਜੋ 'ਫ਼ਤਰ' ਤੋਂ ਬਣਿਆ। ਫ਼ਤਰ ਦਾ ਮਤਲਬ ਤੋੜਨਾ ਹੁੰਦਾ ਹੈ, ਏਥੇ ਵਰਤ ਤੋੜਨ ਤੋਂ ਭਾਵ ਹੈ। ਫ਼ਤਰ ਤੋਂ ਫ਼ਿਤਰਤ ਅਤੇ ਫ਼ਤੂਰ ਸ਼ਬਦ ਵੀ ਬਣੇ ਹਨ। ਰਮਜ਼ਾਨ ਦੋ ਤਿੰਨ ਦਿਨ ਚਲਣ ਵਾਲੇ (ਈਦ-ਉਲ-ਫ਼ਿਤਰ) ਦੇ ਤਿਉਹਾਰ ਨਾਲ ਖਤਮ ਕੀਤੀ ਜਾਂਦੀ ਹੈ। ਈਦ ਅਰਬੀ ਸ਼ਬਦ ਹੈ ਜਿਸਦਾ ਮਤਲਬ ਹੈ ਜਸ਼ਨ। ਈਦ ਮੁਢਲੇ ਅਰਬੀ ਸ਼ਬਦ 'ਔਦ' ਤੋਂ ਬਣਿਆ ਹੈ ਜਿਸ ਵਿਚ 'ਮੁੜਨਾ, ਵਾਪਸੀ' ਦੇ ਭਾਵ ਹਨ। ਤਿਉਹਾਰ ਮੁੜ ਮੁੜ ਆਉਂਦੇ ਹਨ, ਏਹੀ ਭਾਵ ਕੰਮ ਕਰ ਰਿਹਾ ਲਗਦਾ ਹੈ। ਪੰਜਾਬੀ ਵਿਚ ਦਾਖਲ ਹੋ ਗਿਆ ਸ਼ਬਦ 'ਆਦਤ' ਵੀ ਇਸੇ ਤੋਂ ਬਣਿਆ, ਭਾਵ ਮੁੜ ਮੁੜ ਕਰਨ ਦੀ ਰੁਚੀ। ਇਕ ਹੋਰ ਸ਼ਬਦ ਜੋ ਅਸੀਂ ਅਕਸਰ ਹੀ ਸੁਣਦੇ ਹਾਂ, ਉਹ ਹੈ 'ਆਇਦ' ਜਿਵੇਂ ਦੋਸ਼ ਆਇਦ ਕਰਨਾ। ਆਇਦ ਦਾ ਭਾਵ ਲਾਗੂ ਕਰਨਾ ਹੈ। ਈਦ-ਉਲ-ਫ਼ਿਤਰ ਦੇ ਸ਼ਾਬਦਿਕ ਅਰਥ ਬਣੇ, '(ਵਰਤ) ਤੋੜਨ ਦੇ ਜਸ਼ਨ'। ਰੋਜ਼ੇ ਏਕਮ ਦਾ ਚੰਦ ਦੇਖ ਕੇ ਖਤਮ ਕੀਤੇ ਜਾਂਦੇ ਹਨ। ਇਸ ਦਿਨ ਨਵਾਂ ਮਹੀਨਾ 'ਸ਼ਵਾਲ' ਚੜ੍ਹ ਜਾਂਦਾ ਹੈ। ਇਸ ਦਿਨ ਮੁਸਲਮਾਨ ਇਕ ਦੂਜੇ ਨੂੰ 'ਈਦ ਮੁਬਾਰਕ' ਕਹਿੰਦੇ ਹਨ। ਮੁਬਾਰਕ ਸ਼ਬਦ ਦਾ ਅਰਬੀ ਧਾਤੂ ਹੈ 'ਬ-ਰ-ਕ' ਜਿਸ ਦੇ ਅਰਥ ਹਨ ਵਰਦਾਨ ਦੇਣਾ। ਬਰਕਤ ਵੀ ਇਸੇ ਤੋਂ ਬਣਿਆ। ਰਮਜ਼ਾਨ ਨੂੰ ਬਰਕਤਾਂ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਬਰਾਕ ਉਬਾਮਾ ਵਿਚਲਾ ਬਰਾਕ ਵੀ ਇਸੇ ਧਾਤੂ ਤੋਂ ਬਣਿਆ ਹੈ। ਮੁਬਾਰਕ ਸ਼ਬਦ ਤਾਂ ਕਈ ਖਾਸ ਨਾਮਾਂ ਵਿਚ ਵੀ ਆਉਂਦਾ ਹੈ ਜਿਵੇਂ ਹੁਸਨੇ ਮੁਬਾਰਕ। ਪੰਜਾਬੀ ਦਾ ਇਕ ਲੇਖਕ ਮੁਬਾਰਕ ਸਿੰਘ ਹੋਇਆ ਹੈ।

ਬਹੁਤ ਸਾਰੇ ਧਰਮ ਨਾਲ ਜੁੜੇ ਤਿਉਹਾਰ ਅਸਲ ਵਿਚ ਦੁਨਿਆਵੀ ਜ਼ਿੰਦਗੀ ਵਿਚ ਪਹਿਲਾਂ ਹੀ ਮੌਜੂਦ ਰਹੇ ਹੁੰਦੇ ਹਨ ਤੇ ਉਨ੍ਹਾਂ ਦਾ ਸਬੰਧ ਸਥਾਨ ਵਿਸ਼ੇਸ਼ ਦੀਆਂ ਭੂਗੋਲਿਕ ਸਥਿਤੀਆਂ ਨਾਲ ਹੁੰਦਾ ਹੈ। ਧਰਮ ਉਨ੍ਹਾਂ ਨੂੰ ਬਾਅਦ ਵਿਚ ਅਪਣਾ ਲੈਂਦਾ ਹੈ। ਵਿਦਵਾਨਾਂ ਦਾ ਖਿਆਲ ਹੈ ਕਿ ਰਮਜ਼ਾਨ ਅਸਲ ਵਿਚ ਅਰਬੀ ਮਾਰੂਥਲ ਦੀ ਕੜਾਕੇ ਦੀ ਗਰਮੀ ਨੂੰ ਝਲਣਯੋਗ ਬਣਾਉਣ ਦਾ ਇਕ ਅਭਿਆਸ ਹੈ।

# ਸੀਸ ਭੇਟ

ਇਹ ਮਹਾਨ ਫ਼ਤਹਿ ਤੋਂ ਮਗਰਲੇ ਦਿਨਾਂ ਦੀ ਗੱਲ ਹੈ।

ਕੁਝ ਲੋਕ ਗੁਰੂ ਸਾਹਿਬ ਕੋਲ ਆਏ ਕਿ ਉਨ੍ਹਾਂ ਦੇ ਨਾਂ ਵੀ ਸੁਤੰਤਰਤਾ ਲਈ ਸੰਘਰਸ਼ ਕਰਨ ਵਾਲੇ ਲੋਕਾਂ ਵਿਚ ਸ਼ਾਮਿਲ ਕਰ ਲਏ ਜਾਣ।

ਅੱਜ ਤੋਂ ਪਹਿਲਾਂ ਗੁਰੂ ਸਾਹਿਬ ਨੇ ਉਨ੍ਹਾਂ ਦੀ ਸ਼ਕਲ ਵੀ ਨਹੀਂ ਸੀ ਦੇਖੀ। ਪਰ ਫ਼ੇਰ ਵੀ ਉਨ੍ਹਾਂ ਨੇ ਕੁਝ ਨਹੀਂ ਕਿਹਾ, ਅਤੇ ਕੇਵਲ ਮੁਸਕਰਾਏ। ਪਰ, ਪੰਜਾਂ ਪਿਆਰਿਆਂ ਵਿਚੋਂ ਇੱਕ ਨੇ ਕਿਹਾ- 'ਜਦੋਂ ਦੇਸ਼ ਅਤੇ ਲੋਕਾਂ ਦੀ ਸੁਤੰਤਰਤਾ ਵਾਸਤੇ ਸੰਘਰਸ਼ ਹੋ ਰਿਹਾ ਸੀ, ਉਦੋਂ ਤੁਸੀਂ ਕਿੱਥੇ ਸਓ?'

'ਅਸੀਂ ਇੱਥੇ ਹੀ ਸਾਂ ਹਜ਼ੂਰ!' ਉਨ੍ਹਾਂ ਨੇ ਗੁਰੂ ਸਾਹਬ ਵੱਲ ਵੇਖ ਕੇ ਕਿਹਾ-'ਗੁਰੂ ਜੀ ਦੇ ਚਰਨਾਂ ਵਿਚ ਹੀ।'

'ਪਰ ਜਦੋਂ ਸੀਸ ਭੇਟ ਕਰਨ ਦਾ ਮੌਕਾ ਸੀ, ਤਦ ਤੁਸੀਂ ਲੋਕ ਕਿਤੇ ਨਜ਼ਰ ਨਹੀਂ ਆਏ!'

ਉਹ ਲੋਕ ਚੁੱਪ ਰਹੇ, ਪਰ ਉਹ ਪਰੇਸ਼ਾਨ ਸਨ।

ਗੁਰੂ ਸਾਹਬ ਫ਼ੇਰ ਉਨ੍ਹਾਂ ਲੋਕਾਂ ਵੱਲ ਵੇਖ ਕੇ ਮੁਸਕਰਾਏ।

ਪੰਜਾਂ ਪਿਆਰਿਆਂ ਇੱਕ ਆਵਾਜ਼ ਹੋ ਕੇ ਕਿਹਾ-

'ਬੋਲੋ! ਸੀਸ ਭੇਟ ਵੇਲੇ ਤੁਸੀਂ ਕਿੱਥੇ ਸਓ?'

'ਹਜ਼ੂਰ, ਅਸੀਂ ਇੱਥੇ ਹੀ ਸਾਂ!'

'ਫ਼ੇਰ ਸੀਸ ਕਿਉਂ ਨਹੀਂ ਭੇਟ ਕੀਤੇ?'

'ਜੀ ਸਾਡੇ ਕੋਲ ਸੀਸ ਹੀ ਨਹੀਂ ਸਨ!'

'ਕੀ ਕਿਹਾ?'

'ਹਾਂ ਜੀ, ਠੀਕ ਐ'

ਹਰ ਪਾਸੇ ਖਾਮੋਸ਼ੀ ਫ਼ੈਲ ਗਈ।

ਫ਼ੇਰ ਉਨ੍ਹਾਂ ਲੋਕਾਂ ਵਿਚੋਂ ਇੱਕ ਨੇ ਮਲਕੜੇ ਜਿਹੇ ਕਿਹਾ-'ਜੀ ਮੈਂ, ਸਰਕਾਰੀ ਕਰਮਚਾਰੀ ਹਾਂ, ਤੇ ਮੇਰਾ ਸਿਰ ਤਾਂ ਮੇਰੇ ਅਫ਼ਸਰਾਂ ਦੇ ਪੈਰਾਂ ਵਿਚ ਪਿਆ ਸੀ।'

ਗੁਰੂ ਸਾਹਬ ਦੇ ਚਿਹਰੇ 'ਤੇ ਤਣਾਓ ਆ ਗਿਆ! ਉਨ੍ਹਾਂ ਦੇ ਚਿਹਰੇ ਦਾ ਭਾਵ ਸਮਝ ਕੇ ਇੱਕ ਪਿਆਰੇ ਨੇ ਕਿਹਾ-'ਕਿਉਂ, ਸੀਸ ਅਫ਼ਸਰਾਂ ਦੇ ਪੈਰਾਂ 'ਤੇ ਰੱਖਣ ਵਾਲੀ ਚੀਜ਼ ਹੈ?'

'ਜੀ ਨੌਕਰੀ...।'

'ਨੌਕਰੀ ਦਾ ਇਹ ਮਤਲਬ ਹੈ ਕਿ ਅਮੁੱਲ ਵਸਤੂ ਸੀਸ ਹੀ ਪੈਰਾਂ ਵਿਚ ਰੱਖ ਦਿਓ?'

ਇੱਕ ਹੋਰ ਵਿਅਕਤੀ ਨੇ ਕਿਹਾ-'ਜੀ ਮੇਰੇ ਕੋਲੋਂ ਵੀ ਇਹੋ ਗੁਸਤਾਖ਼ੀ ਹੋਈ ਹੈ।'

ਇੱਕ ਹੋਰ ਬੰਦੇ ਦਾ ਸਿਰ ਸਿੱਧਾ ਹੀ ਨਹੀਂ ਸੀ ਹੋ ਰਿਹਾ। ਜਦੋਂ ਉਹਦੇ ਕੋਲੋਂ ਇਹਦਾ ਕਾਰਨ ਪੁੱਛਿਆ ਗਿਆ ਤਾਂ ਉਹ ਕਹਿਣ ਲੱਗਾ- 'ਹਜ਼ੂਰ, ਮੇਰਾ ਭਰਾ ਕੋਤਵਾਲ ਸੀ ਅਤੇ ਮੇਰਾ ਸਿਰ ਹੁਣ ਤੱਕ ਉਹਦੀ ਅਰਦਲ ਵਿਚ ਝੁਕਿਆ ਰਿਹਾ ਹੈ।'

'ਕੋਤਵਾਲ ਲੋਕਾਂ ਦੇ ਸਨਮਾਨ ਦੀ ਰੱਖਿਆ ਲਈ ਹੈ ਕਿ ਉਨ੍ਹਾਂ ਨੂੰ ਤਬਾਹ ਕਰਨ ਵਾਸਤੇ?'

'ਜੀ ਪਤਾ ਨਹੀਂ।'

'ਪਤਾ ਕਿਉਂ ਨਹੀਂ?... ਲੋਕਾਂ ਨੂੰ ਪਤਾ ਹੋਣਾ ਚਾਹੀਦਾ ਕਿ ਸਰਕਾਰੀ ਅਧਿਕਾਰੀ ਉਨ੍ਹਾਂ ਦੀ ਸੁਰੱਖਿਆ ਲਈ ਹਨ'

'ਪਰ ਹਜ਼ੂਰ! ਸਾਡਾ ਸੂਬੇਦਾਰ ਤਾਂ ਹਰੇਕ ਘਰ ਵਿਚੋਂ ਸੁੰਦਰ ਬਹੂ-ਬੇਟੀਆਂ ਨੂੰ ਲੈ ਜਾਂਦਾ ਹੈ।'

'ਤੁਸੀਂ ਉਹਨੂੰ ਰੋਕਿਆ ਕਿਉਂ ਨਹੀਂ?'

'ਜੀ...ਉਹ ਕਹਿੰਦਾ ਕਿ...ਦਿੱਲੀ ਸਰਕਾਰ ਦਾ ਹੁਕਮ ਹੈ।'

'ਫ਼ੇਰ ਦਿੱਲੀ ਸਰਕਾਰ ਨੂੰ ਪੁੱਛੋ।'

'ਜੀ?' ਉਨ੍ਹਾਂ ਦੇ ਪੈਰਾਂ ਥੱਲਿਓਂ ਜਿਵੇਂ ਧਰਤੀ ਨਿਕਲ ਗਈ ਹੋਵੇ।

'ਜੀ ਦਾ ਕੀ ਅਰਥ ਹੈ? ਤੁਸੀਂ ਲੋਕ ਇਨਸਾਨ ਹੋ, ਭੇਡਾਂ ਬੱਕਰੀਆਂ ਤਾਂ ਨਹੀਂ!'

'ਪਰ ਹਜ਼ੂਰ...'

'ਤੁਸੀਂ ਕਹੋਗੇ ਕਿ ਤੁਹਾਡੇ ਕੋਲ ਸੀਸ ਹੀ ਨਹੀਂ ਰਹੇ!'

'ਹਾਂ ਆਂ...ਜੀ...' ਉਨ੍ਹਾਂ ਨੇ ਆਪਣੇ ਵੱਲੋਂ ਸੌਖੇ ਜਿਹੇ ਹੋ ਕੇ ਕਿਹਾ।

'ਮਹਿਸੂਸ ਕਰੋ। ਹਾਕਮ ਦੇ ਸੀਸ ਨਾਲੋਂ ਆਮ ਲੋਕਾਂ ਦਾ ਸੀਸ ਛੋਟਾ ਨਹੀਂ ਹੁੰਦਾ...ਨਿਗੂਣਾ ਨਹੀਂ ਹੁੰਦਾ!'

'ਜੀ ਪਰ...?'

'ਪਰ ਕੀ?'

ਇੱਕ ਬੰਦਾ ਝਿਜਕਦਾ ਹੋਇਆ ਬੋਲਿਆ- 'ਅਸੀਂ ਆਪਣੇ ਹੀ ਲੋਭ ਲਾਲਚ ਲਈ ਹਾਕਮਸ਼ਾਹੀ ਨਾਲ ਮਿਲੇ ਹੋਏ ਸਾਂ...ਸਰਕਾਰੀ ਦੁੰਮਛੱਲੇ ਬਣੇ ਹੋਏ ਸਾਂ।'

'ਸਰਕਾਰਾਂ ਤਾਂ ਬਦਲਦੀਆਂ ਰਹਿੰਦੀਆਂ ਹਨ-ਤੁਸੀਂ ਲੋਕ ਕਿਸ ਕਿਸ ਦੇ ਦੁੰਮਛੱਲੇ ਬਣੇ ਰਹੋਗੇ?'

ਲੋਕ ਸੋਚੀਂ ਪੈ ਗਏ। ਪਰ ਅੰਤ'ਚ ਬੋਲੇ-

'ਜੀ, ਫ਼ੇਰ ਅਸੀਂ ਕੀ ਕਰੀਏ?'

ਪੰਜਾਂ ਪਿਆਰਿਆਂ ਨੇ ਆਪਸ ਵਿਚ ਗੁਰਮਤਾ ਕੀਤਾ, ਅਤੇ ਫ਼ੇਰ ਗੁਰੂ ਸਾਹਬ ਨੂੰ ਬੇਨਤੀ ਕੀਤੀ-'ਸੱਚੇ ਪਾਤਸ਼ਾਹ! ਇਨ੍ਹਾਂ ਲੋਕਾਂ ਦੀ ਗ਼ਲਤੀ ਨੂੰ ਵੀ ਮਾਫ਼ ਕਰ ਦਿੱਤਾ ਜਾਵੇ...ਅਤੇ ਆਪਣੇ ਸਿੱਖ ਸਮਝ ਕੇ ਉਪਦੇਸ਼ ਦਿੱਤਾ ਜਾਵੇ।'

ਗੁਰੂ ਸਾਹਬ ਨੇ ਫ਼ੇਰ ਗਹੁ ਨਾਲ ਉਨ੍ਹਾਂ ਲੋਕਾਂ ਵੱਲ ਵੇਖਿਆ, ਉਨ੍ਹਾਂ ਦੇ ਬੁਲੰਦ ਕੱਦ ਬੁੱਤ ਨੂੰ ਮਹਿਸੂਸ ਕੀਤਾ ਅਤੇ ਫ਼ੇਰ ਜਦੋਂ ਉਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਚਿਹਰਿਆਂ ਨੂੰ ਗਹਿਰ-ਗੰਭੀਰ ਨਜ਼ਰ ਨਾਲ ਘੂਰਿਆ, ਤਦ ਉਨ੍ਹਾਂ ਚਿਹਰਿਆਂ 'ਤੇ ਕੁਝ ਕੁਝ ਸੱਚਾਈ ਅਤੇ ਨਿਰਭੈਤਾ ਦਾ ਭਾਵ ਸੀ, ਪਰ ਕੰਬ ਰਿਹਾ, ਡੋਲ ਰਿਹਾ! ਤਿਲਕ ਰਿਹਾ!

ਗੁਰੂ ਸਾਹਬ ਫ਼ੇਰ ਮੁਸਕਰਾਏ, ਅਤੇ ਉਨ੍ਹਾਂ ਨੇ ਹੁਕਮਨਾਮਾ ਜਾਰੀ ਕੀਤਾ:

'ਸਰਕਾਰ ਲੋਕਾਂ ਦੇ ਹਿੱਤਾਂ ਲਈ ਹੈ, ਸੇਵਾ ਲਈ ਵੀ!...ਪਰ ਜਦੋਂ ਵੀ ਕੋਈ ਸਰਕਾਰ ਲੋਕਾਂ ਦਾ ਹਿੱਤ ਪਾਲਣ ਤੋਂ ਮੁਨਕਰ ਹੋ ਜਾਵੇ, ਤਦ ਹਰ ਹਾਲਤ ਵਿਚ ਵਿਦਰੋਹ ਕਰਕੇ ਉਸ ਨੂੰ ਖ਼ਤਮ ਕਰਨਾ ਹੈ।'

ਬਾਹਰ ਬਿਰਛਾਂ ਦੇ ਕੱਦ-ਬੁੱਤ ਹੋਰ ਬੁਲੰਦ ਹੋ ਗਏ ਲੱਗਦੇ ਸਨ, ਅਤੇ ਧੁੰਦ ਦਾ ਪ੍ਰਭਾਵ ਵਧੇਰੇ ਚਮਕੀਲਾ ਹੋ ਗਿਆ ਸੀ।

ਗੁਰੂ ਸਾਹਬ ਦੇ ਖਾਮੋਸ਼ ਹੋ ਜਾਣ ਮਗਰੋਂ ਉਨ੍ਹਾਂ ਦੇ ਸੰਕੇਤ ਸਮਝ ਕੇ ਪੰਜ ਪਿਆਰਿਆਂ ਵਿਚੋਂ ਇੱਕ ਨੇ ਉਨ੍ਹਾਂ ਨੂੰ ਕਿਹਾ!

'ਹੁਣ ਦੇਸ਼ ਨੂੰ ਤੁਹਾਡੇ ਬਲੀਦਾਨ ਦੀ ਵੀ ਜ਼ਰੂਰਤ ਹੈ...'

'ਜੀ, ਈ,?' ਉਹ ਲੋਕ ਜਿਵੇਂ ਕੰਬ ਗਏ।

'ਹਾਂ...ਤੁਹਾਨੂੰ ਵੀ ਹੁਣ ਸੀਸ ਭੇਟ ਕਰਨੇ ਹੋਣਗੇ'

'ਪਰ...ਹਜ਼ੂਰ।'

'ਬੋਲੋ।'

'ਜੀ, ਅਸੀਂ ਤਾਂ ਸਮਝੇ ਸੀ ਕਿ ਹੁਣ ਬਲੀਦਾਨ ਦੀ ਲੋੜ ਨਹੀਂ...'

'ਬਲੀਦਾਨ ਦੀ ਤਾਂ ਹਰ ਵੇਲੇ ਲੋੜ ਰਹਿੰਦੀ ਹੈ, ਅਤੇ ਸੀਸ ਭੇਟ ਦੀ ਵੀ...'

ਕਿੰਨਾ ਹੀ ਚਿਰ ਖਾਮੋਸ਼ੀ ਫ਼ੈਲੀ ਰਹੀ। ਫ਼ੇਰ ਉਨ੍ਹਾਂ ਵਿਚੋਂ ਇੱਕ ਨੇ ਬਹੁਤ ਸੋਚ-ਸੋਚ ਕੇ ਕਿਹਾ- 'ਪਰ ਹਜ਼ੂਰ! ਸੀਸ ਤਾਂ ਸਾਡੇ ਕੋਲ ਹੈਨ ਹੀ ਨਹੀਂ।'

ਲੱਗਾ ਜਿਵੇਂ ਬਾਹਰ, ਵਾਤਾਵਰਣ ਵਿਚ ਧੁੰਦ ਫ਼ੈਲਣ ਲੱਗ ਪਈ ਹੋਵੇ। ਅਤੇ ਕਕਰੀਲੀ ਸੁੰਨ ਵੀ।

ਪਰ ਗੁਰੂ ਸਾਹਬ ਨੇ ਮੁਸਕਰਾ ਕੇ ਕਿਹਾ- 'ਸੀਸਹੀਣ ਲੋਕਾਂ ਦੀ ਦਿੱਲੀ ਸਰਕਾਰ ਨੂੰ ਜ਼ਰੂਰਤ ਹੋਵੇਗੀ...ਮੈਨੂੰ ਨਹੀਂ। ਜਾਓ, ਸੀਸ ਸਮੇਤ ਮੇਰੇ ਕੋਲ ਆਓ।'

ਗੁਰੂ ਸਾਹਬ ਦੀ ਇਹ ਲਲਕਾਰ ਜਿਵੇਂ ਦੇਸ਼ ਦੇ ਕੋਨੇ-ਕੋਨੇ ਵਿਚ ਗੂੰਜ ਗਈ।

ਜਦੋਂ ਉਹ ਲੋਕ ਚਲੇ ਗਏ ਤਾਂ ਪੰਜਾਂ ਪਿਆਰਿਆਂ ਵਿਚੋਂ ਇੱਕ ਨੇ ਕਿਹਾ-'ਸੱਚੇ ਪਾਤਸ਼ਾਹ! ਹੁਣ ਉਹ ਲੋਕ ਪਰਤ ਕੇ ਨਹੀਂ ਆਉਣਗੇ।'

ਗੁਰੂ ਸਾਹਬ ਨੇ ਪਹਿਲਾਂ ਵਾਂਗ ਹੀ ਮੁਸਕਰਾ ਕੇ ਗੰਭੀਰਤਾ ਨਾਲ ਕਿਹਾ-'ਅੱਗੇ ਵੀ ਉਹ ਕਦੋਂ ਆਏ ਸਨ?'

## ਪੁਰਾਣਾ ਸ਼ਹਿਦ

*ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ*

# ਬਹੁ-ਪੱਖੀ ਕਲਾਕਾਰ ਬਲਜਿੰਦਰ ਸੇਖਾ



ਬਹੁ-ਪੱਖੀ ਕਲਾਵਾਂ ਦਾ ਮਾਲਕ ਬਲਜਿੰਦਰ ਸੇਖਾ ਕੈਨੇਡਾ ਵਿਚ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਪੰਜਾਬ ਦੇ ਜ਼ਿਲ੍ਹਾ ਮੋਗਾ ਦੇ ਪਿੰਡ ਸੇਖਾ ਕਲਾਂ ਵਿਚ ਪਿਤਾ ਸ. ਗੁਰਦੇਵ ਸਿੰਘ ਸਰਾਂ ਅਤੇ ਮਾਤਾ ਸਵਰਗੀ ਚਰਨਜੀਤ ਕੌਰ ਦੇ ਘਰ ਜਨਮੇ ਬਲਜਿੰਦਰ ਸੇਖਾ ਬਾਰੇ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਹੋਵੇਗਾ ਕਿ ਪਿੰਡ ਦਾ ਇਹ ਬੱਚਾ ਇਕ ਦਿਨ ਆਪਣੇ ਪਿੰਡ ਅਤੇ ਆਪਣੇ ਇਲਾਕੇ ਦਾ ਨਾਂਅ ਕੈਨੇਡਾ ਜਿਹੇ ਮੁਲਕਾਂ ਵਿਚ ਲੇਖਕ, ਅਦਾਕਾਰ ਅਤੇ ਗਾਇਕ ਦੇ ਤੌਰ 'ਤੇ ਉੱਥੋਂ ਦੇ ਅੰਗਰੇਜ਼ੀ ਚੈਨਲਾਂ ਉੱਤੇ ਵੀ ਆਪਣੀ ਕਲਾ ਦੇ ਪ੍ਰਦਰਸ਼ਨ ਰਾਹੀ ਉੱਚਾ ਕਰੇਗਾ, ਜਿਸ ਨੂੰ ਕਲਾ ਅਤੇ ਕਲਾਕਾਰੀ ਦੀ ਗੁੜ੍ਹਤੀ ਆਪਣੇ ਦਾਦਾ ਸ. ਮੰਦਰ ਸਿੰਘ ਸਰ੍ਹਾਂ ਅਤੇ ਦਾਦੀ ਪ੍ਰਤਾਪ ਕੌਰ ਕੋਲੋਂ ਮਿਲੀ ਅਤੇ ਸੋਨੇ 'ਤੇ ਸੁਹਾਗੇ ਵਾਲੀ ਗੱਲ ਇਹ ਹੋਈ ਕਿ ਉਸ ਦੇ ਨਾਲ ਦੇ ਪਿੰਡ ਮੱਲਕੇ ਜਿੱਥੇ ਉਹ ਉਚੇਰੀ ਵਿੱਦਿਆ ਲਈ ਦਾਖ਼ਲ ਹੋਇਆ ਉੱਥੋਂ ਦੇ ਆਪਣੇ ਜਮਾਤੀ ਅਤੇ ਬਾਅਦ ਵਿਚ ਉਸ ਦੇ ਗੂੜ੍ਹੇ ਦੋਸਤ ਅਤੇ ਪ੍ਰਸਿੱਧ ਗਾਇਕ ਬਣੇ 'ਰਾਜ ਬਰਾੜ' ਨਾਲ ਰਲ ਕੇ ਗਾਇਕੀ ਅਤੇ ਕਲਾਕਾਰੀ ਦੀ ਸ਼ੁਰੂਆਤ ਕਰਦਿਆਂ ਇਕ ਹਾਸਰਸ ਕੈਸਟ 'ਛਿੱਤਰੋ ਛਿੱਤਰੀ ਤਿਆਰ ਕੀਤੀ। ਜਿਸ ਨੂੰ ਲੋਕਾਂ ਵਲੋਂ ਭਰਪੂਰ ਹੁੰਗਾਰਾ ਮਿਲਿਆ ਜਿਸ ਦੇ ਇਵਜ਼ ਨਿਰਮਲ ਸਿੱਧੂ ਅਤੇ ਬਲਕਾਰ ਸਿੱਧੂ ਵਰਗੇ ਨਾਮੀ ਕਲਾਕਾਰਾਂ ਨੇ ਵੀ ਬਲਜਿੰਦਰ ਸੇਖਾ ਨੂੰ ਆਪਣੇ ਨਾਲ ਪ੍ਰੋਗਰਾਮਾਂ 'ਤੇ ਲਿਜਾਣਾਂ ਸ਼ੁਰੂ ਕੀਤਾ, ਜਿੱਥੇ ਕਿ ਗਾਇਕ ਚਰਨਜੀਤ ਸਲੀਣਾ ਨੇ ਵੀ ਉਸ ਦਾ ਪੂਰਾ ਸਾਥ ਦਿੱਤਾ, ਜਦੋਂ ਕਿ ਰਾਜ ਬਰਾੜ ਦੇ ਲਗਭਗ ਹਰੇਕ ਗੀਤ ਦੀ ਸਫਲਤਾ ਵਿਚ ਬਲਜਿੰਦਰ ਦਾ ਪੂਰਾ ਸਹਿਯੋਗ ਰਿਹਾ, ਉਸ ਨੇ ਬਾਬੂ ਰਜਬ ਅਲੀ ਦੇ ਛੰਦ ਨੂੰ ਕਵੀਸ਼ਰੀ ਦੇ ਰੂਪ ਵਿਚ ਗਾ ਵੀ ਲੋਕਾਂ ਕੋਲੋਂ ਵਾਹ-ਵਾਹ ਖੱਟੀ। ਫਿਰ ਉਹ ਆਪਣੇ ਤਾਇਆ ਮਾਸਟਰ ਹਰਚੰਦ ਸਿੰਘ ਅਤੇ ਤਾਈ ਸ੍ਰੀਮਤੀ ਜਗਦੀਸ਼ ਕੌਰ ਦੇ ਕੈਨੇਡਾ ਵਿਚ ਰਹਿੰਦੇ ਸਪੁੱਤਰ ਅਤੇ ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਣੀ ਸ਼ਖ਼ਸ਼ੀਅਤ ਹਰਪ੍ਰੀਤ ਸੇਖਾ ਦੀ ਸਾਲੀ ਵੀਰਵਾਲ ਕੌਰ ਨਾਲ ਵਿਆਹ ਬੰਧਨ ਵਿਚ ਬੱਝ ਕੇ ਕੈਨੇਡਾ ਆ ਗਿਆ, ਜਿੱਥੇ ਉਸ ਦੇ ਅੰਦਰਲੇ ਕਲਾਕਾਰ ਨੇ ਉਸ ਨੂੰ ਹਲੂਣੇ ਦੇਣੇ ਸ਼ੁਰੂ ਕੀਤੇ, ਉਹ ਪੰਜਾਬੀਆਂ ਵਿਚ ਇਕ ਜੁਗਾੜੀ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ, ਉਸ ਨੇ ਕੈਨੇਡਾ ਵਿਚ ਸ਼ਖ਼ਤ ਮਿਹਨਤ ਕਰਦਿਆਂ ਮੇਲਿਆਂ ਤੇ ਜਾਣਾ ਸ਼ੁਰੂ ਕੀਤਾ, ਸੇਖੇ ਨੇ ਕਬੱਡੀ ਵੀ ਖੇਡੀ, ਜਦੋਂ ਕਿ ਕੈਨੇਡਾ ਦੇ ਮਸ਼ਹੂਰ ਕਲਾਕਾਰ ਲਖਵਿੰਦਰ ਸੰਧੂ ਭੰਡ ਨਾਲ ਕਾਮੇਡੀ ਵੀ ਕੀਤੀ, ਉਸ ਨੇ ਸਿੱਖ ਹੈਰੀਟੇਜ ਮਹੀਨੇ ਦਾ ਸਿੰਬਲ ਵੀ ਬਣਾਇਆ, ਕੈਨੇਡਾ ਡੇਅ ਦਾ ਪਹਿਲਾ ਪੰਜਾਬੀ ਗੀਤ 'ਓ ਕੈਨੇਡਾ' ਤਿਆਰ ਕਰਕੇ ਪ੍ਰਸਿੱਧ ਗਾਇਕ ਅਤੇ ਸੰਗੀਤਕਾਰ ਦਿਲਕੁਸ਼ ਥਿੰਦ ਦੇ ਸੰਗੀਤ ਵਿਚ ਗਾਉਣ ਦਾ ਸੁਭਾਗ ਵੀ ਬਲਜਿੰਦਰ ਦੇ ਹਿੱਸੇ ਆਇਆ, ਜਦੋਂ ਕਿ ਰਿਮੈਂਬਰਸ ਦਿਵਸ ਦੇ 100ਵੇਂ ਵਰ੍ਹੇ ਦੇ ਮੱਦੇਨਜ਼ਰ ਵੀ ਖਾਸ ਕਾਰਗੁਜ਼ਾਰੀ ਰਹੀ, ਜਿਸ ਲਈ ਉਸ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਦੁਆਰਾ ਵੀ ਸਨਮਾਨਿਤ ਕੀਤਾ ਗਿਆ। ਹਮੇਸ਼ਾ ਕੁਝ ਨਵਾਂ ਕਰਨ ਦੀ ਤਲਾਸ਼ ਵਿਚ ਰਹਿਣ ਵਾਲਾ ਬਲਜਿੰਦਰ ਸੇਖਾ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਚ ਆਪਣੀ ਪਤਨੀ ਅਤੇ ਦੋ ਬੇਟੀਆਂ ਨਾਲ ਖੁਸ਼ਹਾਲ ਜ਼ਿੰਦਗੀ ਬਸਰ ਕਰ ਰਿਹਾ ਹੈ।

# ਲੋਕ ਗਾਇਕਾ ਕਮਲਪ੍ਰੀਤ ਮੱਟੂ



ਸੰਗੀਤਕ ਖੇਤਰ ਵਿਚ ਡਿਊਟ ਤੇ ਸਿੰਗਲ ਟਰੈਕ ਦੁਆਰਾ ਆਪਣੀ ਵਿਲੱਖਣ ਭੱਲ ਸਥਾਪਿਤ ਕਰ ਚੁੱਕੀ, ਪੰਜਾਬੀ ਲੋਕ ਗਾਇਕੀ ਦਾ ਮਾਣ ਤੇ ਸੁਰੀਲੀ ਆਵਾਜ ਦੀ ਮਲਿਕਾ ਕਮਲਪ੍ਰੀਤ ਮੱਟੂ ਜਿੰਨਾਂ ਨੇ ਸੰਗੀਤ ਜਗਤ ਨੂੰ ਖ਼ੂਬਸੂਰਤ ਪੰਜਾਬੀ ਡਿਊਟ ਤੇ ਸਿੰਗਲ ਟਰੈਕ ਦੇ ਸੰਗੀਤਕ ਪ੍ਰੇਮੀਆਂ ਦੇ ਦਿਲਾਂ ਤੇ ਰਾਜ ਕਰ ਰਹੀ ਹੈ ਅਤੇ ਇਹ ਸਿਲਸਿਲੇਵਾਰ ਜਾਰੀ ਹੈ। ਓਨਾਂ ਬਹੁਤ ਸਾਰੀਆਂ ਸਟੇਜਾਂ ਤੇ ਲਾਈਵ ਗਾ ਕੇ ਸਰੋਤਿਆਂ ਨੂੰ ਆਪਣੀ ਖ਼ੂਬਸੂਰਤ ਗਾਇਕੀ ਦੇ ਕਲਾਵੇ ਵਿਚ ਲਿਆ। ਓਨਾਂ ਬਾਕਮਾਲ ਸਿੰਗਲ ਟਰੈਕ ਯਾਰ ਤੇ "ਆਹੀ ਗੱਲਾਂ" ਲੋਕ ਤੱਥ ਤੇ ਪੰਜਾਬੀ ਗਾਇਕੀ ਦੇ ਜਾਣੇ ਪਹਿਚਾਣੇ ਲੋਕ ਗਾਇਕ ਜੋ ਸੰਗੀਤ ਜਗਤ ਵਿਚ ਅਹਿਮ ਸਥਾਨ ਰੱਖਦੇ ਹਨ ਮਨਿੰਦਰ ਸੰਧੂ ਨਾਲ ਡਿਊਟ ਗੀਤ ਛੱਤਰੀ, ਜਾਨ ਲੇਵਾ ਬੰਦੇ ਤੇ ਜੁਗਾੜੀ ਜੱਟ ਅਤੇ ਸੁਰੀਲੇ ਫ਼ਨਕਾਰ ਮਹਰੂਮ ਮੇਜਰ ਮਹਿਰਮ ਨਾਲ "ਯਾਰੀ" ਗਾ ਆਪਣਾ ਵੱਖਰਾ ਮੁਕਾਮ ਬਣਾਇਆ।

ਪ੍ਰਸਿੱਧ ਲੋਕ ਗਾਇਕਾ ਕਮਲਪ੍ਰੀਤ ਮੱਟੂ ਦਾ ਨਵਾਂ ਸਿੰਗਲ ਟਰੈਕ "ਥਾਣੇਦਾਰੀ" ਲੈ ਬਹੁਤ ਜਲਦ ਸਰੋਤਿਆਂ ਦੀ

**ਸ਼ਿਵਨਾਥ ਦਰਦੀ**
**ਫ਼ਰੀਦਕੋਟ**

ਕਚਹਿਰੀ ਵਿੱਚ ਹਾਜ਼ਰ ਹੋਣ ਜਾ ਰਹੀ। ਇਹ ਜਾਣਕਾਰੀ ਚਰਚਿਤ ਅਦਾਕਾਰ ਕੁਲਦੀਪ ਨਿਆਮੀ ਵਾਲਾ ਨੇ ਸਾਂਝੀ ਕਰਦਿਆਂ ਦੱਸਿਆਂ ਕਿ ਗੀਤ ਦੀ ਸੂਟਿੰਗ "ਪਿੰਡ ਪੰਜਗਰਾਈ" ਦੀਆਂ

## ਕਲਾ ਪਰਿਕਰਮਾ


ਮਨਮੋਹਕ ਲੋਕੇਸ਼ਨ ਤੇ ਹੋਈ ਹੈ। ਇਸ ਵਿਚ ਚਰਚਿਤ ਅਦਾਕਾਰਕੁਲਦੀਪ ਨਿਆਮੀ ਵਾਲਾ ਤੇ ਲੋਕ ਗਾਇਕਾ ਕਮਲਪ੍ਰੀਤ ਮੱਟੂ ਖੁਦ ਬੱਬੀ ਸਿੱਧੂ ਪੰਜਗਰਾਈਂ, ਦਿਲਜੀਤ ਪੱਖੀ,ਜਸ਼ਨ ਖੋਖਰ, ਜੀਤ ਬਠਿੰਡਾ ਆਦਿ ਨੇ ਬੇਹਤਰੀਣ ਅਦਾਕਾਰੀ ਕਰ ਗੀਤ ਨੂੰ ਖ਼ੂਬਸੂਰਤੀ ਨੂੰ ਚਾਰ ਚੰਨ ਲਗਾਏ ਹਨ। ਇਹ ਗੀਤ ਦੇ ਬੋਲ ਪਿੰਦਰ ਪਿੰਡੀ ਵਾਲੇ ਕਲਮ ਦੀ ਦਾਤ ਹਨ। ਇਸ ਗੀਤ ਨੂੰ ਸੰਗੀਤਕ ਛੋਹਾਂ ਦਿੱਤੀਆਂ ਨਾਮਵਰ ਸੰਗੀਤਕਾਰ ਬੀ.ਐੱਸ ਬਰਾੜ ਜੀ ਇਸ ਗੀਤ ਨੂੰ ਡਾਇਰੈਕਟਰ ਗੁਰਪਿਆਰ ਢਿੱਲਵਾਂ ਵਾਲਾ ਨੇ। ਇਸ ਗੀਤ ਨੂੰ ਪ੍ਰਸਿੱਧ ਡਾਇਰੈਕਟਰ ਗੁਰਪਿਆਰ ਢਿੱਲਵਾਂ ਵੱਲੋਂ ਡਾਇਰੈਕਟ ਕੀਤਾ ਜਾ ਰਿਹਾ।ਇਸ ਗੀਤ ਦੇ ਸੁੰਦਰ ਪਲਾਂ ਨੂੰ ਕੈਮਰੇ ਵਿਚ ਬੰਦ ਕੀਤਾ ਹੈ, ਪ੍ਰਸਿੱਧ ਕੈਮਰਾਮੈਨ ਮਨੀ ਨਿਆਮੀ ਨੇ। ਇਸ ਗੀਤ ਲਈ ਵਿਸੇਸ਼ ਧੰਨਵਾਦ ਕੀਤਾ ਚਰਚਿਤ ਅਦਾਕਾਰ ਕੁਲਦੀਪ ਨਿਆਮੀ ਤੇ ਬੱਬੀ ਸਿੱਧੂ ਪੰਜਗਰਾਈਂ ਜੀ ਨੇ ਸੁੱਭਕਾਮਨਾਵਾਂ ਦਿੱਤੀਆਂ।



# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਅਪਰੈਲ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-686



*ਦੇਖੀ ਜਦੋਂ ਮੂਰਤ ਪੰਡਾਂ ਵਾਲ਼ੀ, ਯਾਦ ਆਈ 'ਧੀ ਪੋਠੋਹਾਰ ਦੀ',*
*ਲਾ ਕੇ ਦਿਹਾੜੀ ਖੇਤਾਂ ਦੇ ਵਿਚ, ਪੰਡ ਚੁੱਕੀ ਟੱਬਰ ਦੇ ਭਾਰ ਦੀ।*
*ਪੱਠਾ ਦੱਥਾ ਪਸ਼ੂਆਂ ਦਾ ਵੱਢ ਕੇ, ਹੰਢਾਉਂਦੀ ਜ਼ਿੰਦਗੀ ਖਾਰ ਦੀ,*
*ਜੀਣਾ ਕੰਮੀਆਂ ਦਾ ਦਰਸਾਵੇ, ਨਾਲੇ ਡੰਗ ਗਰੀਬਾਂ ਦੇ ਸਾਰਦੀ।*

## ਕੈਪਸ਼ਨ ਮੁਕਾਬਲਾ-684



ਤ੍ਰਾਸਦੀ ਜੰਗ ਦੀ ਕਹੀਏ ਜਾਂ
ਕਹੀਏ ਕੁਦਰਤੀ ਆਫ਼ਤ,
ਫਸੀ ਹੈ ਜਾਨ ਵਿਚ ਪੁੜਾਂ ਸ਼ਾਲਾ!
ਰਹੇ ਸਦਾ ਸਲਾਮਤ!
ਸਵਾਮੀ ਭਗਤ ਕੋਲ਼ ਖੜ੍ਹਾ
ਸੋਚਦਾ ਬਣੇ ਕੋਈ ਤਰਕੀਬ,
ਬਚਾ ਲਵਾਂ ਮੌਤ ਦੇ ਮੂੰਹ 'ਚੋਂ
ਇੰਨਾ ਸੋਹਣਾ ਮੇਰਾ ਹਬੀਬ।
**-ਸੇਵਾ ਸਿੰਘ 'ਨੂਰਪੁਰੀ'**

---

ਕੁਦਰਤ ਦੀ ਕਦੇ ਮਾਰ ਹੈ ਪੈਂਦੀ
ਕਦੇ ਮਨੁੱਖ ਹੈ ਜ਼ੁਲਮ ਕਮਾਉਂਦਾ।
ਮਜ਼ਲੂਮ ਨੇ ਝੱਲਦੇ ਏਸ ਕਹਿਰ ਨੂੰ
ਜਾਂ ਭੋਲਾ ਬਚਪਨ ਮਾਰ ਹੰਢਾਉਂਦਾ
ਜਾਨਵਰ ਵੀ ਤੱਕ ਸੋਚੀਂ ਪੈ ਜਾਏ
ਉਹਨੂੰ ਕੁੱਝ ਵੀ ਸਮਝ ਨਾ ਆਉਂਦਾ।
**-ਜਗਮੀਤ ਸਿੰਘ ਪੰਧੇਰ**
**ਫੋਨ : +91 98783-37222**

---

ਕੀ ਮੰਜ਼ਰ ਇਹ ਜੰਗ ਵਾਲਾ ਜਾਂ
ਭੂਚਾ਼ਲ 'ਚ ਹੋਈ ਤਬਾਹੀ?
ਵੱਟਾਂ ਗਲੀਆਂ ਨੇ ਖ਼ਾਕ ਰਲੀਆਂ,
ਨਾ ਕੋਈ ਟੁਰਦਾ ਦਿਸੇ ਰਾਹੀ।
ਸੁੰਨ ਪਸਰੀ ਏ ਚਹੁੰ ਪਾਸੇ,
ਦਿਸਦੀ ਜਾਤ ਮਾਨਵ ਦੀ ਨਾਹੀ।
ਕਹਿਰ ਵਰਤਿਆ ਕੁਦਰਤੀ,
ਤੱਕੋ ਡਾਹਢੇ ਦੀ ਬੇ-ਪਰਵਾਹੀ।
ਅਜਬ ਅਜੂਬਾ ਰੱਬ ਦਾ,
ਬਾਲ ਮਲੂਕ ਹੇਠ ਮਲਬੇ ਭਾਰੀ।
ਪਾਤਰ ਬਣਿਆ ਤਰਸ ਦਾ,
ਜਿੰਦ ਪਈ ਕੱਢੇ ਚੀਕ ਕਿਲਕਾਰੀ।

ਕਰਮ ਦੇਖੋ ਉਸ ਰੱਬ ਦਾ,
ਨਾ ਖਾਏ ਕੁੱਤਾ, ਕਰਦਾ ਪੁਚਕਾਰੀ।
ਜਿਸ ਨੂੰ ਰਖਦਾ ਰੱਖਣਹਾਰ,
ਪਹੁੰਚ ਜਾਂਦਾ ਬਣ ਕੇ ਹਿਤਕਾਰੀ।
ਨਾਕਾਮ! ਨਾ ਅਕਲੀਂ ਆਂਵਦੀ,
ਅਲਪ-ਬੁੱਧ ਕੀ ਕਰੇ ਵਿਚਾਰੀ।
ਮਿੱਠਾ-ਮਿੱਠਾ ਬੰਦਾ ਲੋਚਦਾ,
ਕੌੜਾ ਕਰੇ ਮੂੰਹ ਕੌੜੇ ਦੀ ਵਾਰੀ।
**-ਗੁਰਬਖਸ਼ ਸਿੰਘ 'ਨਾਕਾਮ'**
**ਫੋਨ: +1 864 318 5500**

---

ਜੰਗ ਤੇ ਭੂਚਾਲ ਦੋਵੇਂ,
ਮਚਾਉਂਦੇ ਸਦਾ ਤਬਾਹੀ ਏ।
ਤਸਵੀਰ ਵਿਚ ਛੋਟਾ ਬੱਚਾ,
ਭਰਦਾ ਪਿਆ ਗਵਾਹੀ ਏ।
**-ਅਮਰੀਕ ਸਿੰਘ ਤਲਵੰਡੀ ਕਲਾਂ**
**ਫੋਨ: 94635-42896**

---

ਮਲਥਸ ਦਾ ਆਬਾਦੀ ਸਿਧਾਂਤ
ਆਪਣੇ ਲੱਛਣ ਦਿਖਾਣ ਲੱਗਾ।
ਕਿਤੇ ਜੀਜਾ-ਭੈਣ ਮਾਰਦੇ ਭਰਾ ਨੂੰ
ਕਿਤੇ ਭੈਣ ਨੂੰ ਭਰਾ ਮਾਰਨ ਲੱਗਾ।
ਰੱਬ ਤਾਂ ਹਰ ਜਾਨ ਅੰਦਰ ਵੱਸਦਾ
ਪਰ ਲਾਲਚ ਤੇ ਹੰਕਾਰ ਬੰਦੇ ਦਾ
ਡਿਗਦੀਆਂ ਕਦਰਾਂ-ਕੀਮਤਾਂ ਦੱਸਦਾ।
ਅਣਭੋਲ ਜੰਮਦੀਆਂ ਜਿੰਦਾਂ ਨੂੰ ਵੀ
ਜ਼ੁਲਮੀ ਬਾਬਲ ਨਾ ਬਖਸ਼ਦਾ।
**-ਅਮਰਜੀਤ ਸਿੰਘ ਤੂਰ**
**ਕੁਲਬੁਰਛਾਂ (ਪਟਿਆਲਾ)**
**ਫੋਨ: 98784-69639**

---

ਡਰ ਨਾ ਪੁੱਤਰਾ, ਰੋ ਨਾ ਐਵੇਂ
ਮੈਂ ਵੀ ਹਾਂ ਕਿਸਮਤ ਦਾ ਮਾਰਾ
ਅਹੁ ਪਈ ਜੋ ਸਲੈਬ ਦੇ ਥੱਲੇ
ਮੇਰੇ ਵੀ ਨੇ ਬੱਚੇ ਮੋਏ
ਚੁੱਪ ਕਰ ਜਾਹ
ਹੁਣ ਗੱਲ ਸੁਣ ਮੇਰੀ
ਤੂੰ ਤੇ ਮੈਂ ਸਾਥੀ ਇੱਕ ਦੂਜੇ ਦੇ ਹੋਏ।
**-ਚਰਨਜੀਤ ਕੌਰ**
**ਫੋਨ: 98768-65849**

# 'ਪੰਜਾਬ ਟਾਈਮਜ਼' ਦੇ ਸਮੂਹ ਪਾਠਕਾਂ ਅਤੇ ਸਾਧ-ਸੰਗਤ ਨੂੰ ਖਾਲਸਾ ਸਾਜਨਾ ਦਿਹਾੜੇ ਦੀ

# ਕੋਟਾਨਿ ਕੋਟਿ ਵਧਾਈ

## ਵਨ ਬੀਟ ਮੈਡੀਕਲ ਗਰੁੱਪ ਦੇ ਤਿੰਨਾਂ ਹਸਪਤਾਲਾਂ ਵਿੱਚ

ਫਰੀ ਸੇਵਾ — ਤਜਰਬੇਕਾਰ ਤੇ ਅਨੁਭਵੀ ਡਾਕਟਰਾਂ ਤੇ ਸਰਜਨਾਂ ਦੀ ਟੀਮ ਦੇ ਸਹਿਯੋਗ ਨਾਲ — ਫਰੀ ਸੇਵਾ



ਸ. ਅੰਮ੍ਰਿਤ ਸਿੰਘ
ਮੁਖੀ
ਵਨ ਬੀਟ ਮੈਡੀਕਲ ਗਰੁੱਪ

- ਮੈਡੀਕਲ ਵਿਭਾਗ
- ਗੰਭੀਰ ਰੋਗ ਵਿਭਾਗ
- ਇਸਤਰੀਆਂ ਨਾਲ ਸਬੰਧਤ ਰੋਗ ਵਿਭਾਗ
- ਟੀ. ਬੀ. ਅਤੇ ਛਾਤੀ ਰੋਗ ਵਿਭਾਗ
- ਹੱਡੀ ਰੋਗ ਵਿਭਾਗ
- ਅੱਖਾਂ ਦਾ ਰੋਗ ਵਿਭਾਗ
- ਸਾਧਾਰਨ ਰੋਗ ਵਿਭਾਗ
- ਸਰਜਰੀ ਵਿਭਾਗ
- ਨਵਜੰਮੇ ਬੱਚਿਆਂ ਨਾਲ ਸਬੰਧਤ ਰੋਗ ਵਿਭਾਗ

* ਬਿਰਧਾਂ, ਵਿਕਲਾਂਗਾਂ, ਨਿਮਾਣਿਆਂ, ਨਿਤਾਣਿਆਂ ਦਾ ਪਹਿਲ ਦੇ ਆਧਾਰ ਤੇ ਇਲਾਜ
* ਨੇੜਲੇ ਇਲਾਕਾ ਨਿਵਾਸੀਆਂ ਲਈ ਬਲੱਡ ਬੈਂਕ ਦੀ ਸੁਵਿਧਾ ਉਪਲਬਧ (95545-71155)



ਸ. ਬਹਾਦਰ ਸਿੰਘ
ਸੰਸਥਾਪਕ/ਚੇਅਰਮੈਨ
ਵਨ ਬੀਟ ਮੈਡੀਕਲ ਗਰੁੱਪ

ਵਨ ਬੀਟ ਹਸਪਤਾਲ 'ਚ ਆਉਣ ਵਾਲੇ ਮਰੀਜ਼ਾਂ ਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਵਾਸਤੇ ਫਰੀ ਲੰਗਰ ਦਾ ਪ੍ਰਬੰਧ

**ਮਰੀਜ਼ਾਂ ਵਾਸਤੇ ਦਵਾਈਆਂ, ਟੈਸਟ, ਅਪ੍ਰੇਸ਼ਨ, ਐਮਰਜੈਂਸੀ ਸੇਵਾਵਾਂ ਫਰੀ ਉਪਲਬਧ**

ONE BEAT

## ਵਨ ਬੀਟ ਮੈਡੀਕਲ ਗਰੁੱਪ

A Charitable Organization inspired by Sikhism way of life



ਖੁੱਲ੍ਹ ਗਿਆ ਹੈ

## ਵਨ ਬੀਟ ਆਈ ਹਸਪਤਾਲ

ਸੰਧੂਆਂ ਰੋਡ, ਸ੍ਰੀ ਚਮਕੌਰ ਸਾਹਿਬ 140112




ਦਿੱਤੀਆਂ ਜਾਣ ਵਾਲੀਆਂ ਸੇਵਾਵਾਂ

- ਓ.ਪੀ.ਡੀ.
- ਅੱਖਾਂ ਦੀ ਜਾਂਚ
- ਨੇੜੇ ਦੀ ਨਿਗਾ ਦੀਆਂ ਐਨਕਾਂ
- ਮੋਤੀਆਬਿੰਦ ਦਾ ਆਪ੍ਰੇਸ਼ਨ
- ਨਾਖੂਨਾਂ ਦਾ ਆਪ੍ਰੇਸ਼ਨ
- ਦਵਾਈਆਂ

**ਇਹ ਸਾਰੀਆਂ ਸੇਵਾਵਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ।**

ਹਸਪਤਾਲ ਖੁੱਲਣ ਦਾ ਸਮਾਂ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ

ਐਤਵਾਰ ਨੂੰ ਹਸਪਤਾਲ ਬੰਦ ਰਹੇਗਾ।

E-Mail: onebeatdasmeshhospital@gmail.com
https://onebeathospitals.in/ https:/onebeat.org.in/
PH:01881511952 M: 78892-68941

**ਵਲੋਂ: ਸ. ਬਹਾਦਰ ਸਿੰਘ ਅਤੇ ਪਰਿਵਾਰ**

# ਰੰਗ ਜਵਾਨੀ ਦੇ!

ਕਹਿੰਦੇ ਹਨ ਕਿ ਜਵਾਨੀ ਦੀ ਉਮਰ ਸ਼ਾਹ ਉਮਰ ਹੁੰਦੀ ਹੈ, ਸ਼ਾਹ ਵੀ ਉਹ ਜੋ ਹਰ ਪਾਸਿਓਂ ਹੀ ਮਾਲਾ ਮਾਲ ਹੋਵੇ! ਇਹ ਉਮਰ ਸਦਾ ਉਡੂੰ-ਉਡੂੰ ਕਰਦੀ ਹੈ। ਇਸਨੂੰ ਆਪਣੀ ਸ਼ਕਤੀ ਅਸੀਮ ਅਤੇ ਅਥਾਹ ਲਗਦੀ ਹੈ। ਜਵਾਨੀ ਵਿਚ ਪਤਾ ਈ ਨਹੀਂ ਹੁੰਦਾ ਕਿ ਦਿਨ ਕਦੋਂ ਚੜ੍ਹਦਾ ਹੈ ਤੇ ਰਾਤ ਕਦੋਂ ਪੈਂਦੀ ਹੈ। ਇਹ ਜਵਾਨੀ ਹਰ ਇੱਕ ਉੱਤੇ ਆਉਂਦੀ ਹੈ। ਮੇਰੇ ਉੱਤੇ ਵੀ ਆਈ। ਆਪਣੀ ਜਵਾਨੀ ਦੀਆਂ ਕੁੱਝ ਕੁ ਘਟਨਾਵਾਂ ਵਰਨਣ ਕਰਦੀ ਹਾਂ।



ਮੈਂ ਜਦੋਂ ਕਾਲਜ ਬੀ.ਏ. ਪਾਰਟ-2 ਵਿਚ ਪੜ੍ਹਦੀ ਸੀ। ਮੇਰੀ ਇੱਕ ਸਹੇਲੀ, ਜੋ ਅੱਜਕੱਲ੍ਹ ਇੰਗਲੈਂਡ ਰਹਿੰਦੀ ਹੈ, ਨੇ ਮੈਨੂੰ ਪੌੜੀਆਂ ਉਤਰਦੀ ਨੂੰ ਧੱਕਾ ਦੇ ਦਿੱਤਾ। ਪਰ ਮੈਂ ਸਤਰਕ ਸੀ ਸੰਭਲ਼ ਗਈ ਤੇ ਕਿਹਾ, ਜਸਮੀਤ ਤੈਂ ਇਹ ਚੰਗਾ ਨਹੀਂ ਕੀਤਾ। ਅੱਗੋਂ ਉਹ ਬੋਲੀ ਕਿ ਇੱਥੇ ਤਾਂ ਅੱਜਕੱਲ੍ਹ ਇੰਦਾਂ ਹੀ ਹੁੰਦੈ।

ਹਰਜੋਗਿੰਦਰ ਤੂਰ
ਫੋਨ: 647-926-9797

ਇਸ ਘਟਨਾ ਨੂੰ ਕੋਈ ਬਹੁਤਾ ਸਮਾਂ ਨਹੀਂ ਸੀ ਹੋਇਆ ਤੇ ਅਸੀਂ ਦੋਵੇਂ ਪੌੜੀਆਂ ਉਤਰ ਰਹੀਆਂ ਸੀ। ਮੈਂ ਉਸਨੂੰ ਐਵੇਂ ਹੀ ਬੇਮਤਲਬ ਮੋਢਾ ਮਾਰ ਦਿੱਤਾ। ਉਹ ਪੌੜੀਆਂ ਵਿਚ ਡਿਗ ਪਈ ਅਤੇ ਰੁੜ੍ਹਦੀ-ਰੜ੍ਹਦੀ ਸ਼ੁਕਰ ਹੈ ਉੱਪਰ ਨਹੀਂ ਗਈ, ਸਗੋਂ ਸਿੱਧੀ ਹੀ ਥੱਲੇ ਪਹੁੰਚ ਗਈ। ਸ਼ਾਇਦ ਉਸ ਦੇ ਸੱਟ ਵੀ ਲੱਗੀ ਹੋਵੇ। ਇਸ ਘਟਨਾ ਬਾਰੇ ਨਾ ਕੁੱਝ ਉਹ ਬੋਲੀ ਅਤੇ ਨਾ ਮੈਂ। ਉਸ ਤੋਂ ਬਾਅਦ ਸਾਡਾ ਪੋਲਿਟੀਕਲ ਸਾਇੰਸ ਦਾ ਪੀਰੀਅਡ ਸੀ ਤੇ ਜਸਮੀਤ ਕਲਾਸ ਵਿਚ ਸਭ ਤੋਂ ਪਿਛਲੇ ਡੈਸਕ 'ਤੇ ਲੰਮੀ ਪੈ ਗਈ। ਜਦੋਂ ਮੈਡਮ ਕਲਾਸ ਵਿਚ ਆਏ ਉਨ੍ਹਾਂ ਨੇ ਪੁੱਛਿਆ, 'ਯਿਹ ਪੀਛੇ ਕੌਣ ਪੜੀ ਹੈ। ਖੜ੍ਹੀ ਹੋ ਜਾਓ।' ਜਦੋਂ ਜਸਮੀਤ ਖੜ੍ਹੀ ਹੋਈ ਤੇ ਮੈਡਮ ਕਹਿੰਦੇ, 'ਯਿਹ ਕਲਾਸ ਰੂਮ ਹੈ ਸੌਣੇ ਕੀ ਜਗ੍ਹਾ ਨਹੀਂ।' ਜਸਮੀਤ ਕਹਿੰਦੀ, ਮੈਡਮ ਮੇਰੇ ਸੱਟ ਲੱਗੀ ਹੈ। ਮੈਨੂੰ ਹਰਜੋਗਿੰਦਰ ਨੇ ਪੌੜੀਆਂ ਵਿਚੋਂ ਧੱਕਾ ਦੇ ਦਿੱਤਾ। ਅੱਗੋਂ ਮੈਡਮ ਲਲਕਾਰੇ, 'ਖੜ੍ਹੀ ਹੋ ਜਾਓ, ਕੌਣ ਹੈ ਹਰਜੋਗਿੰਦਰ?' ਮੈਂ ਖੜ੍ਹੀ ਹੋ ਗਈ। ਮੈਂ ਕਿਹਾ 'ਮੈਡਮ ਸੱਚ ਬੋਲਦੀ ਹਾਂ! ਇਸ ਨੂੰ ਧੱਕਾ ਮੈਂ ਨਹੀਂ ਦਿੱਤਾ। ਧੱਕਾ ਤਾਂ ਉਸ ਕੁੜੀ ਨੇ ਦਿੱਤਾ ਹੈ ਜਿਸ ਨੂੰ ਪੌੜੀਆਂ ਵਿਚ ਕੁੱਝ ਦਿਨ ਪਹਿਲੋਂ ਜਸਮੀਤ ਨੇ ਦਿੱਤਾ ਸੀ।' ਮੈਡਮ ਕਹਿੰਦੀ ਕਿ ਮੇਰੇ ਕੋ ਪਤਾ ਹੈ ਕਿ ਆਪ ਐਸਾ ਨਹੀਂ ਕਰ ਸਕਤੀ। ਉਹ ਮੇਰੇ ਪ੍ਰਤੀ ਹਮਦਰਦੀ ਰੱਖਦੇ ਸਨ। ਮੈਡਮ ਜਸਮੀਤ ਨੂੰ ਕਹਿੰਦੇ 'ਕਲਾਸ ਸੇ ਬਾਹਰ ਹੋ ਜਾਓ ਔਰ ਜਾ ਕੇ ਸਟਾਫ ਰੂਮ ਮੇਂ ਲੇਟ ਜਾਓ।'

ਜਦੋਂ ਸਾਨੂੰ ਛੁੱਟੀ ਹੋਈ ਮੈਂ ਜਸਮੀਤ ਨੂੰ ਪੁੱਛਿਆ ਕਿ ਆਇਆ ਸੁਆਦ ਧੱਕਾ ਦੇਣ ਦਾ। ਉੱਤਰ ਚੁੱਪ! ਉਹ ਥੋੜ੍ਹੇ ਦਿਨ ਤਾਂ ਮੇਰੇ ਨਾਲ ਬੋਲੀ ਨਹੀਂ ਫੇਰ ਹੌਲ਼ੀ-ਹੌਲ਼ੀ ਉਸਦਾ ਵਰਤਾਓ ਠੀਕ ਹੋ ਗਿਆ। ਸੱਚੀ ਗੱਲ ਤਾਂ ਇਹ ਕਿ ਜੁਆਨੀ ਪਹਿਰੇ ਸਾਨੂੰ ਪਤਾ ਈ ਨਹੀਂ ਸੀ ਲੱਗਦਾ ਕਿ ਅਸੀਂ ਕੀ ਠੀਕ ਕਰ ਰਹੇ ਹਾਂ ਤੇ ਕੀ ਗ਼ਲਤ। ਆਪਣੇ ਆਪ ਵਿਚ ਮਸਤ, ਜੋ ਰੌਂ ਨੇ ਉਕਸਾ ਦਿੱਤਾ, ਬੱਸ ਓਹੋ ਹੀ ਕਰ ਕਰਾ ਦਿੱਤਾ, ਬਿਨਾਂ ਸੋਚੇ-ਸਮਝੇ। ਫੇਰ ਵੀ ਸੱਚੀ ਗੱਲ ਤਾਂ ਇਹ ਹੈ ਕਿ ਅੱਜ ਵੀ ਉਨ੍ਹਾਂ ਸਮਿਆਂ ਵਿਚ ਮੁੜ ਜਾਣ ਨੂੰ ਦਿਲ ਕਰਦਾ ਹੈ। ਕਾਸ਼...।

ਮੈਂ ਆਲ-ਰਾਊਂਡਰ ਸਾਂ। ਸਿੱਧਵਾਂ ਕਾਲਜ ਵਿਚ ਸਾਨੂੰ ਗਿੱਧਾ ਪਾਉਣ ਦਾ ਬੜਾ ਸ਼ੌਕ ਸੀ। ਜਦੋਂ ਅਸੀਂ ਪੰਜ-ਸੱਤ ਕੁੜੀਆਂ ਨੇ ਸਟੱਡੀ ਵੱਲੋਂ ਵਿਹਲੀਆਂ ਹੋਣਾਂ ਤਾਂ ਚੱਕਵੀਆਂ ਬੋਲੀਆਂ ਚੱਕ ਦੇਣੀਆਂ ਤੇ ਰੱਜ ਕੇ ਧਰਤੀ ਪੱਟ ਗਿੱਧਾ ਪਾਉਣਾ। ਪਰ ਸਾਡਾ ਇਹ ਕੰਮ ਬਹੁਤੇ ਦਿਨ ਨਾ ਚੱਲਿਆ। ਸਾਡੀ ਪ੍ਰਿੰਸੀਪਲ ਮੈਡਮ ਨੇ ਵਾਰਡਨ ਨੂੰ ਸਮਝਾਇਆ ਕਿ ਸਿੱਧਵਾਂ ਕਾਲਜ ਪਿੰਡ ਵਿਚ ਹੈ ਅਤੇ ਸੜਕ ਦੇ ਨਾ਼ਲ ਲੱਗਦਾ ਹੈ। ਪੜ੍ਹਨ ਵਾ਼ਲੀਆਂ ਕੁੜੀਆਂ ਦਾ ਇਹ ਖੌਰੂ ਪਾਉਣਾ ਚੰਗਾ ਨਹੀਂ ਲੱਗਦਾ। ਇਸ ਨਾ਼ਲ ਕਾਲਜ ਦੀ ਬਦਨਾਮੀ ਹੁੰਦੀ ਹੈ। ਬੱਚੀਆਂ ਨੂੰ ਪਿਆਰ ਨਾਲ ਸਮਝਾਓ। ਵਾਰਡਨ ਮੈਡਮ ਨੇ ਇਵੇਂ ਹੀ ਕੀਤਾ ਅਤੇ ਅੱਗੇ ਤੋਂ ਹੋਸਟਲ ਵਿਚ ਨੱਚਣਾ-ਟੱਪਣਾ ਬੰਦ ਹੋ ਗਿਆ।

ਪਰ ਇੱਕ ਦਿਨ ਕੀ ਹੋਇਆ ਰਾਤ ਨੂੰ ਅਚਾਨਕ ਲਾਈਟ ਚਲੀ ਗਈ। ਸਾਹਮਣੇ ਰਹਿੰਦੀਆਂ ਬੀ.ਏ ਪਾਰ-1 ਦੀਆਂ ਕੁੜੀਆਂ ਕਹਿੰਦੀਆਂ, ਸੀਨੀਅਰ ਭੈਣ ਜੀ ਅੱਜ ਤਾਂ ਗਿੱਧਾ ਪਾਉਣ ਨੂੰ ਜੀ ਕਰਦੈ। ਮੈਂ ਉਸ ਸਮੇਂ ਐੱਮ.ਏ-1 ਵਿਚ ਸੀ ਤੇ ਮੇਰੀ ਗੱਲ ਮੰਨੀ ਜਾਂਦੀ ਸੀ। ਮੇਰੀ ਅਲਬੇਲੀ ਜੁਆਨੀ ਨੇ ਬਿਨਾਂ ਸੋਚੇ-ਸਮਝੇ ਉਨ੍ਹਾਂ ਨੂੰ ਹੱਲਾਸ਼ੇਰੀ ਦਿੱਤੀ ਤੇ ਕਿਹਾ ਚੱਕ ਦਿਓ ਫੱਟੇ ਦੇਖੀ ਜਾਊ ਜੋ ਹੋਊ। ਹੁਣ ਹਨੇਰਾ ਹੈ ਕਿਸੇ ਨੇ ਆਪਣੇ ਹੋਸਟਲ ਨਹੀਂ ਆਉਣਾ ਅਤੇ ਨਾ ਹੀ ਕਿਸੇ ਨੂੰ ਗਿੱਧਾ ਪਾਉਣ ਦਾ ਪਤਾ ਲੱਗਣਾ ਹੈ। ਬੱਸ ਫੇਰ ਕੀ ਸੀ ਜਵਾਨੀ ਦਾ ਜੋਰ ਚੱਕ ਬੋਲੀ ਤੇ ਬੋਲੀ। ਇੱਕ ਕੁੜੀ ਨੇ ਬੋਲੀ ਪਾਈ, 'ਬੋਲੀ ਪਾਵਾਂ ਤੇ ਬੋਲੀ ਪਾਵਾਂ ਲਲਕਾਰ ਕੇ, ਮਧਰੀ ਜਿਹੀ ਰਹਿ ਕੇ ਨਾ ਬੋਲੀ ਪੈਂਦੀ ਸੁਆਰ ਕੇ'। ਸਾਨੂੰ ਤਾਂ ਪਤਾ ਹੀ ਉਦੋਂ ਲੱਗਿਆ ਜਦੋਂ ਹਨੇਰੇ ਵਿਚੋਂ ਹੀ ਦੋ ਮੈਡਮਾਂ ਸਾਡੇ ਸਾਹਮਣੇ ਪਰਗਟ ਹੋ ਗਈਆਂ। ਹਰਾਮੀ ਹਨੇਰੇ ਨੇ ਸਾਡੀ ਮਦਦ ਤਾਂ ਕੀ ਕਰਨੀ ਸੀ, ਸਗੋਂ ਸਾਡੇ ਨਾ਼ਲ ਧ੍ਰੋਅ ਕਮਾਇਆ। ਉਹ ਵਿਚਾਰਾ ਵੀ ਕੀ ਕਰਦਾ। ਉਹ ਅੱਖਾਂ ਤੋਂ ਤਾਂ ਸਾਡਾ ਪੜਦਾ ਰੱਖ ਸਕਦਾ ਸੀ, ਖੌਰੂ ਪਾਉਂਦੀ, ਧੂਮ ਮਚਾਉਂਦੀ ਜੁਆਨੀ ਦੀ ਆਵਾਜ਼ ਨੂੰ ਫੈਲਣ ਤੋਂ ਕਿਵੇਂ ਡੱਕ ਸਕਦਾ ਸੀ? ਹੱਥਾਂ ਦੀਆਂ ਤਾੜੀਆਂ ਅਤੇ ਅੱਡੀ ਟੱਪੇ ਦੀ ਆਵਾਜ਼ ਸੁਣਦਿਆਂ ਸਾਰ ਵਾਰਡਨ ਮੈਡਮ ਨੇ ਅੰਗਰੇਜ਼ੀ ਵਾ਼ਲੀ ਮੈਡਮ ਤੇ ਅੰਮ੍ਰਿਤ ਮੈਡਮ ਨੂੰ ਮੌਕੇ ਉੱਤੇ ਭੇਜ ਦਿੱਤਾ। ਆ ਕੇ ਅੰਮ੍ਰਿਤ ਮੈਡਮ ਨੇ ਪੁੱਛਿਆ, 'ਕਿਹੜੀ ਸ਼ੇਰ ਬੱਚੀ ਦੀ ਨਾ ਬੋਲੀ ਪੈਂਦੀ ਸੁਆਰ ਕੇ'?

ਮੈਂ ਮੈਡਮ ਨੂੰ ਦੇਖ ਕੇ ਥਮ੍ਹਲੇ ਉਹਲੇ ਹੋ ਗਈ। ਥਮਲਾ ਤਾਂ ਥਮਲਾ ਈ ਸੀ, ਕਿਹੜਾ ਹਮਾਲੀਆ ਪਹਾੜ ਸੀ। ਮੈਨੂੰ ਮੈਡਮ ਪੁਛਦੇ ਇਹ ਗਿੱਧਾ ਕੌਣ-ਕੌਣ ਪਾ ਰਹੀਆਂ ਸਨ। ਮੈਂ ਕਿਹਾ, ਜੀ ਮੈਨੂੰ ਤਾਂ ਪਤਾ ਨਹੀਂ। ਕੁੜੀਆਂ ਇੱਥੇ ਹੀ ਹੋਣਗੀਆਂ। ਕੁੜੀਆਂ ਮੈਡਮ ਨੂੰ ਦੇਖ ਕੇ ਮੰਜੇ ਥੱਲੇ ਵੜ ਗਈਆਂ। ਮੈਡਮ ਬਹੁਤ ਤੇਜੀ ਨਾ਼ਲ ਰੂਮ ਵਿਚ ਗਏ ਤੇ ਮੰਜੇ ਥੱਲੇ ਟਾਰਚ ਮਾਰੀ ਤੇ ਉਨ੍ਹਾਂ ਕੁੜੀਆਂ ਨੂੰ ਬਾਹਰ ਕੱਢ ਕੇ ਕਹਿੰਦੀ, 'ਚਾਰੇ ਆਪਣਾ-ਆਪਣਾ ਨਾਂ ਲਿਖਾਓ ਤੁਹਾਨੂੰ ਫਾਈਨ ਕਰਨਾ ਹੈ। ਉਨ੍ਹਾਂ ਦੇ ਨਾਂ ਨੋਟ ਕਰ ਕੇ ਤੇ ਉਨ੍ਹਾਂ ਨੂੰ ਆਪਣੇ ਕਮਰੇ ਵਿਚ ਜਾਣ ਲਈ ਕਹਿ ਕੇ ਮੈਡਮਾਂ ਮੁੜ ਗਈਆਂ। ਮੈਡਮਾਂ ਦੇ ਜਾਣ ਪਿੱਛੋਂ, ਉਹੀ ਕੁੜੀਆਂ ਕਹਿੰਦੀਆਂ ਭੈਣ ਜੀ ਜੁਰਮਾਨਾ ਤਾਂ ਭਾਵੇਂ ਗਿਆ ਹੋ ਸਾਨੂੰ, ਚੱਲੋ ਕੋਈ ਗੱਲ ਨਹੀਂ, ਪਰ ਗਿੱਧਾ ਪਾਉਣ ਦਾ ਨਜ਼ਾਰਾ ਆ ਗਿਆ। ਮੈਂ ਸੋਚਿਆ ਇਸ ਨੂੰ ਕਹਿੰਦੇ ਨੇ ਜਵਾਨੀ। ਹੀ ਸੀ। ਅਸੀਂ ਕਿਹਾ, ਮੈਡਮ ਜਿਹੜੀ ਕੁਆਰੀ ਕੁੜੀ ਲੋਹੜੀ ਵਾ਼ਲੀ ਧੂਣੀ 'ਤੋਂ ਛਾ਼ਲ ਮਾਰ ਕੇ ਲੰਘ ਜਾਵੇ, ਉਸਦਾ ਛੇਤੀ ਹੀ ਵਿਆਹ ਹੋ ਜਾਂਦਾ ਹੈ। ਪਤਾ ਨਹੀਂ ਮੈਡਮ ਸਾਡੇ ਝਾਂਸੇ ਵਿਚ ਕਿਓਂ ਆ ਗਈ। ਸ਼ਾਇਦ ਦੱਬੀਆਂ ਸੱਧਰਾਂ ਵਾ਼ਲੇ ਸੁਝਾਵਾਂ ਦੀ ਉਂਗ਼ਲ ਛੇਤੀ ਫੜ ਤੁਰਦੇ ਨੇ। ਉਸ ਨੇ ਆ ਦੇਖਿਆ ਨਾ ਤਾ, ਭੱਜ ਕੇ ਧੂਣੀ ਉੱਤੋਂ ਛਾ਼ਲ ਮਾਰ ਦਿੱਤੀ। ਵਿਆਹ ਕਰਾਉਣ



ਨਾ ਘਾਟੇ ਦੀ ਪਰਵਾਹ ਨਾ ਵਾਧੇ ਦੀ, ਅਪਣੀ ਮਰਜੀ ਦਾ ਜੀਵਨ ਜਿਓਣ ਦਾ ਚਾਅ।

ਐੱਮ.ਏ-1 ਪਾਸ ਕਰਨ ਪਿੱਛੋਂ ਮੈਨੂੰ ਬੀ.ਐੱਡ ਕਾਲਜ ਵਿਚ ਹੀ ਐੱਮ.ਐੱਡ ਵਿਚ ਦਾਖਲਾ ਮਿ਼ਲ ਗਿਆ। ਮੈਂ ਸੋਚ ਸੋਚ ਕੇ ਐੱਮ.ਏ-2 ਦੀ ਥਾਂ ਐੱਮ.ਐੱਡ ਵਿਚ ਦਾਖਲਾ ਲੈਣ ਨੂੰ ਪਹਿਲ ਦਿੱਤੀ। ਐੱਮ.ਐੱਡ ਦੀ ਪੜ੍ਹਾਈ ਨਾ਼ਲੋ-ਨਾ਼ਲ ਸ਼ੁਰੂ ਹੋ ਗਈ। ਵਾਈਸ ਪ੍ਰਿੰਸੀਪਲ ਮੈਨੂੰ ਵਾਧੂ ਟਾਈਮ ਦੇਣ ਲੱਗ ਪਏ। ਕਹਿੰਦੇ ਥੀਸਸ ਨਾ਼ਲੋ-ਨਾ਼ਲ ਲਿਖਣਾ ਜਰੂਰੀ ਹੈ। ਮੈਂ ਬੀ.ਐੱਡ ਕਾਲਜ ਵਿਚ ਬੈਠੀ ਪੜ੍ਹਦੀ ਹੋਣਾ ਤੇ ਮੇਰੇ ਨਾ਼ਲ ਦੀਆਂ ਜੋ ਐੱਮ.ਏ-1 ਤੋਂ -2 ਵਿਚ ਦਾਖਲ ਹੋਈਆਂ ਸਨ ਮੇਰੇ ਕੋ਼ਲ ਆ ਜਾਇਆ ਕਰਨ ਤੇ ਮੈਨੂੰ ਤੰਗ ਕਰਿਆ ਕਰਨ। ਉਨ੍ਹਾਂ ਕਹਿਣਾ, ਲੈ ਬਈ ਲੋਕ ਤਾਂ ਹੁਣ ਵੱਡੇ ਪੜ੍ਹਾਕੂ ਬਣ ਗਏ। ਮੇਰਾ ਮਨ ਵੀ ਉਨ੍ਹਾਂ ਨੂੰ ਆਜ਼ਾਦ ਫਿਰਦੀਆਂ ਦੇਖ ਬੜਾ ਚੰਚਲ ਹੋਇਆ ਕਰੇ, ਕਿ ਇਹ ਤਾਂ ਆਰਾਮ ਨਾ਼ਲ ਮਸਤੀ ਕਰਦੀਆਂ ਫਿਰਦੀਆਂ ਹਨ, ਆਹ ਪੰਛੀ ਕਿੱਥੇ ਫਸ ਗਿਆ ਅੱਖਰਾਂ ਦੇ ਜੰਗ਼ਲ ਵਿਚ। ਉਨ੍ਹਾਂ ਦੀ ਚੱਕ ਵਿਚ ਆ ਕੇ ਮੈਂ ਵੀ ਐੱਮ.ਏ-2 ਵਿਚ ਈ ਦਾਖਲਾ ਮੰਗ ਲਿਆ। ਪਾਂਘਲੀ ਸਰ ਕਹਿਣ ਲੱਗੇ ਹੁਣ ਤਾਂ ਤੂੰ ਲੇਟ ਹੋ ਗਈ। ਮੈਂ ਕਿਹਾ ਜੋ ਮਰਜੀ ਕਰੋ, ਮੈਂ ਤਾਂ ਕਲਾਸ ਵਿਚ ਆ ਬੈਠੀ ਹਾਂ। ਅਤੇ ਮੈਂ ਐੱਮ.ਏ-2 ਵਿਚ ਦਾਖਲ ਹੋ ਗਈ। ਸੋਹਣੇ ਦਿਨ ਬੀਤਣ ਲੱਗੇ।

ਜਨਵਰੀ ਮਹੀਨੇ ਲੋਹੜੀ ਦਾ ਦਿਨ ਆਇਆ। ਬੀ.ਐੱਡ ਕਾਲਜ ਵਿਚ ਪਾਥੀਆਂ ਲਿਆ ਕੇ ਲੋਹੜੀ ਬਾਲਣ ਦ ਪ੍ਰਬੰਧ ਕੀਤਾ ਗਿਆ। ਤੇ ਉਧਰ ਬੀ.ਐੱਡ ਦੀ ਵਾਰਡਨ ਮੈਡਮ ਜੋ ਪਹਿਲਾਂ ਤੋਂ ਹੀ ਮੈਨੂੰ ਚੰਗੀ ਤਰ੍ਹਾਂ ਜਾਣਦੇ ਸੀ, ਕਹਿੰਦੇ ਹਰਜੋਗਿੰਦਰ ਸਾਰੀਆਂ ਐੱਮ.ਏ ਵਾ਼ਲੀਆਂ ਕੁੜੀਆਂ ਨੂੰ ਜ਼ਰੂਰ ਲੈ ਕੇ ਆਇਓ। ਉਨ੍ਹਾਂ ਦਾ ਗਿੱਧਾ ਵੀ ਦੇਖਾਂਗੇ। ਸੋ ਮੈਂ ਵੀ ਆਪਣੀ ਸਹੇਲੀਆਂ ਨਾ਼ਲ ਚਲੀ ਗਈ। ਜੁਆਨੀ ਦਾ ਹਰ ਚਾਅ ਪੂਰਾ ਕੀਤਾ, ਖ਼ੂਬ ਗਿੱਧਾ ਪਾਇਆ ਤੇ ਦੱਬੀਆਂ ਸੱਧਰਾਂ ਦਾ ਰੱਜ ਕੇ ਉਲਾਂਭਾ ਲਾਹਿਆ। ਆਖਰ ਵਿਚ ਸਾਨੂੰ ਇੱਕ ਇੱਲਤ ਸੁੱਝੀ। ਵਾਰਡਨ ਮੈਡਮ ਅਜੇ ਕੁਆਰੀ ਦਾ ਚਾਅ ਸ਼ਾਇਦ ਬਹੁਤਾ ਹੀ ਸੀ, ਉਹ ਮਸਾਂ ਹੀ ਡਿਗਦੀ-ਡਿਗਦੀ ਬਚੀ। ਮੈਂ ਨਾ਼ਲ ਦੀਆਂ ਕੁੜੀਆਂ ਨੂੰ ਕਿਹਾ, 'ਕਰਾ ਦਿੱਤੀ ਮੈਡਮ ਦੀ ਸ਼ਾਦੀ! ਨਵਾਂ ਹੀ ਪੰਗਾ ਪਾ ਲੈਣ ਲੱਗੀਆਂ ਸੀ। ਜੇ ਮੈਡਮ ਦੇ ਸੱਟ ਲੱਗ ਜਾਂਦੀ ਜਾਂ ਧੂਣੀ ਵਿਚ ਹੀ ਡਿਗ ਪੈਂਦੀ? ਫੇਰ ਕੀਹਦੀ ਮਾਂ ਨੂੰ ਮਾਸੀ ਕਹਿੰਦੀਆਂ। ਕਿਓਂ ਨਹੀਂ ਅਸੀਂ ਟਿਕ ਕੇ ਰਹਿ ਸਕਦੀਆਂ। ਲੱਗਦੈ, ਅਵੱਲੀ ਜੁਆਨੀ ਸਾਨੂੰ ਕੁੱਝ ਜਿਆਦਾ ਹੀ ਚੜ੍ਹੀ ਹੋਈ ਹੈ।

ਸਾਡੇ ਕਾਲਜ ਵਿਚ ਜਗਰਾਓਂ ਤੋਂ ਇੱਕ ਫੋਟੋਗਰਾਫਰ ਆਉਂਦਾ ਹੁੰਦਾ ਸੀ ਜੋ ਕਾਲਜ ਦੀਆਂ ਸਾਰੀਆਂ ਫੋਟੋਆਂ ਖਿੱਚਦਾ ਸੀ। ਇੱਕ ਦਿਨ ਕਾਲਜ ਵਿਚ ਉਸ ਦਾ ਮੋਟਰਸਾਈਕਲ ਖੜ੍ਹਾ ਸੀ ਤੇ ਮੈਂ ਕਿੱਕ ਮਾਰ ਕੇ ਸਟਾਰਟ ਕਰ ਦਿੱਤਾ, ਤੇ ਫੋਟੋਗ੍ਰਾਫਰ ਨੂੰ ਆਪ ਹੀ ਦੱਸ ਦਿੱਤਾ ਕਿ ਬਾਈ ਜੀ ਕਿਸੇ ਕੁੜੀ ਨੇ ਤੁਹਾਡਾ ਮੋਟਰਸਾਈਕਲ ਸਟਾਰਟ ਕਰ ਦਿੱਤਾ। ਉਹ ਭੱਜਿਆ-ਭੱਜਿਆ ਆਇਆ, ਮੋਟਰ ਸਾਈਕਲ ਬੰਦ ਕੀਤਾ ਤੇ ਕਹਿੰਦਾ, ਦੱਸੋ ਇਹ ਸ਼ਰਾਰਤ ਕਿਸ ਨੇ ਕੀਤੀ ਹੈ। ਮੈਂ ਪ੍ਰਿੰਸੀਪਲ ਮੈਡਮ ਨੂੰ ਹੁਣੇ ਜਾ ਕੇ ਦੱਸਦਾਂ। ਪਰ ਕਿਸੇ ਵੀ ਕੁੜੀ ਨੇ ਉਸ ਨੂੰ ਕੁੱਝ ਨਾ ਦੱਸਿਆ। ਉਹ ਉੱਥੇ ਹੀ ਆਪਣਾ ਸਿਰ ਫੜ ਕੇ ਰਹਿ ਗਿਆ।

ਇੱਕ ਦਿਨ ਅਸੀਂ ਵਾਰਡਨ ਕੋ਼ਲ ਗਈਆਂ ਤਾਂ ਉਹ ਫਿਕਰਾਂ ਵਿਚ ਡੁੱਬੀ ਹੋਈ ਸੀ। ਅਸੀਂ ਪੁੱਛਿਆ ਕਿ ਮੈਡਮ ਜੀ ਕੀ ਗੱਲ ਹੈ? ਦੱਸੋ, ਸ਼ਾਇਦ ਅਸੀਂ ਕੁੱਝ ਮਦਦ ਕਰ ਸਕੀਏ। ਮੈਡਮ ਕਹਿੰਦੀ ਕਿ ਹੋਸਟਲ ਵਿਚ ਇੱਕ ਕੁੜੀ ਦੇ 1000 ਰੁਪਏ ਚੋਰੀ ਹੋ ਗਏ ਹਨ। ਇਹ 1981 ਦੀ ਗੱਲ ਹੈ। ਅੱਜ ਉਸ ਰਕਮ ਦਾ ਮੁੱਲ ਲੱਗਭਗ 10,000 ਰੁਪਏ ਦੇ ਬਰਾਬਰ ਹੈ। ਮੈਡਮ ਨੂੰ ਫਿਕਰ ਸੀ ਕਿ ਉਹ ਕੁੜੀ ਇੱਕ ਐੱਮ.ਐੱਲ.ਏ ਦੀ ਧੀ ਹੈ। ਉਸਨੂੰ ਅਸੀਂ ਕੀ ਜਵਾਬ ਦੇਵਾਂਗੇ। ਚੋਰ ਦਾ ਕਿਵੇਂ ਪਤਾ ਲੱਗੇ। ਉਸ ਵੇ਼ਲੇ ਹੋਸਟਲ ਵਿਚ ਤਿੰਨ ਚਾਰ ਸੌ ਕੁੜੀਆਂ ਰਹਿੰਦੀਆਂ ਸਨ। ਥੋੜ੍ਹਾ ਚਿਰ ਸੋਚ ਕੇ ਮੈਂ ਕਿਹਾ ਕਿ ਮੈਡਮ ਤੁਸੀਂ ਕੇਵਲ ਇੱਕ ਕੰਮ ਕਰਨਾ, ਥੋੜ੍ਹੀ ਦੇਰ ਪਿੱਛੋਂ ਸਟੱਡੀ ਬੈੱਲ ਕਰਵਾ ਦੇਣੀ। ਬਾਕੀ ਸਾਰਾ ਕੰਮ ਅਸੀਂ ਆਪੇ ਹੀ ਕਰ ਲਵਾਂਗੀਆਂ।

ਸਟੱਡੀ ਬੈੱਲ ਹੋ ਗਈ। ਅਸੀਂ ਐੱਮ.ਏ ਵਾ਼ਲੀਆਂ ਕੁੜੀਆਂ ਨੇ ਬਾਕੀ ਸਾਰੀਆਂ ਕੁੜੀਆਂ ਨੂੰ ਕਿਹਾ ਕਿ ਸਭ ਆਪੋ ਆਪਣੇ ਕਮਰੇ ਵਿਚ ਜਾਓ ਅਤੇ ਸਟੱਡੀ ਕਰੋ। ਜੋ ਵੀ ਕਮਰੇ ਤੋਂ ਬਾਹਰ ਆਵੇਗੀ ਉਸ ਨੂੰ ਜੁਰਮਾਨਾ ਕੀਤਾ ਜਵੇਗਾ। ਸਾਰੀਆਂ ਕੁੜੀਆਂ ਨੇ ਆਦੇਸ ਦਾ ਪਾਲਨ ਕੀਤਾ। ਅਸੀਂ ਉਨ੍ਹਾਂ ਦੇ ਕਮਰਿਆਂ ਨੂੰ ਬਾਹਰੋਂ ਕੁੰਡੇ ਲਾ ਦਿੱਤੇ। ਅਤੇ ਹੋਸਟਲ ਦੇ ਇੱਕ ਪਾਸਿਓਂ ਕਮਰਿਆਂ ਦੀ ਚੰਗੀ ਤਰ੍ਹਾਂ ਫਰੋਲੋ-ਫਰਾਲੀ ਸ਼ੁਰੂ ਕਰ ਦਿੱਤੀ। ਪਰ ਇਹ ਕੰਮ ਘਾ ਦੇ ਢੇਰ ਵਿਚੋਂ ਸੂਈ ਲੱਭਣ ਦੇ ਬਰਾਬਰ ਸੀ। ਹਰ ਇੱਕ ਕਮਰੇ ਵਿਚ ਚਾਰ ਤੋਂ ਛੇ-ਛੇ ਕੁੜੀਆਂ ਰਹਿੰਦੀਆਂ ਸਨ। ਅੱਕ-ਥੱਕ ਕੇ ਅਸੀਂ ਆਪੋ-ਆਪਣਾ ਸਿਰ ਫੜ ਕੇ ਬਹਿ ਗਈਆਂ ਤੇ ਲੱਗੀਆਂ ਸੋਚਾਂ ਦੇ ਘੋੜੇ ਭਜਾਉਣ। ਇੱਕ ਤਰੀਕਾ ਤਾਂ ਇਹ ਸੀ ਕੀ ਇੱਕ ਪਾਸਿਓਂ ਸਾਰੀਆਂ ਕੁੜੀਆਂ ਦੀ ਤਲਾਸ਼ੀ ਲਈ ਜਾਂਦੀ। ਇਹ ਬੜਾ ਔਖਾ ਕੰਮ ਸੀ ਤੇ ਅਸੀਂ ਸ਼ੁਰੂ ਕਰਕੇ ਦੇਖ ਲਿਆ ਸੀ। ਦੂਜਾ ਤਰੀਕਾ ਸੀ 'ਮਿੱਟੀ ਪਾਉਣ' ਦਾ। ਇਸ ਦੇ ਕਾਰਗਰ ਹੋਣ ਉੱਤੇ ਵੀ ਸਾਡੀ ਸਹਿਮਤੀ ਨਹੀਂ ਬਣੀ। ਅਸੀਂ ਤੀਜਾ ਤਰੀਕਾ ਹੀ ਅਪਣਾਇਆ।

ਜਿਸ ਲੜਕੀ ਦੀ ਚੋਰੀ ਹੋਈ ਸੀ ਅਸੀਂ ਉਸਨੂੰ ਪੁੱਛਿਆ ਕਿ ਉਸਦੀਆਂ ਗੂਹੜੀਆਂ ਸਹੇਲੀਆਂ ਕੌਣ-ਕੌਣ ਹਨ ਅਤੇ ਉਸ ਕੋ਼ਲ ਬਹੁਤਾ ਕਿਸ-ਕਿਸ ਦਾ ਆਉਣਾ-ਜਾਣਾ ਹੈ। ਉਸਨੇ ਨੇੜੇ ਦੇ ਕਮਰੇ ਵਾ਼ਲੀਆਂ ਚਾਰ-ਪੰਜ ਕੁੜੀਆਂ ਦੇ ਨਾਂ ਦੱਸੇ ਅਤੇ ਖਾਸ ਕਰਕੇ ਇੱਕ ਲੜਕੀ ਦਾ ਨਾਂ ਲਿਆ। ਅਸੀਂ ਆਪਣੀ ਖੋਜ ਉਸ ਕਮਰੇ ਉੱਤੇ ਹੀ ਕੇਂਦਰਤ ਕੀਤੀ। ਪਹਿਲੋਂ ਜ਼ਿਆਦਾ ਸ਼ੱਕੀ ਲੜਕੀ ਦੇ ਸਾਮਾਨ ਦੀ ਤਲਾਸ਼ੀ ਲਈ ਗਈ। ਉਸ ਵਿਚੋਂ ਕੋਈ ਪੈਸਾ-ਟਕਾ ਨਾ ਮਿ਼ਲਿਆ। ਜਾਮਾ-ਤਲਾਸ਼ੀ ਦੀ ਗੱਲ ਚੱਲੀ ਤਾਂ ਉਹ ਕੁੱਝ ਘਬਰਾਈ ਹੋਈ ਲੱਗੀ ਆਨੇ-ਬਹਾਨੇ ਘੜਨ। ਅਸੀਂ ਉਸਨੂੰ ਸਮਝਾਇਆ ਕਿ ਤੇਰੀ ਤਲਾਸ਼ੀ ਤਾਂ ਹੋਵੇਗੀ ਜ਼ਰੂਰ ਅਤੇ ਚੰਗੀ ਤਰ੍ਹਾਂ ਹੋਵੇਗੀ। ਇੱਥੇ ਕੋਈ ਮਰਦ ਤਾਂ ਹੈ ਨਹੀਂ, ਅਸੀਂ ਵੀ ਤੇਰੀ ਵਰਗੀਆਂ ਹੀ ਹਾਂ। ਫਿਰ ਵੀ ਤੇਰੀ ਪ੍ਰਾਈਵੇਸੀ ਦਾ ਪੂਰਾ ਧਿਆਨ ਰੱਖਿਆ ਜਾਏਗਾ। ਅਸੀਂ ਤੇਰੇ ਚਾਰ ਚੁਫੇਰੇ ਚਾਦਰ ਦਾ ਪੜਦਾ ਕਰਦੀਆਂ ਹਾਂ। ਹੁਣ ਤੇਰੀ ਆਪਣੀ ਮਰਜੀ ਹੈ ਚਾਹੇ ਤਾਂ ਜੋ ਵੀ ਚੋਰੀ ਦੀ ਚੀਜ ਹੈ ਉਹ ਥੱਲੇ ਸੁੱਟ ਦੇ ਜਾਂ ਫਿਰ ਆਪਣੇ ਕੱਪੜੇ ਉਤਾਰ ਕੇ ਇਸ ਚਾਦਰ ਦਾ ਪੜਦਾ ਕਰ ਲੈ। ਚਾਰੇ ਪਾਸੇ ਘਿਰੀ ਦੇਖ ਕੇ ਉਸ ਨੇ ਚਾਦਰ ਦੇ ਪੜਦੇ ਵਿਚ 700 ਰੁਪਏ ਦੇ ਨੋਟ ਫਰਸ਼ ਉੱਤੇ ਸਿੱਟ ਦਿੱਤੇ। ਪੁੱਛਣ 'ਤੇ ਦੱਸਿਆ ਕਿ ਚੋਰੀ ਉਸ ਨੇ 1000 ਰੁਪਇਆ ਹੀ ਕੀਤਾ ਸੀ। 300 ਰੁਪਏ ਉਸ ਨੇ ਖਰਚ ਕਰ ਲਏ ਹਨ। ਉਸ ਪਿੱਛੋਂ ਸਾਰੇ ਕਮਰਿਆਂ ਦੇ ਕੁੰਡੇ ਖੋਲ੍ਹ ਦਿੱਤੇ ਗਏ ਅਤੇ ਸਾਰੇ ਖ਼ਬਰ ਫੈਲ ਗਈ ਕਿ ਰੁਪਏ ਮਿ਼ਲ ਗਏ ਹਨ।

ਦੂਜੇ ਦਿਨ ਹੋਸਟਲ ਵਿਚ ਹੀ ਮੇਰੀ ਸਹੇਲੀ ਰਣਧੀਰ ਨੇ ਹੇਠਾਂ ਗਰਾਊਂਡ ਫਲੋਰ ਤੋਂ ਮੈਨੂੰ ਆਵਾਜ਼ ਮਾਰੀ ਕਿ ਛੇਤੀ ਆ ਸਾਨੂੰ ਪ੍ਰਿੰਸੀਪਲ ਮੈਡਮ ਨੇ ਆਪਣੇ ਦਫਤਰ ਬੁਲਾਇਆ ਹੈ। ਮੈਂ ਕਿਹਾ ਮੈਂ ਕੇਸੀਂ ਨਹਾ ਕੇ ਆਉਂਦੀ ਹਾਂ। ਉਹ ਅੱਗੋਂ ਬੋਲੀ ਕੇਸੀਂ ਨਹਾ ਕੇ ਤੂੰ ਨੰਦਾਂ ਤੇ ਬੈਠਣਾ ਹੈ। ਜਲਦੀ ਕਰ, ਛੇਤੀ ਆ। ਸਾਨੂੰ ਨਹੀਂ ਸੀ ਪਤਾ ਕਿ ਸਾਨੂੰ ਕਿਓਂ ਬੁਲਾਇਆ ਗਿਆ ਹੈ। ਅਸੀਂ ਡਰਦੀਆਂ-ਡਰਦੀਆਂ ਪ੍ਰਿੰਸੀਪਲ ਮੈਡਮ ਦੇ ਦਫਤਰ ਗਈਆਂ ਤਾਂ ਚੋਰੀ ਦਾ ਕੇਸ ਹੱਲ ਕਰ ਲੈਣ ਲਈ ਉਸਨੇ ਸਾਨੂੰ ਸਾਰੀਆਂ ਨੂੰ ਢੇਰ ਸਾਰੀ ਸ਼ਾਬਾਸ਼ ਦਿੱਤੀ। ਅਸੀਂ ਬਾਗੋ-ਬਾਗ ਹੋ ਗਈਆਂ। ਪਰ ਉਹ ਚੋਰ ਕੁੜੀ...?

---

# ਤੂੰ ਫ਼ਿਕਰ ਨਾ ਕਰੀਂ...

ਮੇਰੇ ਨਾਲ ਕਾਰ ਦੀ ਸੀਟ 'ਤੇ ਮੇਰੀ ਪਤਨੀ ਦੀ ਭਰਜਾਈ ਬੈਠੀ ਹੈ, ਰਿਸ਼ਤੇ 'ਚ ਮੇਰੀ ਭੈਣ ਲਗਦੀ ਹੈ। ਵਿਆਹ ਕੇ ਆਈ ਨੂੰ ਹਾਲੇ ਦੋ ਕੁ ਮਹੀਨੇ ਹੋਏ ਨੇ, ਇਸ ਲਈ ਕੁਝ ਵੀ ਕਹਿਣ ਤੋਂ ਝਿਪਦੀ ਹੈ। ਅਸੀਂ ਦੋਵੇਂ ਇਹ ਗੱਲਾਂ ਕਰ ਰਹੇ ਹਾਂ ਕਿ ਹੁਣ ਉਹ ਨੌਕਰੀ ਪ੍ਰਾਪਤ ਕਰਨ ਲਈ ਕੀ ਕਰੇ? ਪਰ ਇਹ ਗੱਲ ਐਨੀ ਜ਼ਰੂਰੀ ਨਹੀਂ। ਜ਼ਰੂਰੀ ਗੱਲ ਇਹ ਹੈ ਕਿ ਇਸੇ ਮਹੀਨੇ ਉਸ ਦੇ ਪਤੀ ਨੇ ਰੋਜ਼ੀ-ਰੋਟੀ ਲਈ

ਡਾ. ਪਰਮਜੀਤ ਸਿੰਘ ਕੱਟੂ
ਫੋਨ: 70873 20578
(ਰਾਸ਼ਟਰੀ ਫ਼ਿਲਮ ਪੁਰਸਕਾਰ ਵਿਜੇਤਾ ਫ਼ਿਲਮਕਾਰ)

ਵਿਦੇਸ਼ ਚਲੇ ਜਾਣਾ ਹੈ, ਪਿੱਛੋਂ ਉਸ ਕੁੜੀ ਦਾ ਦਿਲ ਕਿਵੇਂ ਲੱਗੇਗਾ? ਪਰ ਸਾਡੀ ਆਦਤ ਹੈ, ਅਸੀਂ ਜ਼ਰੂਰੀ ਗੱਲਾਂ ਦੀ ਥਾਂ ਗੈਰ-ਜ਼ਰੂਰੀ ਗੱਲਾਂ ਕਰ ਕਰ ਕੇ ਈ ਉਮਰਾਂ ਲੰਘਾ ਦਿੰਦੇ ਹਾਂ। ਆਖਰ ਉਸ ਕੁੜੀ ਨੇ ਹਿੰਮਤ ਕਰ ਕੇ ਕਹਿ ਹੀ ਦਿੱਤਾ: 'ਭਾਜੀ, ਜਦੋਂ ਇਹ ਬਾਹਰ ਚਲੇ ਗਏ ਮੇਰਾ ਦਿਲ ਨਹੀਂ ਲੱਗਣਾ।' ਮੈਨੂੰ ਲੱਗਾ ਕਿਸੇ ਨੇ ਮੈਨੂੰ ਉਸ ਸਮੁੰਦਰ ਵਿਚ ਸੁੱਟ ਦਿੱਤਾ ਜਿਸ ਬਾਰੇ ਕਿਹਾ ਜਾਂਦਾ ਹੈ, ਦਿਲ ਦਰਿਆ ਸਮੁੰਦਰੋਂ ਡੂੰਘੇ। ਅਸੀਂ ਦੋਵੇਂ ਭਾਵੁਕ ਹੋ ਗਏ। ਉਸ ਨੇ ਹਾਲੇ ਵੀ ਹੰਝੂਆਂ 'ਤੇ ਕਾਬੂ ਕੀਤਾ ਹੋਇਆ ਸੀ ਭਾਵੇਂ ਉਹਦੀ ਹਾਲਤ ਇਹ ਸੀ ਕਿ

"ਪੀੜ ਏਨੀ, ਕਿ ਰੇਤ ਵੀ ਤੜਪੀ,
ਜ਼ਬਤ ਏਨਾ ਕਿ ਚੀਕਿਆ ਨਾ ਗਿਆ" (ਵਿਜੇ ਵਿਵੇਕ)

ਪਰ ਮੈਂ ਜ਼ਾਬਤੇ ਤੋਂ ਬਾਹਰ ਹੋ ਗਿਆ ਤੇ ਅੱਖਾਂ ਦੇ ਰਾਹੀਂ ਵਗ ਤੁਰਿਆ।

ਫੇਰ ਮੈਂ ਸੋਚਿਆ, ਇਹ ਬੱਚੀ ਮੈਨੂੰ ਦੇਖ ਕੇ ਹੋਰ ਡੋਲ ਜਾਵੇਗੀ। ਆਖ਼ਰ ਆਪਣੇ ਆਪ ਨੂੰ ਸਮੇਟਦਾ ਹੋਇਆ ਸਹਿਜ ਹੋਣ ਦੀ ਕੋਸ਼ਿਸ਼ ਕਰਨ ਲੱਗਾ। ਮੈਂ ਆਪਣੀ ਸਾਰੀ ਸ਼ਕਤੀ ਇਕੱਠੀ ਕਰਕੇ ਕਿਹਾ: 'ਤੂੰ ਫ਼ਿਕਰ ਨਾ ਕਰੀਂ...ਮੈਂ ਤੇਰੇ ਨਾਲ ਹਾਂ ਸਦਾ।' ਇਹ ਸੁਣਦਿਆਂ ਹੀ ਉਸਦੇ ਚਿਹਰੇ ਉਪਰ ਇਕ ਹਿੰਮਤ ਦਿਸੀ, ਸਕੂਨ ਭਰੀ ਮੁਸਕਾਨ ਫੈਲ ਗਈ। ਮੈਨੂੰ ਯਾਦ ਆਇਆ ਕਿ ਜਦੋਂ ਮੈਂ ਯੂਨੀਵਰਸਿਟੀ ਪੜ੍ਹਣ ਲੱਗਾ ਤਾਂ ਐਮ.ਏ. ਕਰਨ ਤੋਂ ਬਾਅਦ ਮੈਂ ਸੋਚਿਆ ਮੇਰੀ ਭੈਣ ਅਮਨ ਨੂੰ ਵੀ ਯੂਨੀਵਰਸਿਟੀ ਪੜ੍ਹਨਾ ਚਾਹੀਦਾ ਹੈ। ਉਹ ਦੋ ਸਾਲ ਯੂਨੀਵਰਸਿਟੀ ਪੜ੍ਹੀ। ਪਰ ਉਨ੍ਹਾਂ ਦੋ ਸਾਲਾਂ ਵਿਚ ਮੈਂ ਕਦੇ ਵੀ ਉਸ ਨੂੰ ਇਹ ਨਾ ਕਹਿ ਸਕਿਆ: ਤੂੰ ਫ਼ਿਕਰ ਨਾ ਕਰੀਂ...ਮੈਂ ਤੇਰੇ ਨਾਲ ਹਾਂ ਸਦਾ। ਉਹ ਇਕੱਲਤਾ ਮਹਿਸੂਸ ਕਰਦੀ ਹੋਈ ਉਦਾਸ ਹੋ ਕੇ ਐਮ.ਏ. ਕਰਕੇ ਵਾਪਿਸ ਘਰ ਚਲੀ ਗਈ। ਤੇ ਫੇਰ ਉਹ ਏਸ ਕਾਬਲ ਹੋ ਗਈ ਕਿ ਮੈਨੂੰ ਅਕਸਰ ਕਹਿੰਦੀ: ਵੀਰੇ, ਤੂੰ ਫ਼ਿਕਰ ਨਾ ਕਰੀਂ...ਮੈਂ ਤੇਰੇ ਨਾਲ ਹਾਂ।

ਦਸ ਕੁ ਸਾਲ ਪਹਿਲਾਂ ਕਿਸਾਨ ਖ਼ੁਦਕੁਸ਼ੀਆਂ ਬਾਰੇ ਡਾਕੂਮੈਂਟਰੀ ਬਣਾਉਣ ਦੇ ਸਿਲਸਿਲੇ ਵਿਚ ਸਰਦਾਰਾ ਸਿੰਘ ਜੌਹਲ ਜੀ ਦੇ ਘਰ ਲੁਧਿਆਣਾ ਗਿਆ। ਮੈਂ ਪੁੱਛਿਆ ਕਿ ਕਿਸੇ ਵੀ ਖ਼ੁਦਕਸ਼ੀ ਦਾ ਕਾਰਨ ਜ਼ਿਆਦਾ ਆਰਥਿਕ ਹੁੰਦਾ, ਸਮਾਜਿਕ ਜਾਂ ਮਾਨਸਿਕ। ਜੌਹਲ ਸਾਹਿਬ ਕਹਿੰਦੇ ਕਿ ਅਸਲ ਵਿਚ ਹੁਣ ਇਕ ਦੂਜੇ ਨੂੰ ਹੌਂਸਲਾ ਦੇਣ ਵਾਲੇ ਲੋਕ ਨਹੀਂ ਰਹੇ ਜਾਂ ਕਹਿ ਲਵੋ ਕਿ ਘਟ ਗਏ ਹਨ। ਉਹ ਦੱਸਣ ਲੱਗੇ ਕਿ ਉਨ੍ਹਾਂ ਦਾ ਪਰਿਵਾਰ ਦੇਸ਼ ਵੰਡ ਵੇਲੇ ਪਾਕਿਸਤਾਨੋਂ ਉੱਜੜ ਕੇ ਆਇਆ। ਸਾਡਾ ਸਭ ਕੁਝ ਲੁੱਟਿਆ-ਪੁੱਟਿਆ ਗਿਆ। ਕਿੰਨੇ ਹੀ ਪਰਿਵਾਰਕ ਜੀਅ ਕਤਲ ਹੋ ਗਏ। ਜਦੋਂ ਏਧਰ ਆਏ ਤਾਂ ਸਿਰ 'ਤੇ ਸਿਰਫ ਅਸਮਾਨ ਸੀ ਪਰ ਪਰਿਵਾਰ ਦੇ ਜੀਅ ਵੀਹ-ਪੱਚੀ ਸਨ। ਸੋ ਸਾਰੇ ਇਕ ਦੂਸਰੇ ਨੂੰ ਹੌਂਸਲਾ ਦੇ ਦੇ ਕੇ ਬਚ ਗਏ। ਜੇ ਅੱਜ ਵਾਂਗ ਕੱਲ੍ਹੇ-ਕੱਲ੍ਹੇ ਹੁੰਦੇ, ਤਾਂ ਮਰ-ਮੁੱਕ ਗਏ ਹੁੰਦੇ। ਮੈਨੂੰ ਲੱਗਾ ਕਿ ਉਹ ਸਾਰੇ ਜੀਅ ਵੀ ਇਕ ਦੂਜੇ ਨੂੰ ਇਹੀ ਕਹਿੰਦੇ ਹੋਣਗੇ: ਤੂੰ ਫ਼ਿਕਰ ਨਾ ਕਰੀਂ...ਮੈਂ ਤੇਰੇ ਨਾਲ ਹਾਂ ਸਦਾ।

ਇਹ ਵਾਕ ਕਿੰਨਾ ਕਰਾਮਾਤੀ ਹੈ। ਪਰ ਜ਼ਿੰਦਗੀ ਵਿਚ ਇਸ ਵਾਕ ਜਿਹਾ ਇਨਸਾਨ ਕਿਸੇ-ਕਿਸੇ ਨੂੰ ਹੀ ਮਿਲਦਾ ਹੈ। ਇਸ ਕਰਾਮਾਤੀ ਵਾਕ ਨਾਲ ਸਾਡਾ ਇਤਿਹਾਸ ਭਰਿਆ ਪਿਆ ਹੈ, ਭਾਵੇਂ ਇਸ ਵਾਕ ਦੇ ਸ਼ਬਦ ਕੋਈ ਹੋਰ ਹੋਣ ਜਾਂ ਕਈ ਵਾਰ ਇਹ ਵਾਕ ਸ਼ਬਦਾਂ ਦੀ ਥਾਂ ਕਿਸੇ ਕਾਰਜ ਜਾਂ ਕੋਈ ਹੋਰ ਰੂਪ ਵੀ ਲੈ ਲੈਂਦਾ ਰਿਹਾ।

ਜਦੋਂ ਕੁਰੂਕਸ਼ੇਤਰ ਵਿਚ ਯੁੱਧ ਹੋ ਰਿਹਾ ਸੀ ਤੇ ਅਰਜਨ ਸਾਹਮਣੇ ਕਰਮ ਦਾ ਵਿਰਾਟ ਸਵਾਲ ਪੈਦਾ ਹੋਇਆ ਤਾਂ ਗੀਤਾ ਦਾ ਉਪਦੇਸ਼ ਵੀ ਤਾਂ ਇਹੀ ਸੀ: ਤੂੰ ਫ਼ਿਕਰ ਨਾ ਕਰੀਂ...ਮੈਂ ਤੇਰੇ ਨਾਲ ਹਾਂ ਸਦਾ। ਬਾਬਾ ਨਾਨਕ ਜੀ ਲਈ ਬੇਬੇ ਨਾਨਕੀ ਜੀ ਦਾ ਪਿਆਰ ਵੀ ਤਾਂ ਇਸੇ ਵਾਕ ਦੀ ਭਾਵਨਾ ਹੈ।

ਇਹ ਵਾਕ ਕਦੇ ਕਦੇ ਇਤਿਹਾਸ-ਮਿਥਿਹਾਸ ਵਿਚ ਵਰਤੇ ਨਾ ਗਏ ਜਿਥੇ ਵਰਤੇ ਜਾਣੇ ਸੀ, ਜਿਸ ਕਰਕੇ ਕਈ ਤਰ੍ਹਾਂ ਦੀਆਂ ਅਗਨ-ਪ੍ਰੀਖਿਆਵਾਂ ਦੇਣੀਆਂ ਪਈਆਂ, ਸਿੱਲ-ਪੱਥਰ ਹੋਣਾ ਪਿਆ, ਅੰਗੂਠਿਆਂ ਦੀ ਗੁਰੂ-ਦਕਸ਼ਣਾ ਦੇਣੀ ਪਈ।

ਉਂਜ ਤਾਂ ਸਾਨੂੰ ਅਧਿਆਤਮ ਦਾ ਖੇਤਰ ਇਹ ਉਪਦੇਸ਼ ਦਿੰਦਾ ਹੈ ਕਿ ਪਰਮਾਤਮਾ ਸਦਾ ਸਾਡੇ ਨਾਲ ਹੈ, ਪਰ ਹਰ ਕੋਈ ਉਸ ਸਥਿਤੀ ਉਪਰ ਨਹੀਂ ਹੁੰਦਾ ਜੋ ਪਰਮਾਤਮਾ ਦੇ ਵਿਰਾਟ ਹੌਸਲੇ ਨੂੰ ਮਹਿਸੂਸ ਕਰ ਸਕੇ। ਕੁਦਰਤ ਦਾ ਨਿਯਮ ਹੈ- ਜੋ ਬੀਜਾਂਗੇ, ਉਹੀ ਵੱਢਾਂਗੇ। ਵਿਗਿਆਨ ਵੀ ਆਖਦਾ ਹੈ ਹਰ ਕਿਰਿਆ ਦੀ ਪ੍ਰਤੀਕਿਰਿਆ ਵੀ ਹੁੰਦੀ ਹੈ। ਚਲੋ ਇਹ ਚੰਗਾਂ ਵਾਕ ਹੀ ਬੀਜ ਲਈਏ, ਇਸ ਵਾਕ ਦੀ ਸੰਸਾਰ ਨੂੰ ਬਹੁਤ ਲੋੜ ਹੈ, ਸਾਡੇ ਹਰ ਰਿਸ਼ਤੇ ਨੂੰ, ਹਰ ਕਿਣਕੇ ਨੂੰ ਤੇ ਪੂਰੀ ਕਾਇਨਾਤ ਨੂੰ ਵੀ...

ਤੂੰ ਫ਼ਿਕਰ ਨਾ ਕਰੀਂ...ਮੈਂ ਤੇਰੇ ਨਾਲ ਹਾਂ ਸਦਾ।

# ਸਿੱਖ ਵਿਰਾਸਤ ਦੇ ਪ੍ਰਤੀਕ ਖ਼ਾਲਸਾ ਦਿਹਾੜੇ ਅਤੇ ਵੈਸਾਖੀ ਪੂਰਬ ਦੀ ਮਹਾਨਤਾ

ਕੈਨੇਡਾ ਵਿਚ ਅਪ੍ਰੈਲ ਨੂੰ 'ਸਿੱਖ ਵਿਰਾਸਤ ਮਹੀਨੇ' ਵਜੋਂ ਮਾਨਤਾ ਦਿੱਤੀ ਗਈ ਹੈ। ਇਹ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਅਪ੍ਰੈਲ ਮਹੀਨੇ ਦੌਰਾਨ ਸਿੱਖ ਵਿਸ਼ੇਸ਼ ਕਰ ਕੇ ਆਪਣੇ ਵਿਰਸੇ, ਇਤਿਹਾਸ, ਸੱਭਿਆਚਾਰ ਅਤੇ ਪ੍ਰਾਪਤੀਆਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਦੇ ਸਕਦੇ ਹਨ। ਵਾਸਤਵ ਵਿਚ ਖਾਲਸਾ ਦਿਹਾੜਾ ਅਪ੍ਰੈਲ ਵਿਚ ਆਉਣ ਕਾਰਨ ਇਹ ਮਹੀਨਾ 'ਸਿੱਖ ਹੈਰੀਟੇਜ ਮਹੀਨੇ' ਵਜੋਂ ਐਲਾਨਿਆ ਗਿਆ ਹੈ। ਇਤਿਹਾਸਿਕ ਤੌਰ 'ਤੇ ਵਿਚਾਰਿਆ ਜਾਏ ਤਾਂ ਖਾਲਸਾ ਦਿਹਾੜਾ ਸਿੱਖੀ ਦਾ ਉਹ ਮਹਾਨ ਇਤਿਹਾਸਕ ਦਿਹਾੜਾ ਹੈ, ਜਦੋਂ ਦਸਵੇਂ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਇੱਕੋ ਬਾਟੇ ਵਿਚ ਅੰਮ੍ਰਿਤ



**ਡਾ. ਗੁਰਵਿੰਦਰ ਸਿੰਘ**
**ਫੋਨ: 604-825-1550**

ਛਕਾਇਆ ਅਤੇ ਜਾਤ, ਰੰਗ, ਵਰਣ ਆਦਿ ਦੇ ਵਿਤਕਰੇ ਨੂੰ ਸਦਾ ਲਈ ਖਤਮ ਕੀਤਾ। ਦਰਅਸਲ ਜਾਤ-ਪਾਤ, ਰੰਗ-ਨਸਲ ਵੰਸ਼-ਕੁਲ ਆਦਿ ਜਿਹੇ ਵਿਤਕਰਿਆਂ ਦੇ ਖਾਤਮੇ ਦਾ ਮੁੱਢ, ਸਿੱਖੀ ਦਾ ਬੂਟਾ ਲਾਉਂਦਿਆਂ ਗੁਰੂ ਨਾਨਕ ਸਾਹਿਬ ਨੇ ਬੰਨ ਦਿੱਤਾ ਸੀ, ਜਿਸ ਨੂੰ ਦਸ ਗੁਰੂ ਸਾਹਿਬਾਨਾਂ ਨੇ ਫੈਲਾਇਆ।

ਦਰਅਸਲ ਵੈਸਾਖੀ ਭਾਵ ਪਹਿਲੀ ਵੈਸਾਖ ਦੇ ਇਤਿਹਾਸਿਕ ਪ੍ਰਸੰਗ ਗੁਰੂ ਨਾਨਕ ਸਾਹਿਬ ਦੇ ਆਗਮਨ ਪੁਰਬ ਅਤੇ ਖਾਲਸਾ ਦਿਹਾੜੇ, ਦੋਹਾਂ ਨੂੰ ਸਮਰਪਿਤ ਹਨ। 'ਖ਼ਾਲਸਾ ਪ੍ਰਗਟ' ਦਿਹਾੜੇ ਦੇ ਨਾਲ-ਨਾਲ ਇਸ ਮੁਬਾਰਕ ਦਿਹਾੜੇ ਨੂੰ ਗੁਰੂ ਨਾਨਕ ਸਾਹਿਬ ਦੇ 'ਪ੍ਰਕਾਸ਼ ਦਿਹਾੜੇ' ਵਜੋਂ ਮਾਨਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵੈਸਾਖ 1699 ਨੂੰ ਖ਼ਾਲਸਾ ਦਿਹਾੜੇ ਵਜੋਂ ਤਾਂ ਹੀ ਚੁਣਿਆ ਸੀ, ਕਿਉਂਕਿ ਇਸ ਪਵਿੱਤਰ ਦਿਹਾੜੇ 'ਤੇ ਪਹਿਲੀ ਵੈਸਾਖ 1469 ਈਸਵੀ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ। ਪੁਰਾਤਨ ਇਤਿਹਾਸਿਕ ਸਰੋਤਾਂ ਤੋਂ ਇਲਾਵਾ, ਇਸ ਦੀ ਵਧੇਰੇ ਜਾਣਕਾਰੀ ਕਰਮ ਸਿੰਘ ਹਿਸਟੋਰੀਅਨ ਦੀ ਕਿਤਾਬ 'ਕੱਤਕ ਕਿ ਵਿਸਾਖ' 'ਚੋਂ ਮਿਲਦੀ ਹੈ, ਜਦ ਕਿ ਤਕਰੀਬਨ ਸਾਰੀਆਂ ਹੀ ਪਾਠ-ਪੁਸਤਕਾਂ ਵਿਚ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਪਹਿਲੀ ਵੈਸਾਖ 1469 ਨੂੰ ਹੀ ਮਿਲਦਾ ਹੈ, ਹਾਲਾਂ ਕਿ ਪ੍ਰਕਾਸ਼ ਦਿਹਾੜਾ ਮਨਾਉਣ ਦੀ ਪਰੰਪਰਾ ਕੱਤਕ ਦੀ ਪੂਰਨਮਾਸ਼ੀ ਨੂੰ ਪ੍ਰਚਲਿਤ ਹੈ। ਇਹ ਵੱਖਰੇ ਰੂਪ ਵਿਚ ਸੰਜੀਦਾ ਅਤੇ ਗਹਿਰੇ ਵਿਚਾਰ ਦਾ ਵਿਸ਼ਾ ਹੈ।

ਸਿੱਖੀ ਦੀ ਨੀਂਹ ਪਹਿਲੇ ਸਤਿਗੁਰੂ ਨਾਨਕ ਸਾਹਿਬ ਨੇ ਰੱਖਦਿਆਂ, ਨਿਰਮਲ ਪੰਥ ਚਲਾਇਆ, ਜਿਸ ਬਾਰੇ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ। ਸਿੱਖੀ ਨੂੰ ਦਸ ਗੁਰੂ ਸਾਹਿਬਾਨ ਦੇ ਰੂਪ ਵਿਚ ਸੰਪੂਰਨਤਾ ਬਖਸ਼ਦਿਆਂ ਹੋਇਆਂ, ਦਸਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨਾਂ ਦਿੱਤਾ। 'ਸਿੱਖ' ਦਰਅਸਲ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਮੂਲ ਰੂਪ 'ਸ਼ਿਸ਼' ਹੈ ਤੇ ਅਰਥ ਹੈ ਸਿੱਖਣ ਵਾਲਾ ਸ਼ਗਿਰਦ ਜਾਂ ਵਿਦਿਆਰਥੀ। ਪਰ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਸਿੱਖੀ ਦੇ ਖੇਤਰ ਵਿਚ ਸਿੱਖ ਸ਼ਬਦ ਦੇ ਅਰਥ ਸਨਾਤਨੀ ਮੱਤ ਨਾਲੋਂ ਵੱਖਰੇ ਹਨ। ਸਿੱਖੀ ਅੰਦਰ 'ਸਿੱਖ' ਸ਼ਬਦ ਸਿਰਫ਼ ਸਿੱਖਣ ਵਾਲਾ ਸ਼ਾਗਿਰਦ ਨਾ ਰਹਿ ਕੇ, ਇਸ ਦਾ ਅਰਥ ਅਤੇ ਪ੍ਰਸੰਗ 'ਨਿਆਰਾ ਇਤਿਹਾਸ, ਬਿਰਤਾਂਤ ਅਤੇ ਸਿਧਾਂਤ' ਬਣ ਜਾਂਦਾ ਹੈ, ਜਿੱਥੇ ਸਿੱਖ ਮੁਕੰਮਲ ਸਮਰਪਤਿ ਸੁਰਤ ਵਾਲਾ ਜੁਗਿਆਸੂ ਹੋ ਨਿਬੜਦਾ ਹੈ।

ਇਸੇ ਤਰੀਕੇ ਨਾਲ ਸਧਾਰਨ ਰੂਪ ਵਿਚ 'ਗੁਰੂ' ਸ਼ਬਦ ਦਾ ਅਰਥ ਹੈ ਹਨੇਰਾ ਦੂਰ ਕਰਨ ਵਾਲਾ। ਆਮ ਕਰਕੇ ਅਧਿਆਪਕ ਜਾਂ ਉਸਤਾਦ ਨੂੰ ਗੁਰੂ ਕਿਹਾ ਜਾਂਦਾ ਹੈ, ਪਰ ਜਦੋਂ ਸਿੱਖੀ ਵਿਚ ਗੁਰੂ ਸ਼ਬਦ ਆਉਂਦਾ ਹੈ, ਤਾਂ ਇਸ ਦਾ ਅਰਥ 'ਸੁਰਤ ਦੀ ਅਗਵਾਈ ਕਰਨ ਵਾਲਾ ਸ਼ਬਦ' ਉਹ ਨਿਬੜਦਾ ਹੈ। ਇਉਂ ਹੀ ਦਸ ਗੁਰੂ ਸਾਹਿਬਾਨ, ਗੁਰਤਾ ਗੱਦੀ ਦੇ ਰੂਪ ਵਿਚ 'ਇਕ ਜੋਤ' ਅਤੇ ਮੌਜੂਦਾ ਸਮੇਂ ਗੁਰੂ ਗ੍ਰੰਥ ਸਾਹਿਬ ਸਾਡੀ ਅਗਵਾਈ 'ਗੁਰੂ' ਵਜੋਂ ਕਰਦੇ ਨਜ਼ਰ ਆਉਂਦੇ ਹਨ। ਇੱਥੇ ਇਹ ਸ਼ਬਦ ਕੇਵਲ ਉਸਤਾਦ ਜਾਂ ਅਧਿਆਪਕ ਨਾ ਹੋ ਕੇ, ਅਧਿਆਤਮਕ ਪ੍ਰਸੰਗ ਵਿਚ ਜੀਵਨ ਸੇਧ ਦਾ ਕਰਤਾ-ਧਰਤਾ ਅਤੇ ਲੋਕ-ਪਰਲੋਕ ਵਿਚ ਰਖਵਾਲਾ ਬਣ ਜਾਂਦਾ ਹੈ। ਇਸੇ ਕਾਰਨ ਹੀ ਸਿੱਖੀ ਵਿਚ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਕਿਸੇ ਲਈ ਗੁਰੂ ਸ਼ਬਦ ਨਹੀਂ ਵਰਤਿਆ ਜਾਂਦਾ, ਜਦਕਿ ਹੋਰਨਾਂ ਰੂਹਾਨੀ ਸ਼ਖਸੀਅਤਾਂ ਲਈ ਭਗਤ, ਸੰਤ ਆਦਿ ਸ਼ਬਦ ਵਰਤਿਆ ਜਾਂਦਾ ਹੈ। ਇਨ੍ਹਾਂ ਵਿਲਖਣ ਸ਼ਬਦਾਂ ਨੂੰ ਰਲਗੱਡ ਕਰਨਾ ਠੀਕ ਨਹੀਂ।

'ਖ਼ਾਲਸਾ' ਸ਼ਬਦ ਮੂਲ ਰੂਪ ਵਿਚ ਫ਼ਾਰਸੀ ਦਾ ਹੈ, ਜਿਸਦਾ ਅਰਥ ਹੈ ਸਿੱਧਾ ਇੱਕ ਰੱਬ ਨੂੰ ਸਮਰਪਤ ਹੋਣਾ ਅਤੇ ਕਿਸੇ ਹੋਰ ਦੇ ਅਧੀਨ ਨਾ ਹੋਣਾ। ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੱਖਾਂ ਲਈ 'ਖ਼ਾਲਸਾ' ਸ਼ਬਦ ਗੁਰੂ ਗੋਬਿੰਦ ਸਿੰਘ ਜੀ ਨੇ ਚੁਣਿਆ। ਇਸ ਸ਼ਬਦ ਦੇ ਅਰਥ ਸਿੱਖੀ ਵਿਚ, ਇਸਲਾਮਿਕ ਮੱਤ ਨਾਲੋਂ ਬਿਲਕੁਲ ਨਿਵੇਕਲੇ ਹੋ ਜਾਂਦੇ ਹਨ। ਇੱਥੇ ਖ਼ਾਲਸਾ ਇੱਕ ਪੰਥ ਹੈ, ਨਾ ਕਿ ਫਾਰਸੀ ਵਿਚੋਂ ਲਏ ਗਏ ਸ਼ਬਦ ਦੇ ਸੀਮਤ ਅਰਥਾਂ ਤੱਕ ਹੀ ਸੰਕੁਚਿਤ ਹੈ।

ਇਉ ਸਿੱਖੀ, ਸਿੱਖ ਵਿਰਸੇ, ਸਿੱਖ ਸੱਭਿਆਚਾਰ ਤੇ ਸਿੱਖ ਸਭਿਅਤਾ ਦੇ ਰੂਪ ਵਿਚ ਅਰਥਾਂ ਦੇ ਨਵੇਂ ਪ੍ਰਸੰਗ ਅਤੇ ਨਵੇਂ ਵਿਰਾਸਤੀ ਅਰਥ ਸੰਕੇਤ ਹੁੰਦੇ ਹਨ। ਜਿੱਥੇ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਤੱਕ ਇੱਕੋ ਜੋਤ ਹਨ, ਉੱਥੇ ਸਿੱਖੀ ਅਤੇ ਖ਼ਾਲਸਾ ਪੰਥ ਵੀ ਇੱਕੋ ਹੀ ਹਨ। ਇਨ੍ਹਾਂ ਨੂੰ ਅੱਡ ਕਰਕੇ ਵੇਖਣਾ ਵੱਡੀ ਕੁਤਾਹੀ ਹੈ। ਇਸੇ ਕਾਰਨ 'ਸਿੱਖੀ' ਵਜੋਂ ਆਰੰਭ ਅਤੇ 'ਖਾਲਸੇ' ਵਜੋਂ ਮੁਕੰਮਲ ਹੋਣ ਦਾ ਇਹ ਸਫਰ 'ਖਾਲਸਾ ਦਿਹਾੜੇ' ਵਜੋਂ ਮਨਾਇਆ ਜਾਂਦਾ ਹੈ।

ਸਿੱਖਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੁਨੀਆਂ ਦਾ ਅਜਿਹਾ ਪਹਿਲਾ ਦੇਸ਼ ਹੈ, ਜਿੱਥੇ ਸਿੱਖ ਵਿਰਾਸਤ ਮਹੀਨਾ ਰਾਸ਼ਟਰੀ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਦੇ ਇਤਿਹਾਸ ਵੱਲ ਵੇਖੀਏ, ਤਾਂ ਸੰਨ 2013 ਵਿਚ ਨਿਊ ਡੈਮੋਕਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਨੇ ਕੈਨੇਡਾ ਦੇ ਸੂਬੇ ਓਂਟੈਰੀਓ ਵਿਚ ਵਿਧਾਇਕ ਹੁੰਦਿਆਂ ਅਜਿਹਾ ਮਤਾ ਪੇਸ਼ ਕੀਤਾ ਸੀ, ਜਿਸ ਤੋਂ ਬਾਅਦ ਓਂਟੈਰੀਓ ਵਿਚ ਸਿੱਖ ਵਿਰਾਸਤ ਮਹੀਨਾ ਮਨਾਉਣਾ ਆਰੰਭ ਹੋਇਆ। ਕੈਨੇਡਾ ਵਿਚ ਕੌਮੀ ਪੱਧਰ 'ਤੇ ਸੰਨ 2018 ਵਿਚ ਲਿਬਰਲ ਪਾਰਟੀ ਦੇ ਐਮ.ਪੀ. ਸੁਖ ਧਾਲੀਵਾਲ ਨੇ ਹਾਊਸ ਆਫ ਕਾਮਨਜ਼ ਪ੍ਰਾਈਵੇਟ ਮੈਂਬਰ ਬਿੱਲ ਸੀ 376 ਲਿਆਂਦਾ, ਜੋ ਕਿ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਿਚ 30 ਅਪ੍ਰੈਲ 2019 ਨੂੰ 'ਸਿੱਖ ਹੈਰੀਟੇਜ ਐਕਟ' ਬਣਿਆ।

ਸੰਨ 2025 ਕੈਨੇਡਾ ਪੱਧਰ 'ਤੇ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤ ਮਹੀਨੇ ਵਜੋਂ ਮਨਾਉਣ ਦੀ ਛੇਵੀਂ ਵਰੇਗੰਢ ਹੈ। ਕੈਨੇਡਾ ਸਿੱਖ ਵਿਰਾਸਤੀ ਮਹੀਨਾ ਉਤਸ਼ਾਹ ਨਾਲ ਮਨਾ ਰਿਹਾ ਹੈ, ਜਿਸ ਦੌਰਾਨ ਇਤਿਹਾਸਿਕ ਪ੍ਰਦਰਸ਼ਨੀਆਂ, ਨਗਰ ਕੀਰਤਨਾਂ, ਸੱਭਿਆਚਾਰਕ ਸਮਾਗਮਾਂ ਅਤੇ ਵਿਚਾਰ ਗੋਸ਼ਟੀਆਂ ਦਾ ਆਯੋਜਨ ਹੋ ਰਿਹਾ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪੱਧਰ 'ਤੇ ਕੈਨੇਡਾ ਸਰਕਾਰ ਦੀ ਪ੍ਰਵਾਨਗੀ ਨਾਲ ਅਜਿਹੇ ਸਮਾਗਮ ਵੱਧ-ਚੜ ਕੇ ਕੀਤੇ ਜਾ ਸਕਦੇ ਹਨ, ਇਸਦਾ ਸਾਨੂੰ ਲਾਹਾ ਲੈਣਾ ਚਾਹੀਦਾ ਹੈ।

ਕੈਨੇਡਾ ਦੀ ਗਵਰਨਰ ਜਰਨਲ ਮੈਰੀ ਸਾਈਮਨ ਨੇ ਸਿੱਖ ਵਿਰਾਸਤ ਮਹੀਨੇ 'ਤੇ ਸਮੂਹ ਕੈਨੇਡੀਅਨ ਭਾਈਚਾਰੇ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਇਹ ਵਿਭਿੰਨਤਾ ਜਿੱਥੇ ਸਾਡੀ ਤਾਕਤ ਹੈ, ਉਥੇ ਸਿੱਖ ਭਾਈਚਾਰਾ ਨਿਰਸੁਆਰਥ, ਹਮਦਰਦੀ ਅਤੇ ਮਹਾਨਤਾ ਸਦਕਾ ਕੈਨੇਡਾ ਨੂੰ ਮਹਾਨ ਬਣਾਉਣ ਦੀ ਅਹਿਮ ਭੂਮਿਕਾ ਨਿਭਾ ਰਿਹਾ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਮੌਕੇ ਵਧਾਈ ਦਿੰਦਿਆਂ ਕਿਹਾ ਕਿ ਕਰੀਬ 130 ਸਾਲ ਤੋਂ ਸਿੱਖ ਕੈਨੇਡੀਅਨਾਂ ਨੇ ਇਸ ਦੇਸ਼ ਨੂੰ ਬਰਾਬਰੀ ਤੇ ਹਮਦਰਦੀ ਭਰਪੂਰ ਅਤੇ ਨਿਆਂਪੂਰਨ ਕੈਨੇਡਾ ਬਣਾਉਣ ਵਿਚ ਖਾਸ ਮਦਦ ਕੀਤੀ ਹੈ। ਇਸ ਕਰਕੇ ਸਿੱਖ ਵਿਰਾਸਤ ਮਹੀਨਾ ਸਿੱਖਾਂ ਦੇ ਮਹਾਨ ਇਤਿਹਾਸ ਬਾਰੇ ਵਿਚਾਰ ਕਰਨ ਅਤੇ ਸਿੱਖ ਭਾਈਚਾਰੇ ਦੀਆਂ ਉਨ੍ਹਾਂ ਕਦਰਾਂ-ਕੀਮਤਾਂ ਨੂੰ ਪਛਾਨਣ ਦਾ ਸੁਨਹਿਰੀ ਮੌਕਾ ਹੈ, ਜੋ ਕੈਨੇਡਾ ਦੇਸ਼ ਦਾ ਨਿਰਮਾਣ ਕਰ ਰਹੀਆਂ ਹਨ।

ਸਿੱਖ ਵਿਰਾਸਤ ਮਹੀਨੇ ਦੌਰਾਨ, ਖਾਲਸਾ ਦਿਹਾੜੇ ਮੌਕੇ ਨਗਰ ਕੀਰਤਨ ਸਜਾਉਣ ਦੇ ਉਪਰਾਲੇ ਹੋ ਰਹੇ ਹਨ। ਨਗਰ ਕੀਰਤਨਾਂ ਦੇ ਸਬੰਧ ਵਿਚ ਕੁਝ ਅਹਿਮ ਵਿਚਾਰਾਂ ਕਰਨੀਆਂ ਜ਼ਰੂਰੀ ਹਨ, ਤਾਂ ਕਿ ਖਾਲਸਾ ਦਿਹਾੜੇ ਨੂੰ 'ਮੇਲੇ' ਦੀ ਥਾਂ, ਗੁਰਪੁਰਬ ਦੇ ਅਮਲੀ ਰੂਪ ਵਿਚ ਮਨਾਇਆ ਜਾਏ। ਅੱਜ ਪੰਜਾਬ ਤੋਂ ਲੈ ਕੇ ਦੁਨੀਆਂ ਦੇ ਹਰ ਕੋਨੇ ਵਿਚ, ਜਿੱਥੇ ਵੀ ਸਿੱਖ ਵਸਦੇ ਹਨ, ਅਕਾਲ ਪੁਰਖ ਦਾ ਜਸ ਅਤੇ ਕੀਰਤੀ ਕਰਦੇ ਹਨ। ਸਿੱਖ ਕੌਮ ਇਤਿਹਾਸਕ ਮੌਕਿਆਂ ਉਪਰ ਨਗਰ ਕੀਰਤਨ ਸਜਾਉਂਦੀ ਹੈ। ਇਹ ਪਰੰਪਰਾ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਤੋਂ ਲੈ ਕੇ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ, ਸਿੰਗਾਪੁਰ, ਮਲੇਸ਼ੀਆ, ਦੁਬਈ ਅਤੇ ਪਾਕਿਸਤਾਨ ਸਮੇਤ ਹਰ ਉਸ ਮੁਲਕ ਦੇ ਵਿਚ ਸ਼ਾਨ ਨਾਲ ਕਾਇਮ ਹੈ, ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਸਿੱਖ ਵਸਿਆ ਹੋਇਆ ਹੈ।

ਨਗਰ ਕੀਰਤਨ ਸ਼ਬਦ ਦੀ ਪਰਿਭਾਸ਼ਾ ਦੇਖੀਏ, ਤਾਂ ਇਹ ਦੋ ਸ਼ਬਦਾਂ ਦਾ ਜੋੜ ਹੈ: 'ਨਗਰ' ਅਤੇ 'ਕੀਰਤਨ'। ਕੀਰਤਨ ਸ਼ਬਦ ਗੁਰਬਾਣੀ 'ਚ ਅਨੇਕਾਂ ਵਾਰ ਆਇਆ ਹੈ। ਜਿੱਥੇ ਕੀਰਤਨ ਗਾਇਨ ਸਿੱਖੀ



ਦਾ ਸ਼ਾਨਮਈ ਵਿਰਸਾ ਹੈ ਅਤੇ ਗੁਰੂ ਸਾਹਿਬਾਨ ਸਮੇਂ ਤੋਂ ਕੀਰਤਨ ਆਰੰਭ ਹੋਇਆ ਹੈ, ਉੱਥੇ ਇਹ ਸਦਾ ਹੀ ਕਾਇਮ ਹੈ ਅਤੇ ਰਹੇਗਾ। ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਦੇ ਸਬੰਧ ਵਿਚ ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚ ਅਨੇਕ ਥਾਵਾਂ 'ਤੇ ਇਹ ਸ਼ਬਦ ਹਨ, ਜਦੋਂ ਗੁਰੂ ਸਾਹਿਬ ਬਾਣੀ ਰਚਦੇ ਅਤੇ ਗਾਇਨ ਕਰਦੇ ਤੇ ਭਾਈ ਮਰਦਾਨਾ ਜੀ ਰਬਾਬ ਵਜਾਉਂਦੇ। ਗੁਰੂ ਕਾਲ ਦੌਰਾਨ ਹੀ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ ਸਿੱਖਾਂ ਨੂੰ ਮੌਲਿਕ ਰੂਪ ਵਿਚ ਸਰੰਦਾ ਅਤੇ ਅਨੇਕਾਂ ਹੋਰ ਸਾਜ ਬਖਸ਼ੇ ਅਤੇ ਹਰ ਇਕ ਸਿੱਖ ਨੂੰ ਕੀਰਤਨ ਕਰਨ ਵਾਸਤੇ ਪ੍ਰੇਰਿਆ।

ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ 31 ਰਾਗਾਂ ਵਿਚ ਦਰਜ ਕਰਨ ਅਤੇ ਰਾਗਾਂ ਵਿਚ ਗਾਇਨ ਦੀ ਵਿਧੀ ਇਸ ਦੀ ਮਿਸਾਲ ਹੈ, ਜਿਸ ਨੂੰ ਆਧਾਰ ਬਣਾ ਕੇ, ਕੀਰਤਨੀਏ ਰਾਗਾਂ ਦਾ ਅਧਿਅਨ ਕਰਦੇ ਹਨ। ਕੀਰਤਨ ਗਾਇਨ ਦੇ ਮਹਾਨ ਗੌਰਵਮਈ ਵਿਰਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਉੱਚਾ ਰੁਤਬਾ ਦਿੱਤਾ। ਇੱਥੋਂ ਤੱਕ ਕਿ ਜੰਗਾਂ ਮੌਕੇ ਵੀ 'ਆਸਾ ਦੀ ਵਾਰ' ਦਾ ਕੀਰਤਨ ਆਪ ਜੀ ਦੇ ਖੁਦ ਗਾਇਨ ਕਰਨ ਦੀਆਂ ਇਤਿਹਾਸਕ ਮਿਸਾਲਾਂ ਸਾਹਮਣੇ ਹਨ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਕੀਰਤਨ ਦਾ ਸਤਿਕਾਰ ਵਧਿਆ ਅਤੇ ਇਹ ਹਮੇਸ਼ਾ ਕਾਇਮ ਹੈ।

ਨਗਰ ਅਤੇ ਕੀਰਤਨ, ਦੋਹੇਂ ਸ਼ਬਦਾਂ ਦੇ ਜੋੜ ਤੋਂ 'ਨਗਰ ਕੀਰਤਨ' ਬਣਦਾ ਹੈ, ਜਿਸ ਦਾ ਭਾਵ ਹੈ ਵਿਸ਼ੇਸ਼ ਧਾਰਮਿਕ ਮੌਕਿਆਂ 'ਤੇ ਨਗਰ ਵਿਚ ਕੀਰਤਨ ਕਰਦੇ ਹੋਏ ਸਿੱਖੀ ਦੀ ਸ਼ੋਭਾ ਵਧਾਉਣੀ ਅਤੇ ਹੋਰਨਾ ਕੌਮਾਂ ਨੂੰ ਇਸ ਤੋਂ ਜਾਣੂ ਕਰਵਾਉਣਾ। ਇਸ ਦਾ ਖਾਸ ਨਿਯਮ ਇਹ ਹੈ ਕਿ ਨਗਰ ਕੀਰਤਨ ਸਜਾਉਂਦੇ ਹੋਏ, ਕੀਰਤਨ ਕਰਦਿਆਂ ਹੋਇਆਂ, ਨਗਰ ਵਿਚ ਦੀ ਗੁਜ਼ਰਨਾ। ਕਿਉਂਕਿ ਨਗਰ ਕੀਰਤਨ ਨਿਰੋਲ ਧਾਰਮਿਕ ਅਤੇ ਸਿੱਖੀ ਪ੍ਰਚਾਰ ਦਾ ਜ਼ਰੀਆ ਹੈ, ਇਸ ਕਰਕੇ ਨਗਰ ਕੀਰਤਨ ਵਿਚ ਸਿੱਖ ਵਿਰਸੇ ਨਾਲ ਸਬੰਧਤ ਧਾਰਮਿਕ ਪੱਖਾਂ ਨੂੰ ਜੋੜ ਕੇ ਵੇਖਿਆ ਜਾਂਦਾ ਹੈ, ਜਿਵੇਂ ਕਿ ਨਗਰ ਕੀਰਤਨ ਵਿਚ ਸਿੱਖਾਂ ਦੀ ਸ਼ਾਨਦਾਰ ਵਿਰਾਸਤ ਦਾ ਪ੍ਰਤੀਕ ਗੱਤਕਾ ਖੇਡਣਾ, ਜੋ ਕਿ ਤਖ਼ਤ ਸਾਹਿਬਾਨਾਂ ਤੋਂ ਲੈ ਕੇ ਹਰ ਗੁਰਦੁਆਰਾ ਸਾਹਿਬ ਤੱਕ ਮੌਜੂਦ ਹੈ। ਇਸ ਦੇ ਨਾਲ ਹੀ ਗੁਰਬਾਣੀ ਦੀ ਕਥਾ-ਵਿਚਾਰ, ਢਾਡੀ, ਕਵੀਸ਼ਰੀ ਪਰੰਪਰਾ, ਇਹ ਸਭ ਸਿੱਖੀ ਦੇ ਧਾਰਮਿਕ ਪੱਖ ਹਨ ਅਤੇ ਨਗਰ ਕੀਰਤਨ ਦਾ ਹਿੱਸਾ ਹਨ।

ਵਿਦੇਸ਼ਾਂ ਵਿਚ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਨਗਰ ਕੀਰਤਨ ਦੇ ਮੌਕੇ 'ਤੇ ਇਤਿਹਾਸ ਅਤੇ ਵਿਰਸੇ ਦੇ ਮਹੱਤਵ ਨੂੰ ਪੇਸ਼ ਕਰਦੇ ਪੁਸਤਕਾਂ ਜਾਂ ਪੰਫਲਿਟ, ਗੁਰਮੁਖੀ ਤੋਂ ਇਲਾਵਾ ਅੰਗਰੇਜ਼ੀ ਅਤੇ ਹੋਰਨਾਂ ਭਾਸ਼ਾਵਾ ਵਿਚ ਵੰਡੇ ਜਾਣ। ਨਗਰ ਕੀਰਤਨ ਦੇ ਸ਼ੋਭਨੀਕ ਸਰੂਪ ਦੀ ਮਹੱਤਤਾ ਇਹ ਵੀ ਹੈ ਕਿ ਸੰਗਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਮਗਰ ਤੁਰਨ, ਨਾ ਕਿ ਜ਼ਿਆਦਾ ਤਾਦਾਦ ਵਿਚ ਗੱਡੀਆਂ ਚੱਲਣ। ਚੱਲਦਿਆਂ ਹੋਇਆਂ ਇਹ ਵੀ ਖਿਆਲ ਰੱਖਿਆ ਜਾਏ ਕਿ ਅਸੀਂ ਗੁਰਬਾਣੀ ਤੇ ਨਗਰ ਕੀਰਤਨ ਦਾ ਸਤਿਕਾਰ ਕਰਦੇ ਹੋਏ ਸਿਰ ਢੱਕੇ ਹੋਣ ਅਤੇ ਕਿਸੇ ਵੀ ਕਿਸਮ ਦੇ ਨਸ਼ਾ ਸੇਵਨ ਤੋਂ ਮੁਕਤ ਹੋਣ।

ਸਿੱਖੀ ਵਿਚ ਨਸ਼ਾ ਵਿਵਰਜਤ ਹੈ ਅਤੇ ਇਹ ਮਨੋ ਬਿਰਤੀ ਦੇ ਨਾਲ ਨਾਲ ਸਿਹਤ ਅਤੇ ਮਾਹੌਲ ਵੀ ਖਰਾਬ ਕਰਦਾ ਹੈ। ਨਗਰ ਕੀਰਤਨ ਮੌਕੇ ਕਈ ਵਾਰ ਗੁਰਬਾਣੀ ਪ੍ਰਚਾਰ ਦੀ ਥਾਂ 'ਤੇ ਵੱਖ-ਵੱਖ ਫਲੋਟਾਂ 'ਤੇ ਵਪਾਰੀ ਕਾਰੋਬਾਰੀ ਪ੍ਰਚਾਰ ਸ਼ੁਰੂ ਹੋ ਜਾਂਦੇ ਹਨ, ਜਿਨ੍ਹਾਂ ਦਾ ਨਗਰ ਕੀਰਤਨ ਨਾਲ ਸਬੰਧ ਨਹੀਂ ਹੁੰਦਾ। ਅਜਿਹਾ ਕਰਨਾ ਨਗਰ ਕੀਰਤਨ ਸਰੂਪ ਅਤੇ ਪਰਿਭਾਸ਼ਾ ਦੇ ਬਿਲਕੁਲ ਉਲਟ ਹੈ ਅਤੇ ਇਸ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਨਗਰ ਕੀਰਤਨ ਦੌਰਾਨ ਸਟੇਜਾਂ ਤੋਂ ਭੰਗੜੇ ਜਾਂ ਗਿੱਧੇ ਆਦਿਕ ਨਾਚਾਂ ਦੀਆਂ ਪੇਸ਼ਕਾਰੀਆਂ ਨਗਰ ਕੀਰਤਨ ਦੇ ਸਰੂਪ ਦੇ ਬਿਲਕੁਲ ਅਨੁਕੂਲ ਨਹੀਂ। ਇਨ੍ਹਾਂ ਦੀ ਥਾਂ ਦਸਤਾਰਾਂ ਸਜਾਉਣ, ਬੀਰ-ਰਸੀ ਵਾਰਾਂ ਗਾਉਣ ਅਤੇ ਸਿੱਖ ਮਾਰਸ਼ਲ ਆਰਟਸ ਗੱਤਕੇ ਦੇ ਜੌਹਰ ਦਿਖਾਉਣ ਨੂੰ ਪ੍ਰਚਾਰਨਾ ਚਾਹੀਦਾ ਹੈ। ਲੋਕ ਨਾਚ ਪੰਜਾਬੀ ਸੱਭਿਆਚਾਰ ਦਾ ਹਿੱਸਾ ਹਨ ਅਤੇ ਇਨ੍ਹਾਂ ਦੀ ਪੇਸ਼ਕਾਰੀ ਨਗਰ ਕੀਰਤਨ ਦੀ ਜਗ੍ਹਾ, ਵੱਖਰੇ ਮੰਚ ਤੋਂ ਹੋਣੀ ਚਾਹੀਦੀ ਹੈ। ਇਹ ਨਾ ਵਿਵਾਦ ਦਾ ਵਿਸ਼ਾ ਹੋਣਾ ਚਾਹੀਦਾ ਹੈ ਤੇ ਨਾ ਹੀ ਇਸ 'ਤੇ ਕੋਈ ਸੁਆਲ ਹੀ ਉੱਠਣ ਦੀ ਗੁੰਜਾਇਸ਼ ਹੈ, ਕਿਉਂਕਿ ਨਗਰ ਕੀਰਤਨ ਦਾ ਭਾਵ ਕੀਰਤਨ ਤੋਂ ਹੈ, ਜੋ ਨਗਰ 'ਚੋਂ ਗੁਜ਼ਰਦਿਆਂ ਸ਼ਰਧਾ-ਸਤਿਕਾਰ ਅਤੇ ਪ੍ਰੇਮ -ਰਸ ਵਿਚ ਭਿੱਜ ਕੇ ਕੀਤਾ ਜਾਂਦਾ ਹੈ।

ਸਿੱਖ ਵਿਰਸੇ ਅਤੇ ਇਤਿਹਾਸ ਨਾਲ ਸਬੰਧਤ ਵਿਚਾਰਾਂ, ਨਗਰ ਕੀਰਤਨ ਦਾ ਮੂਲ ਮਨੋਰਥ ਹੋਣੀਆਂ ਚਾਹੀਦੀਆਂ ਹਨ, ਜਿੰਨਾਂ ਵਿਚ ਸਿੱਖ ਕੌਮ ਦੇ ਲੰਮੇ ਸੰਘਰਸ਼ ਅਤੇ ਚੁਣੌਤੀਆਂ ਸਬੰਧੀ ਖਾਲਸੇ ਦੇ ਨੁਕਤਾ-ਨਿਗਾਹ ਤੋਂ ਵਿਚਾਰਾਂ ਹੋਣ। ਇੱਥੇ ਇਹ ਚੰਗੀ ਗੱਲ ਹੈ ਕਿ ਜੇਕਰ ਵੱਖ- ਵੱਖ ਸਟੇਜਾਂ ਤੋਂ ਨਗਰ ਕੀਰਤਨ ਦੇ ਇਤਿਹਾਸਕ ਮਹੱਤਵ ਅਤੇ ਸਿੱਖੀ ਨਾਲ ਸਬੰਧਤ ਕਾਰਜਾਂ ਬਾਰੇ ਸੰਬੰਧਿਤ ਧਿਰਾਂ ਵੱਲੋਂ ਨਿਭਾਈਆਂ ਜਾ ਰਹੀਆਂ ਭੂਮਿਕਾਵਾਂ ਦੀ ਜਾਣਕਾਰੀ ਦਿੱਤੀ ਜਾਵੇ, ਨਾ ਕਿ ਨਿੱਜੀ ਪ੍ਰਚਾਰ ਨਗਰ ਕੀਰਤਨ ਦਾ ਕੇਂਦਰ ਬਿੰਦੂ ਹੋਣ।

ਸੰਗਤ ਰੂਪ ਵਿਚ ਨਗਰ ਕੀਰਤਨ ਦੀ ਪਰਿਭਾਸ਼ਾ ਅਤੇ ਸਰੂਪ ਦੇ ਅਨੁਕੂਲ ਚੱਲਦਿਆਂ ਇਹ ਯਤਨ ਹੋਵੇ ਕਿ ਇਹ ਮਨੋਰੰਜਨ ਦਾ ਕੇਂਦਰ ਬਿੰਦੂ ਨਾ ਹੋ ਕੇ, ਮਹਾਨ ਵਿਰਸੇ ਦੀ ਇਤਿਹਾਸਕ ਜਾਣਕਾਰੀ ਦਾ ਕੇਂਦਰ ਹੈ। ਅਜਿਹੀ ਸੋਚ ਨਾਲ ਹੀ ਨਗਰ ਕੀਰਤਨ ਵਿਚ ਸ਼ਾਮਲ ਹੋਇਆ ਜਾਵੇ।

ਨਗਰ ਕੀਰਤਨ ਮੌਕੇ ਥਾਂ-ਥਾਂ ਲੱਗੇ ਸਟਾਲਾਂ ਦੀ ਸੇਵਾ ਜਿੱਥੇ ਬਹੁਤ ਅਹਿਮ ਹੈ, ਉੱਥੇ ਇਹ ਵੀ ਖਿਆਲ ਰੱਖਿਆ ਜਾਵੇ ਕਿ 'ਨਿਰਾ ਭੋਜਨ ਵੰਡਣ' 'ਤੇ ਹੀ ਅਸੀਂ ਕੇਂਦਰਿਤ ਨਾ ਹੋ ਜਾਈਏ, ਸਗੋਂ 'ਸ਼ਬਦ ਦੇ ਲੰਗਰ' ਭਾਵ ਕਿਤਾਬਾਂ ਦੇ ਸਟਾਲ ਵੱਧ ਤੋਂ ਵੱਧ ਲਗਾਏ ਜਾਣ। ਕੌੜੀ ਸਚਾਈ ਹੈ ਕਿ ਨਗਰ ਕੀਰਤਨ ਮੌਕੇ ਵਧੇਰੇ ਲੋਕ ਭੋਜਨ ਦੇ ਸਟਾਲਾਂ 'ਤੇ ਹੀ ਇਕੱਤਰ ਹੁੰਦੇ ਹਨ। ਕਈ ਵਾਰ ਤਾਂ ਇੰਝ ਜਾਪਦਾ ਹੈ, ਜਿਵੇਂ ਹੱਦੋਂ ਵੱਧ ਖਾ ਕੇ ਇੱਕੋ ਦਿਨ ਵਿਚ ਸਾਰੀ ਭੁੱਖ ਪੂਰੀ ਕਰਨੀ ਹੋਵੇ। ਖਾਣ-ਪੀਣ ਦੇ ਸਟਾਲਾਂ ਵਿਚ ਵੀ ਪੌਸ਼ਟਿਕ ਭੋਜਨ ਦੀ ਥਾਂ, ਸੁਆਦਲੇ ਭੋਜਨ 'ਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਲੋਕ ਪੂੜੀਆਂ, ਸਮੋਸੇ, ਟਿੱਕੀਆਂ ਦੇ ਸਟਾਲਾਂ ਤੇ ਵੱਡੀ ਤਾਦਾਦ ਵਿਚ ਨਜ਼ਰ ਆਉਂਦੇ ਹਨ।

ਦੂਜੇ ਪਾਸੇ ਇਹ ਵੀ ਸੱਚ ਹੈ ਕਿ ਨਗਰ ਕੀਰਤਨ ਮੌਕੇ ਫ਼ਲ ਫਰੂਟ ਅਤੇ ਸਲਾਦ ਆਦਿ ਦੇ ਸਟਾਲਾਂ 'ਤੇ ਰੌਣਕ ਨਜ਼ਰ ਨਹੀਂ ਆਉਂਦੀ। ਤੇਲ ਵਾਲੀਆਂ ਚੀਜ਼ਾਂ ਅਤੇ ਸ਼ੂਗਰ ਵਾਲੇ ਪਦਾਰਥ ਇੱਕੋ ਦਿਨ ਵਿਚ ਖਾ ਕੇ ਲੋਕ ਕਿੰਨਾ ਸਰੀਰਕ ਨੁਕਸਾਨ ਕਰਦੇ ਹਨ, ਇਸ ਦਾ ਅੰਦਾਜ਼ਾ ਲਾਉਣਾ ਵੀ ਔਖਾ ਹੈ। ਇਸ ਤੋਂ ਇਲਾਵਾ ਖਾਣ-ਪੀਣ ਲਈ ਜਿੱਥੇ ਸਾਫ਼ ਸਫ਼ਾਈ ਦਾ ਖ਼ਿਆਲ ਰੱਖਣਾ ਬੜਾ ਉਚਿਤ ਹੈ, ਉੱਥੇ ਪਲਾਸਟਿਕ ਦੀ ਵਰਤੋਂ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਤ ਕਰਨਾ ਵੀ ਗਲਤ ਹੈ। ਇਸ ਤੋਂ ਗੁਰੇਜ਼ ਕੀਤਾ ਜਾਣਾ ਬਣਦਾ ਹੈ।

ਖਾਲਸਾ ਦਿਹਾੜੇ ਦੇ ਨਗਰ ਕੀਰਤਨ ਵਿਚ ਸਿੱਖ ਸੰਗਤਾਂ ਅਤੇ ਹੋਰਨਾਂ ਕੌਮਾਂ ਦੇ ਲੋਕਾਂ ਨੂੰ ਇਸ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਜਾਏ।

ਖ਼ਾਲਸਾ ਦਿਵਸ ਜਿੱਥੇ ਇੱਕ ਪਾਸੇ ਜ਼ਾਤ-ਪਾਤ ਦੇ ਵਿਤਕਰੇ ਨੂੰ ਸਦਾ ਲਈ ਖਤਮ ਕਰਨ ਦਾ ਸੁਨੇਹਾ ਹੈ, ਓਥੇ ਦੂਜੇ ਪਾਸੇ ਜ਼ਾਲਮ ਸਰਕਾਰ ਦੀ ਧੱਕੇਸ਼ਾਹੀ ਖ਼ਿਲਾਫ਼ ਸਿੱਖ ਇਨਕਲਾਬ ਹੈ। ਦੁੱਖ ਇਸ ਗੱਲ ਦਾ ਹੈ ਕਿ ਅੱਜ ਫਿਰ ਭਾਰਤ ਦਾ ਭਗਵਾਂਕਰਨ ਹੋ ਚੁੱਕਿਆ ਹੈ। ਮਨੂ ਸਮ੍ਰਿਤੀ ਤ੍ਰਿਸ਼ੂਲ ਚੁੱਕੀ ਫਿਰ ਰਹੀ ਹੈ। ਨਫਰਤ ਵਧ ਰਹੀ ਹੈ। ਉਚ ਜਾਤੀਏ ਦੱਬੇ-ਕੁਚਲੇ ਭਾਈਚਾਰੇ ਦੇ ਲੋਕਾਂ 'ਤੇ ਜ਼ੁਲਮ ਕਰ ਰਹੇ ਹਨ। ਘੱਟ ਗਿਣਤੀਆਂ ਦਾ ਘਾਣ ਹੋ ਰਿਹਾ ਹੈ। ਪੰਜਾਬ ਵਿਚ ਸੈਂਕੜੇ ਸਿੱਖ ਨੌਜਵਾਨਾਂ ਖ਼ਿਲਾਫ਼ ਕਾਲੇ ਕਾਨੂੰਨ ਨੈਸ਼ਨਲ ਸਕਿਉਰਟੀ ਐਕਟ ਆਦਿ ਲਗਾਏ ਜਾ ਰਹੇ ਹਨ। ਜਬਰ ਖਿਲਾਫ ਲਾਮਬੰਦ ਕਰਨ ਲਈ ਜ਼ਰੂਰੀ ਹੈ ਕਿ ਨਗਰ ਕੀਰਤਨ ਮੌਕੇ ਝਾਕੀਆਂ ਦੌਰਾਨ ਅਜਿਹੇ ਸਰਕਾਰੀ ਤਸ਼ੱਦਦ ਤੋਂ ਸਿੱਖ ਸੰਗਤਾਂ ਅਤੇ ਹੋਰਨਾਂ ਕੌਮਾਂ ਨੂੰ ਜਾਣੂੰ ਕਰਵਾਇਆ ਜਾਏ।

ਜ਼ੁਲਮ ਦੇ ਖਿਲਾਫ਼ ਇਤਿਹਾਸ ਅਤੇ ਵਿਰਸੇ ਬਾਰੇ ਗਿਆਨ ਦਾ ਪਾਸਾਰ ਕਰਨਾ ਨਗਰ ਕੀਰਤਨ ਦਾ ਮਨੋਰਥ ਹੈ, ਨਾ ਕਿ ਮੌਜ-ਮੇਲਿਆਂ ਨੂੰ ਨਗਰ ਕੀਰਤਨ ਆਖਣਾ ਠੀਕ ਹੈ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਖਾਲਸਾ ਸੰਪੂਰਨਤਾ ਦਿਹਾੜੇ ਦੇ ਮੁਕੰਮਲ ਇਤਿਹਾਸ ਤੋਂ ਭਾਵਪੂਰਤ ਢੰਗ ਨਾਲ ਜਾਣੂ ਕਰਵਾਇਆ ਜਾਣਾ ਬਹੁਤ ਜ਼ਰੂਰੀ ਹੈ। ਇਹ ਤਦ ਹੀ ਹੋ ਸਕਦਾ ਹੈ ਜੇ ਸਾਨੂੰ ਆਪ ਨੂੰ ਆਪਣੇ ਮਹਾਨ ਵਿਰਸੇ ਦੀ ਸੋਝੀ ਹੋਵੇ। ਜਿਹੜੇ ਸਕੂਲਾਂ-ਅਕੈਡਮੀਆਂ ਦੇ ਬੱਚੇ ਇਤਿਹਾਸ ਦੀ ਜਾਣਕਾਰੀ ਨਾਲ ਸਜ-ਧਜ ਕੇ ਖਾਲਸਾਈ ਪਹਿਰਾਵੇ ਵਿਚ ਨਗਰ ਕੀਰਤਨ ਦੀ ਸ਼ੋਭਾ ਵਧਾਉਂਦੇ ਹਨ, ਉਨ੍ਹਾਂ ਦੇ ਮਾਪੇ ਅਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ।

ਨਗਰ ਕੀਰਤਨ ਵਿਚ ਸ਼ਾਮਿਲ ਹੋਣ ਮੌਕੇ ਹਉਮੈ, ਹੰਕਾਰ ਅਤੇ ਕ੍ਰੋਧ ਦੀ ਥਾਂ ਨਿਮਰਤਾ, ਸਤਿਕਾਰ ਅਤੇ ਪ੍ਰੇਮ ਨਾਲ ਸ਼ਾਮਿਲ ਹੋਣਾ ਚਾਹੀਦਾ ਹੈ। ਤਦ ਹੀ ਅਸੀਂ ਨਗਰ ਕੀਰਤਨ ਦੀ ਸ਼ਾਨ ਅਤੇ ਗੁਰੂ ਦੇ ਸਤਿਕਾਰ ਦੇ ਧਾਰਨੀ ਹੋ ਸਕਦੇ ਹਾਂ ਅਤੇ ਫਖ਼ਰ ਨਾਲ ਆਖ ਸਕਦੇ ਹਾਂ :

''ਵਾਹਨ ਸ਼ਿੰਗਾਰੇ ਰਹੈਂ, ਬਾਜਤ ਨਗਾਰੇ ਰਹੈਂ,
ਵੈਰੀ ਭੂਮੀ ਡਾਰੇ ਰਹੈਂ, ਮੂੰਡ ਯੁਤ ਤਾਜ ਕੇ।
ਸੰਗਤੇਂ ਆਬਾਦ ਰਹੈਂ, ਆਵਤੇ ਪ੍ਰਸਾਦਿ ਰਹੈਂ,
ਬਾਢੇ ਅਹਿਲਾਦ ਰਹੈਂ, ਧਰਮ ਸੁ ਕਾਜ ਕੇ।
ਗੱਦੀਆਂ ਅਟੱਲ ਰਹੈਂ, ਚੌਕੀਆਂ ਅਚੱਲ ਰਹੈਂ,
ਬੁੰਗੇ ਝਲਾ ਝੱਲ ਰਹੈਂ, ਸਹਿਤ ਸਮਾਜ ਕੇ।
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ,
ਝੂਲਦੇ ਨਿਸ਼ਾਨ ਰਹੈਂ, ਪੰਥ ਮਹਾਰਾਜ ਕੇ।''
(ਗਿਆਨੀ ਗਿਆਨ ਸਿੰਘ, ਪੁਰਾਤਨ ਪੰਥ ਪ੍ਰਕਾਸ਼)

ਦੂਜੇ ਪਾਸੇ ਨਗਰ ਕੀਰਤਨ ਮੌਕੇ ਆਤਮ-ਪੜਚੋਲ ਕਰਨੀ ਜ਼ਰੂਰੀ ਹੈ। ਸਿੱਖੀ ਦੇ ਸਿਧਾਂਤਾਂ ਤੋਂ ਦੂਰ ਹੋ ਕੇ ਸਿੱਖ ਸਮਾਜ ਵਿਚ ਵੱਧ ਰਹੀ ਗਿਰਾਵਟ, ਸਿੱਖ ਸੰਸਥਾਵਾਂ ਉਪਰ ਕਾਬਿਜ ਪਰਿਵਾਰਵਾਦ ਅਤੇ ਸਿੱਖੀ ਅਸੂਲਾਂ ਤੋਂ ਖਿੜਕੀ ਹੋਈ ਲੀਡਰਸ਼ਿਪ ਬਾਰੇ ਚਿੰਤਾ, ਗੌਰ ਕਰਨਯੋਗ ਹੈ। ਪ੍ਰੋਫੈਸਰ ਆਫ ਸਿੱਖਿਜ਼ਮ ਅਤੇ ਉੱਘੇ ਸਿੱਖ ਵਿਦਵਾਨ ਸਿਰਦਾਰ ਕਪੂਰ ਸਿੰਘ ਹੁਰਾਂ ਨੇ 1974 ਵਿਚ ਇਹ ਵਿਅੰਗ ਭਰਪੂਰ ਤੇ ਕਟਾਕਸ਼ਮਈ ਕਵਿਤਾ ਲਿਖੀ ਸੀ, ਜੋ ਕਿ ਭਾਈ ਗਿਆਨ ਸਿੰਘ ਦੀ ਕਾਵਿ ਰਚਨਾ ਦੇ ਸੰਦਰਭ ਨੂੰ ਅਜੋਕੇ ਚਿੰਤਾਜਨਕ ਹਾਲਾਤ ਵਿਚ ਪੇਸ਼ ਕਰਦੀ ਹੈ;

''ਸ਼੍ਰੋਮਣੀ ਹਮਾਰੀ ਰਹੇ, ਸੇਵਾ ਚੰਦਾ ਜਾਰੀ ਰਹੇ,
ਸੰਘ ਨਾਲ ਯਾਰੀ ਰਹੇ, ਥੱਲੇ ਆਰੀਆ ਸਮਾਜ ਕੇ।
ਸਿੱਖੀ ਕੀ ਨਾ ਬਾਤ ਚਲੇ, ਪੰਥ ਕੀ ਨਾ ਗਾਥ ਚਲੇ,
ਲੂਟ ਦੋਨੋਂ ਹਾਥ ਚਲੇ, ਸੰਗ ਸਾਜ ਬਾਜ ਕੇ।
ਅਕਲ ਦੀ ਨਾ ਗੱਲ ਰਹੇ, ਇੱਕੋ 'ਕਾਲੀ ਦਲ ਰਹੇ,
ਨਿੱਤ ਤਰਥੱਲ ਰਹੇ, ਜ਼ਿੰਦਾਬਾਦ ਗਾਜ ਕੇ।
ਝੰਡੀ ਵਾਲੀ ਕਾਰ ਰਹੇ, ਫੂਲਨ ਕੇ ਹਾਰ ਰਹੇਂ,
ਗੋਲਕੇਂ ਭਰਪੂਰ ਕਰੇਂ, ਸਿੱਖ ਭਾਜ-ਭਾਜ ਕੇ।
ਪੰਥ ਦੇ ਦਰਦ ਹਿੱਤ, ਬੁੱਧੀ ਕੀ ਜੋ ਸੇਧ ਦੇਵੇ,
ਨਿਕਟ ਨਾ ਆਣੇ ਪਾਵੇ, ਰਾਜ ਭਾਗ ਕਾਜ ਕੇ।
ਜਥੇਦਾਰ ਕਹਿਤ, 'ਬਿਰਾਜੋ, ਮਤ ਭਾਜੋ, ਸਿੱਖੋ,
ਝੂਲਤੇ ਨਿਸ਼ਾਨ ਰਹੇਂ, ਪੰਥ ਮਹਾਰਾਜ ਕੇ।''

'ਖ਼ਾਲਸਾ' ਦਿਹਾੜੇ 'ਤੇ ਇਸ ਪੱਖ ਤੋਂ ਵਿਚਾਰ ਅਹਿਮ ਹੈ ਕਿ ਗੁਰੂ ਨਾਨਕ ਸਾਹਿਬ ਵੱਲੋਂ ਸਾਜੀ ਸਿੱਖੀ ਨੂੰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨ ਖ਼ਾਲਸਾ ਦਾ ਸਰੂਪ ਬਖਸ਼ਿਆ। ਇਸ ਦੀ ਵਿਲੱਖਣਤਾ ਸੰਸਾਰ ਪੱਧਰ 'ਤੇ ਮਨੁੱਖੀ ਹੱਕਾਂ, ਮਾਨਵੀ ਬਰਾਬਰੀ ਅਤੇ ਸਰਬੱਤ ਦੇ ਭਲੇ ਪੱਖੋਂ ਉਜਾਗਰ ਹੋਣਾ ਹੀ 'ਸਿੱਖ ਵਿਰਾਸਤ ਦਿਹਾੜਾ' ਸਹੀ ਅਰਥਾਂ ਵਿਚ ਮਨਾਉਣਾ ਕਿਹਾ ਜਾ ਸਕਦਾ ਹੈ।

# ਵਿਸਾਖੀ ਅਤੇ ਗੁਰੂ ਨਾਨਕ ਦੇਵ ਜੀ

**ਡਾ. ਆਸਾ ਸਿੰਘ ਘੁੰਮਣ**
**ਫੋਨ: 97798-53245**

ਹਿੰਦੂ ਬਿਕਰਮੀ ਸੰਮਤ ਦੇ ਸੂਰਜੀ ਵਰ੍ਹੇ ਦਾ ਆਗਾਜ਼ ਵਿਸਾਖ ਮਹੀਨੇ ਨਾਲ ਹੁੰਦਾ ਹੈ ਅਤੇ ਅੰਜਾਮ ਚੇਤ ਮਹੀਨੇ ਨਾਲ। ਇਸ ਤਰ੍ਹਾਂ ਵਿਸਾਖ ਦਾ ਪਹਿਲਾ ਦਿਨ ਸੂਰਜੀ ਵਰ੍ਹੇ ਦਾ ਵੀ ਪਹਿਲਾ ਦਿਨ ਹੁੰਦਾ ਹੈ ਜੋ ਕਿ ਉੱਤਰੀ ਭਾਰਤ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਵਿਚ ਸਦੀਆਂ ਤੋਂ ਵਿਸਾਖੀ/ਬੈਸਾਖੀ ਦੇ ਤਿਉਹਾਰ ਕਰਕੇ ਜਾਣਿਆ ਜਾਂਦਾ ਹੈ। ਬਸੰਤ ਰੁੱਤ ਦੀ ਫਸਲ, ਕਣਕ, ਪੱਕਣ 'ਤੇ ਆਈ ਹੁੰਦੀ ਹੈ ਅਤੇ ਉਸਦੇ ਸੁੱਖੀਂ=ਸਾਂਦੀ ਘਰ ਆਉਣ ਦੀਆਂ ਅਰਦਾਸਾਂ ਕੀਤੀਆਂ ਜਾਂਦੀਆਂ ਹਨ। ਸ਼ੁਕਰਾਨੇ ਵਜੋਂ ਅਤੇ ਹੁਲਾਸ ਵਜੋਂ ਇਹ ਦਿਹਾੜਾ ਨਾਮ, ਦਾਨ, ਇਸ਼ਨਾਨ ਲਈ ਬੜਾ ਸ਼ੁੱਭ ਸਮਝਿਆ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਬਦ-ਰੂਹਾਂ ਨੂੰ ਭਜਾਉਣ ਲਈ ਵਿਸ਼ੇਸ਼ ਤੌਰ ਤੇ ਕਿਰਤੀ-ਕਿਸਾਨ ਇਕੱਠੇ ਹੋ ਕੇ ਉੱਚੀ ਉੱਚੀ ਅਵਾਜ਼ ਵਿਚ ਬੋਲੀਆਂ ਪਾਉਂਦੇ ਸਨ ਅਤੇ ਆਸਥਿਕ ਰਸਮ ਵਜੋਂ ਭੰਗੜਾ ਪਾਉਂਦੇ ਸਨ ਜੋ ਸਮਾਂ ਪਾ ਕੇ ਖੁਸ਼ੀਆਂ ਦਾ ਨਾਚ ਬਣ ਗਿਆ। ਪੰਜਾਬ ਵਿਚ ਵੱਗਦੇ ਪਾਣੀਆਂ ਦੇ ਕੰਢਿਆਂ 'ਤੇ ਵੱਸਦੇ ਕਈ ਸ਼ਹਿਰਾਂ/ਕਸਬਿਆਂ ਵਿਚ ਵਿਸਾਖੀ ਦੇ ਮੇਲੇ ਲੱਗਣ ਲੱਗੇ ਜਿੱਥੇ ਸਮੂਹਿਕ ਖੁਸ਼ੀ ਵਿਚ ਭੰਗੜੇ ਪਾਏ ਜਾਂਦੇ ਅਤੇ ਖ਼ਾਸ ਤੌਰ 'ਤੇ ਮਿੱਠੇ ਪਕਵਾਨ, ਲਡੂ-ਜਲੇਬੀਆਂ ਆਦਿ ਖਾਧੇ ਜਾਂਦੇ। ਇਸ ਦਿਨ ਕਣਕ ਭਾਵੇਂ ਕੱਚੀ ਹੋਵੇ ਜਾਂ ਪੱਕੀ, ਉਸਨੂੰ ਦਾਤਰੀ ਲਾ ਕੇ ਵਾਢੀ ਦਾ ਸ਼ਗਨ ਕਰ ਦਿੱਤਾ ਜਾਂਦਾ ਹੈ।


ਸਭਿਆਚਾਰਕ ਮਹੱਤਵ ਰੱਖਦਾ ਇਹ ਤਿਉਹਾਰ ਗੁਰੂ ਨਾਨਕ ਦੇਵ ਜੀ ਦੇ ਆਗਮਨ ਉਪਰੰਤ ਸਿੱਖ ਜਗਤ ਵਿਚ ਧਾਰਮਿਕ ਰੰਗਤ ਵਿਚ ਰੰਗਿਆ ਗਿਆ। ਇਹ ਸਮਝਿਆ ਜਾਂਦਾ ਹੈ ਕਿ ਭਾਈ ਗੁਰਦਾਸ ਜੀ ਦੁਆਰਾ ਰਚਿਤ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਬਿਆਨਦੀ ਪਹਿਲੀ ਵਾਰ ਵਿਚ ਇਹ ਤੁਕ 'ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ' ਸਪਸ਼ਟ ਸੰਕੇਤ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ-ਦਿਹਾੜਾ ਵਿਸਾਖੀ ਸੀ। 'ਵਿਸੋਆ' ਦਾ ਅਰਥ ਵਿਸਾਖੀ ਹੀ ਹੁੰਦਾ ਹੈ।

ਸਵਰਗਵਾਸੀ ਪਾਲ ਸਿੰਘ ਪੁਰੇਵਾਲ ਨੇ ਬੜੀ ਮਿਹਨਤ ਨਾਲ ਤਿਆਰ ਕੀਤੇ 'ਨਾਨਕਸ਼ਾਹੀ ਕੈਲੰਡਰ' ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ-ਦਿਹਾੜਾ ਵਿਸਾਖੀ ਸਾਬਤ ਕਰਣ ਲਈ ਆਪਣੀ ਪੂਰੀ ਵਾਹ ਲਾ ਦਿਤੀ ਹੈ। ਉਹ ਆਪਣੀ ਦਲੀਲ ਸਹੀ ਸਾਬਤ ਕਰਨ ਲਈ ਜਨਮ-ਸਾਖੀਆਂ ਦਾ ਵੀ ਹਵਾਲਾ ਦਿੰਦੇ ਹਨ। ਉਨ੍ਹਾਂ ਅਨੁਸਾਰ ਜਨਮ-ਸਾਖੀ ਭਾਈ ਮਿਹਰਬਾਨ, ਜਨਮ-ਸਾਖੀ ਭਾਈ ਮਨੀ ਸਿੰਘ ਅਤੇ ਭਾਈ ਵੀਰ ਸਿੰਘ ਸੰਪਾਦਿਤ ਪੁਰਾਤਨ ਜਨਮ-ਸਾਖੀ ਅਨੁਸਾਰ ਗੁਰੂ ਜੀ ਦਾ ਜਨਮ-ਦਿਹਾੜਾ ਵਿਸਾਖੀ ਹੀ ਹੈ ਜਦੋਂਕਿ ਅਸਲੀਅਤ ਤਾਂ ਇਹ ਹੈ ਕਿ ਜਨਮ-ਸਾਖੀਆਂ ਗੁਰੂ ਜੀ ਦਾ ਜਨਮ '1526 ਦਿਨ ਮਾਹ ਵਿਸਾਖ ਥਿਤਿ ਤ੍ਰਿਤਿਆ ਚਾਨਣੀ ਕਉ' ਮੰਨਦੀਆਂ ਹਨ। ਬਹੁ-ਗਿਣਤੀ ਸਿੱਖ ਵਿਦਵਾਨ ਗੁਰੂ ਜੀ ਦਾ ਜਨਮ-ਦਿਹਾੜਾ ਵਿਸਾਖ ਮਹੀਨਾ ਮੰਨਦੇ ਹਨ।

ਸਰੂਪ ਦਾਸ ਭਲਾ ਦੇ 'ਮਹਿਮਾ ਪ੍ਰਕਾਸ਼' ਅਨੁਸਾਰ ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਦੇ ਸੁਝਾਅ 'ਤੇ ਗੁਰੂ ਨਾਨਕ ਦੇਵ ਜੀ ਦੇ ਅਵਤਾਰ-ਪੁਰਬ ਦੇ ਸੰਬੰਧ ਵਿਚ ਵਿਸਾਖੀ ਦੇ ਦਿਹਾੜੇ 'ਤੇ ਗੋਇੰਦਵਾਲ ਸਾਹਿਬ ਵਿਖੇ ਮਹਾਂ-ਸਮਾਗਮ ਰਚਾਇਆ ਅਤੇ ਸਮਾਂ ਪਾ ਕੇ ਅਜਿਹੇ ਸਮਾਗਮ ਹੋਰ ਸਿੱਖ ਧਾਰਮਿਕ ਅਸਥਾਨਾਂ 'ਤੇ ਵੀ ਮਨਾਏ ਜਾਣੇ ਸ਼ੁਰੂ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖ਼ਾਲਸਾ ਸਾਜਨਾ ਦਿਵਸ ਲਈ ਵਿਸਾਖੀ ਦਾ ਦਿਹਾੜਾ ਏਸੇ ਕਰਕੇ ਚੁਣਿਆ ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਆਗਮਾਨ-ਪੁਰਬ ਹੋਣ ਕਰਕੇ ਸੰਗਤਾਂ ਅਜਿਹੇ ਮੌਕੇ 'ਤੇ ਵੱਡੀ ਗਿਣਤੀ ਵਿਚ ਗੁਰਧਾਮਾਂ 'ਤੇ ਇਸ਼ਨਾਨ ਕਰਨ ਲਈ ਪਹੁੰਚਦੀਆਂ ਸਨ।

ਕਰਮ ਸਿੰਘ ਹਿਸਟੋਰੀਅਨ ਆਪਣੀ ਪੁਸਤਕ 'ਕੱਤਕ ਕਿ ਵਿਸਾਖ' ਅਤੇ 'ਗੁਰਪੁਰਬ ਨਿਰਣਯ' ਵਿਚ ਦਲੀਲਾਂ ਸਹਿਤ ਅਤੇ ਟੇਵਿਆਂ ਦੀ ਸਹਾਇਤਾ ਨਾਲ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਗੁਰੂ ਜੀ ਦਾ ਜਨਮ ਭਾਵੇਂ ਵਿਸਾਖ ਸੁਦੀ ਤਿੰਨ ਬਿਕਰਮੀ 1526 ਅਰਥਾਤ 15 ਅਪਰੈਲ 1469, ਸ਼ਨਿੱਚਰਵਾਰ ਨੂੰ ਹੋਇਆ ਸੀ ਪਰ ਉਨ੍ਹਾਂ ਅਨੁਸਾਰ ਸੰਮਤ 358 ਤੋਂ ਲੈ ਕੇ ਸੰਮਤ 1958 ਤੱਕ ਸੋਲਾਂ ਸੌ ਸਾਲ ਵਿਚ 32 ਵਰ੍ਹੇ ਐਸੇ ਆਏ ਹਨ ਜਦ ਕਿ ਚੇਤ ਸੁਦੀ ਪਹਿਲੀ ਨੂੰ ਵਿਸਾਖੀ ਆਉਂਦੀ ਰਹੀ ਹੈ। ਇਸ ਤੋਂ ਛੁੱਟ ਦੋ ਸੰਮਤ ਐਸੇ ਵੀ ਆਏ ਹਨ ਜਦ ਕਿ ਚੇਤ ਸੁਦੀ ਪਹਿਲੀ ਨੂੰ ਵਿਸਾਖੀ ਆਉਂਦੀ ਰਹੀ। ਦੂਜੇ ਪਾਸੇ ਪੁਰੇਵਾਲ ਅਨੁਸਾਰ ਜਿਸ ਟੇਵੇ ਦੇ ਅਧਾਰ 'ਤੇ ਕਰਮ ਸਿੰਘ ਹਿਸਟੋਰੀਅਨ ਨੇ ਇਹ ਨਤੀਜੇ ਕੱਢੇ ਹਨ, ਉਹ ਟੇਵਾ ਹੀ ਗਲਤ ਹੈ।

ਖ਼ੈਰ, ਕਰਮ ਸਿੰਘ ਹਿਸਟੋਰੀਅਨ ਦਾ ਕਥਨ ਇੱਕ ਹੋਰ ਪੱਖ ਤੋਂ ਠੀਕ ਲੱਗਦਾ ਹੈ। ਵਿਦਵਾਨਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਾਰੀਆਂ ਹੀ ਜਨਮ-ਸਾਖੀਆਂ, ਸਮੇਤ ਜਨਮ-ਸਾਖੀ ਭਾਈ ਬਾਲਾ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਭਾਈ ਗੁਰਦਾਸ ਜੀ ਦੀ ਵਾਰ ਤੋਂ ਬਾਅਦ ਲਿਖੀਆਂ ਗਈਆਂ ਹਨ। ਜੇ ਭਾਈ ਗੁਰਦਾਸ ਜੀ ਦੇ ਸਮੇਂ ਤੱਕ 'ਵਿਸੋਆ' ਗੁਰੂ ਨਾਨਕ ਦੇਵ ਜੀ ਦਾ ਆਗਮਾਨ ਪੁਰਬ ਵਜੋਂ ਮਨਾਇਆ ਜਾਣਾ ਸਥਾਪਤ ਹੋ ਗਿਆ ਸੀ ਤਾਂ ਜਨਮ-ਸਾਖੀਆਂ ਨੇ ਗੁਰੂ ਜੀ ਦਾ ਜਨਮ-ਦਿਹਾੜਾ ਇਸ ਤਿਉਹਾਰ ਨਾਲ ਜੋੜਨਾ ਕਿਉਂ ਵਾਜਬ ਨਾ ਸਮਝਿਆ?




ਅਸਲੀਅਤ ਇਹੀ ਲੱਗਦੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਆਗਮਨ-ਪੁਰਬ ਵਿਸਾਖੀ ਨਹੀਂ ਸੀ ਹਾਲਾਂਕਿ ਇਹ ਵਿਸਾਖ ਮਹੀਨੇ ਵਿਚ ਵਿਸਾਖੀ ਦੇ ਲਾਗੇ ਬੰਨੇ ਹੋਣ ਕਰਕੇ ਸਿੱਖ-ਸੰਗਤਾਂ ਵੱਲੋਂ ਵਿਸਾਖੀ ਨੂੰ ਮਨਾਇਆ ਜਾਣਾ ਸ਼ੁਰੂ ਹੋ ਗਿਆ। ਕਦੋਂ ਵਿਸਾਖੀ ਤੋਂ ਕੱਤਕ ਪੂਰਨਮਾਸ਼ੀ ਦੀ ਪਰੰਪਰਾ ਸ਼ੁਰੂ ਹੋਈ ਉਹ ਵੱਖਰਾ ਵਿਸ਼ਾ ਹੈ।

## ਦਮਦਮਾ ਸਾਹਿਬ ਦੀ ਵਿਸਾਖੀ

ਆਈ ਵਿਸਾਖੀ ਖੁਸ਼ੀਆਂ ਵਾਲ਼ੀ,
ਦਮਦਮਾ ਸਾਹਿਬ ਨੂੰ ਚੱਲੀਏ।
ਤਖ਼ਤ ਸਾਹਿਬ ਚੱਲ ਟੇਕੀਏ ਮੱਥਾ,
ਨਾਲ ਸੰਗਤ ਦੇ ਰਲ਼ੀਏ।

ਆਏ ਏਥੇ ਸਨ ਦਸਮ ਪਾਤਸ਼ਾਹ,
ਚੱਲ ਕੇ ਢਾਬ ਖਿਦਰਾਣਾ।
ਨੌਂ ਮਹੀਨੇ ਨੌਂ ਦਿਨ ਸਤਿਗੁਰ,
ਕੀਤਾ ਇੱਥੇ ਟਿਕਾਣਾ।

ਲੰਮੇ ਸਮੇਂ ਦੇ ਯੁੱਧਾਂ ਪਿੱਛੋਂ,
ਕੀਤਾ ਗੁਰ ਬਿਸਰਾਮ।
ਏਸ ਜਗ੍ਹਾ ਨੂੰ ਸਤਿਗੁਰ ਦਿੱਤਾ,
ਤਖ਼ਤ ਚੌਥੇ ਦਾ ਨਾਮ।

ਭਾਈ ਡੱਲੇ ਨੂੰ ਦਾਤੇ ਨੇ,
ਦਿੱਤੀ ਸੀ ਵਡਿਆਈ।
ਸਿੰਘ ਸਜਾ ਕੇ ਗਲ਼ ਨਾਲ ਲਾਇਆ,
ਉਸਦੀ ਪੈਜ ਰਖਾਈ।

ਮੌਜ 'ਚ ਆ ਕੇ ਦਸਮ ਗੁਰੂ ਨੇ,
ਕਈ ਕੌਤਕ ਸਨ ਕੀਤੇ।
ਸੰਗਤ ਨੇ ਵੀ ਦਾਤੇ ਕੋਲੋਂ,
ਘੁੱਟ ਅੰਮ੍ਰਿਤ ਦੇ ਪੀਤੇ।

'ਗੁਰੂ ਕਾਸ਼ੀ' ਅਖਵਾਏ ਧਰਤੀ,
ਖੁੱਲ੍ਹੇ ਕਈ ਵਿਦਿਆਲੇ।
ਗੁਰ-ਦਾਤੇ ਦੀ ਅਜ਼ਮਤ ਤੋਂ,
ਸਭ ਹੁੰਦੇ ਜਾਣ ਨਿਹਾਲੇ।

ਮੇਲੇ ਵਾਲੇ ਦਿਨਾਂ ਨੂੰ ਏਥੇ,
ਲੱਗਣ ਅਜਬ ਬਹਾਰਾਂ।
ਗੁਰ-ਦਰਬਾਰ 'ਚ ਮੱਥਾ ਟੇਕਣ,
ਬੰਨ੍ਹਣੀਆਂ ਪੈਣ ਕਤਾਰਾਂ।

ਚੋਜੀ ਪ੍ਰੀਤਮ ਕੋਲੋਂ ਓਹੀ,
ਮਨਇੱਛਿਤ ਫ਼ਲ ਪਾਵੇ।
ਸ਼ਰਧਾ ਨਾਲ਼ 'ਸ਼ਨਾਨ ਕਰੇ,
ਤੇ ਸੱਚੇ ਦਿਲੋਂ ਧਿਆਵੇ।

ਸਰਕਸ, ਝੂਲੇ, ਖਾਣ-ਪੀਣ ਦੀਆਂ,
ਸਜੀਆਂ ਬਹੁਤ ਦੁਕਾਨਾਂ।
ਲੋਕਾਂ ਦੇ ਇਸ ਅਜਬ ਜਲੌਅ ਨੂੰ,
ਖੜ੍ਹ ਕੇ ਵੇਖ ਜਵਾਨਾ।

ਕਿਧਰੇ ਕਵੀ, ਕਵੀਸ਼ਰ ਕਿਧਰੇ,
ਢਾਡੀ ਵਾਰਾਂ ਗਾਉਂਦੇ।
ਮੱਲ 'ਖਾੜੇ ਵਿਚ ਦੂਰ ਪਰ੍ਹੇ,
ਇੱਕ-ਦੂਜੇ ਨੂੰ ਪਏ ਢਾਹੁੰਦੇ।

ਦਸਮ ਪਿਤਾ ਦੇ ਦਰ ਤੇ ਸਾਰੇ,
ਆਓ ਸੀਸ ਝੁਕਾਈਏ!
ਧੰਨ ਗੁਰੂ, ਧੰਨ ਅੰਮ੍ਰਿਤ-ਦਾਤਾ,
ਨਾ਼ਲ ਰੂਹੀ ਦੇ ਗਾਈਏ।

---

## ਤਲਵੰਡੀ ਸਾਬੋ ਦੀ ਵਿਸਾਖੀ

ਆਈ ਹੈ ਵਿਸਾਖੀ ਤਲਵੰਡੀ ਚੱਲੀਏ
ਦੋਸਤਾਂ, ਯਾਰਾਂ ਨੂੰ ਵੀ ਸੁਨੇਹੇ ਘੱਲੀਏ।

ਏਥੇ ਆਏ ਸਨ ਸਾਡੇ ਦਸਮ ਪਿਤਾ
ਗੁਰੂ ਗ੍ਰੰਥ ਸਾਰਾ ਉਨ੍ਹਾਂ ਦਿੱਤਾ ਸੀ ਲਿਖਾ।

ਬਚੀ ਹੋਈ ਸਿਆਹੀ ਨਾ਼ਲੇ ਸਭ ਕਲਮਾਂ
ਪਾਣੀ ਵਿਚ ਸਾਰਾ ਕੁਝ ਦਿੱਤਾ ਸੀ ਵਹਾਅ।
'ਗੁਰੂ ਕਾਸ਼ੀ' ਬਣੂੰ ਇਹ ਦਿੱਤਾ ਵਰਦਾਨ
ਬਣਨਗੇ ਕਵੀ ਨਾ਼ਲੇ ਲੇਖਕ ਮਹਾਨ।

ਸ਼ਰਧਾ ਦੇ ਨਾਲ ਜਿਹੜਾ ਗੁਰੂ ਨੂੰ ਧਿਆਵੇ
ਮਨ-ਮੰਗੀਆਂ ਮੁਰਾਦਾਂ ਸਾਰੀਆਂ ਉਹ ਪਾਵੇ।

ਹਰ ਸਾਲ ਏਥੇ ਮੇਲਾ ਲੱਗਦਾ ਹੈ ਭਾਰੀ
ਦੂਰੋਂ-ਦੂਰੋਂ ਆਉਂਦੇ ਲੋਕੀਂ ਖਿੱਚ ਕੇ ਤਿਆਰੀ।

ਮੇਲੇ ਵਿਚ ਛੋਟੇ-ਵੱਡੇ ਝੂਟਦੇ ਚੰਡੋਲਾਂ
ਹੱਸਦੇ ਤੇ ਗਾਉਂਦੇ, ਨਾ਼ਲੇ ਕਰਦੇ ਕਲੋਲਾਂ।

ਕਈ ਥਾਈਂ ਮੇਲੇ ਵਿਚ ਲੱਗਣ ਨੁਮਾਇਸ਼ਾਂ
ਬੱਚੇ ਕਰਦੇ ਨੇ ਅੱਡ-ਅੱਡ ਫਰਮਾਇਸ਼ਾਂ।

ਅੱਡੋ-ਅੱਡ 'ਕੱਠ ਕਰੇ ਹਰ ਪਾਰਟੀ
ਕਹਿਣ ਦੂਜੇ ਤਾਈਂ ਥੋਨੂੰ ਜਾਣਦੇ ਅਸੀਂ।

## ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ

ਦੂਰ ਪਰ੍ਹੇ ਇੱਕ ਪਾਸੇ ਢੋਲ ਵੱਜਿਆ
ਜਾਪਦਾ ਹੈ ਸਾਰਾ ਮੇਲਾ ਓਥੇ ਲੱਗਿਆ।

ਵਿਕਦੇ ਪਕੌੜੇ ਵਿਚ ਬਣੇ ਤੇਲ ਦੇ
'ਰੂਹੀ' ਖਾਵੇ ਮਜ਼ੇ ਨਾਲ ਕਈ ਮੇਲ ਦੇ।

ਆਖਦੀ 'ਰਮਨ' ਮੈਂ ਲੰਗਰ ਛਕਣਾ
ਭੁੱਖੇ ਢਿੱਡ ਰਹਿ ਕੇ ਨਹੀਂਓਂ ਮੇਲਾ ਵੇਖਣਾ।

ਹੁਣ ਹਰ ਸਾਲ ਤਲਵੰਡੀ ਜਾਵਾਂਗੇ
'ਨਵ-ਦੀਪ' ਨਾਲ ਹੀ ਮੇਲਾ ਮਨਾਵਾਂਗੇ।
ਹਰ ਵੇਲੇ ਪ੍ਰਭੂ ਆਪਣਾ ਧਿਆਈਏ ਜੀ
ਮੇਲਿਆਂ ਨੂੰ ਨਾ਼ਲ ਸ਼ਰਧਾ ਮਨਾਈਏ ਜੀ।

***-ਪ੍ਰੋ. ਨਵ ਸੰਗੀਤ ਸਿੰਘ***

## *ਉਸ ਪੰਥ ਸਜਾਇਆ ਏ*

ਉਸ ਪੰਥ ਸਜਾਇਆ ਏ, ਤੇਗਾਂ ਦੀਆਂ ਧਾਰਾਂ 'ਤੇ।
ਰੰਗ ਨਵਾਂ ਚੜ੍ਹਾ ਦਿੱਤਾ, ਬੁਜ਼ਦਿਲਾਂ ਲਾਚਾਰਾਂ 'ਤੇ।

ਅੱਜ ਭਰੇ ਦੀਵਾਨ ਅੰਦਰ, ਇੱਕ ਪਰਚਾ ਪਾਇਆ ਏ।
ਅੱਜ ਆਪਣੇ ਸਿੱਖਾਂ ਦਾ, ਸਿਦਕ ਅਜ਼ਮਾਇਆ ਏ।
ਪੰਜ ਸੂਰਿਆਂ ਸਿਰ ਭੇਟਾ, ਕੀਤੇ ਤਲਵਾਰਾਂ 'ਤੇ
ਉਸ......

ਭਗਤੀ ਤੇ ਸ਼ਕਤੀ ਦਾ, ਉਸ ਬੂਟਾ ਲਾਇਆ ਏ।
ਇਹਨੂੰ ਹਰਿਆ ਰੱਖਣ ਲਈ, ਸਰਬੰਸ ਲੁਟਾਇਆ ਏ।
ਪਤਝੜ ਗ਼ੁਲਾਮੀ ਦੀ, ਨਾ ਆਏ ਬਹਾਰਾਂ 'ਤੇ
ਉਸ......

ਆਪੇ ਗੁਰ ਚੇਲਾ ਉਹ, ਯੋਧਾ ਬਲਕਾਰੀ ਉਹ।
ਪੈਰਾਂ ਵਿਚ ਰੁਲਦਿਆਂ ਨੂੰ, ਬਖ਼ਸ਼ੇ ਸਰਦਾਰੀ ਉਹ।
ਉਹਨੂੰ ਮਾਣ ਖ਼ਾਲਸੇ ਦੇ, ਖ਼ਾਲਸ ਕਿਰਦਾਰਾਂ 'ਤੇ
ਉਸ......

ਇੱਕ ਕੌਮ ਸਜਾ ਦਿੱਤੀ, ਪਟਨੇ ਦੇ ਮਾਹੀ ਨੇ।
ਇੱਕ ਯੁੱਗ ਪਲਟਾ ਦਿੱਤਾ, ਉਸ ਸੰਤ ਸਿਪਾਹੀ ਨੇ।
ਸਿੱਖੀ ਨਵਿਆਈ ਏ, ਉਸ ਪੰਜ ਕਕਾਰਾਂ 'ਤੇ
ਉਸ......

ਉਸ ਜ਼ਾਲਿਮ ਹਾਕਮ ਨੂੰ, ਵੀ ਸੱਚ ਸੁਣਾ ਦਿੱਤਾ।
ਡੁਬਦੇ ਹਿੰਦ ਬੇੜੇ ਨੂੰ, ਉਸ ਬੰਨੇ ਲਾ ਦਿੱਤਾ।
ਧੰਨ ਧੰਨ 'ਗੁਰਦੀਸ਼' ਕਰੇ, ਉਸ ਦੇ ਉਪਕਾਰਾਂ 'ਤੇ
ਉਸ ਪੰਥ ਸਜਾਇਆ ਏ

***-ਗੁਰਦੀਸ਼ ਕੌਰ ਗਰੇਵਾਲ- ਕੈਲਗਰੀ***
***ਫੋਨ: +1 403 404 1450***

---

## ਖਲਿਆਣਾਂ ਦਾ ਗੀਤ

ਕਣਕਾਂ ਦੇ ਛਿੱਟੇ ਖਣਕ ਪਏ।
ਦਾਤੀ ਦੇ ਘੁੰਗਰੂ ਛਣਕ ਪਏ।
ਵਾਢੀ ਦੀ ਹੁਣ ਭਿਣਕ ਪਏ।
ਕਿਤੋਂ ਆ ਮਿਲ ਹਾਣੀਆਂ ਵੇ।
ਚੇਤੇ ਆਣ ਮੌਜਾਂ ਮਾਣੀਆਂ ਵੇ

ਸੁਬਾਹ ਦੁਪਹਿਰੇ ਸ਼ਾਮ ਹੋਊ
ਸੱਥਾਂ 'ਚ ਚਰਚਾ ਆਮ ਹੋਊ।
ਕਮੀ ਕਾਮੇ ਦੀ ਆਮ ਹੋਊ,
ਆ ਰਲ ਕੇ ਵਾਢੀ ਕਰੀਏ ਵੇ।
ਥੋੜ੍ਹਾਂ ਨੂੰ ਵੀ ਪਾਸੇ ਧਰੀਏ ਵੇ

ਖੇਤਾਂ ਵਿਚ ਮੇਲੇ ਲੱਗਣਗੇ
ਨਾਲੇ ਹਾਸੇ ਠੱਠੇ ਚੱਲਣਗੇ।
ਕੰਮ ਮੂਹਰੇ ਮੂਹਰੇ ਨੱਠਣਗੇ।
ਜੇ ਛਣ-ਛਣ ਛਣਕੇ ਚੂੜਾ ਵੇ
ਚੜ੍ਹੇ ਰੰਗ ਪ੍ਰੀਤ ਦਾ ਗੂੜ੍ਹਾ ਵੇ।

ਵੱਢ ਵੱਢ ਕੇ ਸੱਥਰ ਲਾਵਾਂਗੇ
ਨਾਲੇ ਢੋਲੇ ਮਾਹੀਏ ਗਾਵਾਂਗੇ
ਬੰਨ੍ਹ ਬੰਨ੍ਹ ਕੇ ਖਲੀਆਂ ਲਾਵਾਂਗੇ
ਲਾ ਛਾਲ ਥਰੈਸ਼ਰ ਚੜ੍ਹੀਏ ਵੇ
ਦਾਣੇ ਵਰ੍ਹੇ ਦੇ 'ਕੱਠੇ ਕਰੀਏ ਵੇ।

ਮੌਕਾ ਹੈ ਲੱਗੇ ਵਿਆਹ ਵਰਗਾ
ਸੱਜ ਵਿਆਹੀ ਦੇ ਚਾਅ ਵਰਗਾ
ਭਾਵੇਂ ਸੂਰਜ ਜਾਪੇ ਤਾਅ ਵਰਗਾ
ਮੇਲਾ ਦੇਖਣ ਵਿਸਾਖੀ ਜਾਵਾਂਗੇ
'ਕੱਠੇ ਬੈਠ ਜਲੇਬੀਆਂ ਖਾਵਾਂਗੇ।

***-ਸੇਵਾ ਸਿੰਘ " ਨੂਰਪੁਰੀ "***

## ਇਹ ਕੌਣ?

ਇਹ ਕੌਣ ਅੱਜ ਦਿਲ ਦੀਆਂ
ਬਰੂੰਹਾਂ ਦਾ ਕੁੰਡਾ ਖੜਕਾ ਗਿਆ,

ਮਹਿਕ ਉੱਠੀ ਸਾਰੀ ਫਿਜਾ
ਕਲੀਆਂ ਨੇ ਝੁਰਮੱਟ ਪਾ ਲਿਆ।

ਅੱਖ ਪਿਆਜੀ ਹੋ ਗਈ
ਪੈਰੀਂ ਝਾਂਜਰ ਛਣਕਾ ਗਿਆ,

ਮੋਰ ਨੱਚਣ ਲਗ ਪਏ
ਕੋਇਲ ਨੇ ਗੀਤ ਗਾ ਲਿਆ।

ਉੱਡਦੇ ਪਰਿੰਦੇ ਦੀ
ਪੈੜ ਨਾ ਫੜ ਅੜਿਆ

ਪਰਵਾਜ ਆਪਣੀ ਨਾਲ ਉਹ
ਅਬਰੱਕ ਧਰਤੀ ਨੂੰ ਲਾ ਗਿਆ।

ਸੰਦਲੀ ਸਾਹ ਜੋ
ਰਹੇ ਸਦਾ ਹੀ ਸਹਿਕਦੇ,

ਪੁੰਨਿਆ ਦਾ ਚੰਨ ਬਣ
ਸਾਹਾਂ ਨੂੰ ਸਹਿਲਾ ਗਿਆ।

ਅੱਖ ਦੇ ਹੰਝੂ ਦੀ ਅੱਜ
ਉਮਰ ਛੋਟੀ ਹੋ ਗਈ,

ਹਰ ਹੰਝੂ ਦਾ ਕਰਜ ਉਹ
ਮਸੀਹਾ ਬਣ ਚੁੱਕਾ ਗਿਆ ।



***ਦੇਵਿੰਦਰ ਕੌਰ ਧਾਲੀਵਾਲ***
***ਕੈਲੀਫੋਰਨੀਆਂ ਅਮਰੀਕਾ***

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



**Anmol Singh Gill**
REALTOR
Bre. # 02062952



**Armaan Singh Gill**
Sales Agent
Bre. # 02161166
Ph: 510-709-7987



**Jaswinder (Jassi) Gill**
M.Sc (PAU)
CA BRE# 00966763
Broker/Owner



**Harjot Singh Gill**
REALTOR
Bre. # 02036421
Ph: 408.413.8350



**Rakesh Pabla**
REALTOR
Lic no: 01507068
Ph: 408.531.5464

**Fremont Office: 86 Pilgrim Loop, Fremont CA 94539**
**Tel: 510-440-9292**

Visit us @ www.jassigill.com for hot listings

## Recent Sales

1. 2169 Charger Dr San Jose CA 95131
2. 9550 Appaloosa Pl Elk Grove CA 95624
3. 9810 Bobcat Ct Gilroy CA 95020
4. 3033 Pellier Pl San Jose CA 95135
5. 106 Coralflower Ln, San Ramon, CA 94582
6. 305 Toscana Way Hayward CA 94545
7. 6388 Broadway Ave Newark CA 94560
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 259 N Capitol Ave UNIT 156 San Jose, CA, 95127

## Purchase Loan and Refinance

**Call Sukhveer (Sukhi) Gill** Ph: 510-207-9067
DHMS, Loan Broker
CA BRE Lic.#01180969
NMLS# 352095

19-20

# ਪ੍ਰੇਮ ਦੀ ਕਲਪਨਾ ਦਾ ਜਗਤ

***ਪੰਜਾਬੀ ਦੇ ਉਘੇ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦਾ ਲੰਘੀ 30 ਮਾਰਚ ਨੂੰ ਦੇਹਾਂਤ ਹੋ ਗਿਆ। ਉਸ ਨਾਲ ਨੇੜਿਓਂ ਵਿਚਰਨ ਦਾ ਮੌਕਾ ਕੁਝ ਚੋਣਵੇਂ ਲੇਖਕਾਂ ਨੂੰ ਹੀ ਮਿਲਿਆ। ਉਨ੍ਹਾਂ ਚੋਣਵੇਂ ਲੇਖਕਾਂ ਵਿਚੋਂ ਸੁਰਜੀਤ ਹਾਂਸ (ਮਰਹੂਮ) ਵੀ ਸਨ, ਜਿਨ੍ਹਾਂ ਦਾ ਲਿਖਿਆ ਹੋਇਆ ਹਥਲਾ ਲੇਖ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।***


ਪ੍ਰੇਮ ਦਾ ਘਰੇਲੂ ਪਿਛੋਕੜ ਖੱਤਰੀ ਜ਼ਿਮੀਂਦਾਰੀ ਦਾ ਹੈ। ਇਹ ਆਪ ਖੇਤੀ ਕਰਦਾ ਰਿਹਾ ਹੈ। ਇਸ ਨੂੰ ਪੇਂਡੂ ਲੁੱਟ ਦਾ ਪੂਰਾ ਅਨੁਭਵ ਹੈ, ਆਪਣੇ ਘਰ ਵਿਚੋਂ ਹੀ। ਮੈਂ ਕਦੇ ਪੁੱਛਿਆ ਨਹੀਂ, ਪਰ ਗੱਲੀਂ-ਬਾਤੀਂ ਪਤਾ ਹੈ ਕਿ ਇਹ ਕਿਸੇ ਗੱਲੋਂ ਘਰਦਿਆਂ ਨਾਲ ਨਾਰਾਜ਼ ਹੋ ਗਿਆ। ਇਸੇ ਨਾਰਾਜ਼ਗੀ ਕਾਰਨ ਪਿੰਡ ਛੱਡ ਆਇਆ, ਸਕੂਲ 'ਚ ਮਾਸਟਰੀ ਕਰਦਾ ਰਿਹਾ। ਪ੍ਰੇਮ ਦੇ ਬਾਪੂ ਨੇ ਇਹਨੂੰ ਜ਼ਮੀਨ ਦਾ ਹਿੱਸਾ ਨਹੀਂ ਦਿੱਤਾ, ਪਿੱਛੇ ਜਿਹੇ ਇਹਨੂੰ ਥੋੜ੍ਹੇ-ਘਣੇ ਪੈਸੇ ਦਿੱਤੇ ਸੀ। ਪ੍ਰੇਮ ਦਾ ਬਾਪੂ ਆਰੀਆ ਸਮਾਜੀ ਸੀ। ਪ੍ਰੇਮ ਦੇ ਸੁਭਾਅ ਵਿਚ ਖੱਤਰੀ ਵਾਲੀ ਅੜ ਅਤੇ ਹੌਸਲਾ ਹੈ, ਨਾਲੇ ਜੱਟਾਂ ਵਾਲੀ ਲੜੂੰ-ਲੜੂੰ ਕਰਨ ਵਾਲੀ ਆਦਤ ਹੈ। ਭਾਵੇਂ ਇਹਦਾ ਆਰੀਆ ਸਮਾਜ ਨਾਲ ਲਗਾਉ ਨਹੀਂ, ਪਰ ਕਦੇ-ਕਦਾਈਂ ਘੁੰਡੀ ਮਰੋੜਣ ਵਾਲੀ ਗੱਲ ਕਰ ਜਾਂਦਾ ਹੈ। ਪ੍ਰੇਮ ਦੀ ਕਲਪਨਾ ਦਾ ਜਗਤ ਕ੍ਰਿਸ਼ੀ ਵਾਲਾ ਨਹੀਂ। ਇਸ ਦਾ ਘਰੇਲੂ ਕਾਰਨ ਹੈ। ਪ੍ਰੇਮ ਨੂੰ ਪਿੰਡ ਦਾ, ਜ਼ਮੀਨ ਦਾ ਕੋਈ ਹੇਰਵਾ ਨਹੀਂ ਸਗੋਂ ਖਹਿੜਾ ਛੁੱਟ ਗਿਆ ਸਮਝਦਾ ਹੈ। ਜ਼ਮੀਨ ਬੰਦੇ ਨੂੰ ਖਾਹਮਖਾਹ ਬੰਨ੍ਹ ਰੱਖਦੀ ਹੈ।

ਜਲੰਧਰ ਦਾ ਕੌਫੀ ਹਾਊਸ ਕਦੇ ਪ੍ਰਸਿੱਧ ਹੁੰਦਾ ਸੀ। ਮੈਂ ਸਠਿਆਲੇ ਤੋਂ ਕਦੇ ਵਿਰਕ ਨੂੰ ਮਿਲਣ ਆ ਜਾਂਦਾ। ਉਹ ਇੱਥੇ ਇਨਫਰਮੇਸ਼ਨ ਅਫਸਰ ਸੀ। ਪ੍ਰੇਮ ਦੇ ਲੜਾਕੇ ਸੁਭਾਅ ਦੀ ਮਸ਼ਹੂਰੀ ਸੀ। ਮੇਰੀ ਕਿਸਮਤ ਚੰਗੀ, ਉਲਟਾ ਮੈਂ ਇਹਦੇ ਨਾਲ ਲੜ ਪਿਆ। ਇਹ ਮੈਨੂੰ ਕਹਿੰਦਾ- ਆਪਣੀ ਦੋਸਤੀ ਹੋ ਸਕਦੀ ਹੈ। ਦੋਸਤੀ ਤਾਂ ਸ਼ਾਇਦ ਵਿਰਕ ਸਦਕਾ ਹੌਲੀ-ਹੌਲੀ ਹੋ ਹੀ ਜਾਣੀ ਸੀ। ਪਰ ਅਸੀਂ ਉਹਦੀ ਵਿਚੋਲਗੀ ਤੋਂ ਬਿਨਾਂ ਹੀ ਬੜਾ ਸੋਹਣਾ ਮੁੱਢ ਬੰਨ੍ਹ ਲਿਆ। 1965 ਦੀ ਗੱਲ ਹੈ ਕਿ ਮਰਹੂਮ ਛਾਬੜੇ ਨੇ 'ਮਿੱਟੀ ਦੀ ਢੇਰੀ' ਨਾਵਲ ਛਾਪਿਆ ਸੀ। ਪ੍ਰੇਮ ਦੋ ਚਾਰ ਬੰਦਿਆਂ 'ਚੋਂ ਸੀ ਜਿਸਨੂੰ ਨਾਵਲ ਦੀ ਗੱਲ ਸਮਝ ਆਈ ਹੋਵੇ। ਬੰਦੇ ਦੀ ਸਮਝ ਦੂਸਰਿਆਂ ਲਈ ਸਤਿਕਾਰ ਦਾ ਮੌਕਾ ਬਣ ਜਾਂਦੀ ਹੈ। ਸਤਿਕਾਰ ਤੋਂ ਬਿਨਾਂ ਦੋਸਤੀ ਬਹੁਤੀ ਦੂਰ ਨਹੀਂ ਜਾਂਦੀ।

ਪ੍ਰੇਮ ਦੇ ਅਜੀਬ-ਅਜੀਬ ਮੋਹ ਹੁੰਦੇ ਹਨ। ਇਹਦਾ ਮੋਹ ਖਬਤ 'ਚ ਬਦਲ ਜਾਂਦਾ ਹੈ। ਇਹ ਚੰਗੇ ਅਰਥਾਂ ਵਿਚ ਖਬਤੀ ਹੈ। ਇਹਨੂੰ ਮਰ ਰਹੇ ਸ਼ਬਦਾਂ ਨਾਲ ਮੋਹ ਹੈ। ਮੇਰੇ ਨਾਲ ਮਲਵੱਈ ਪਿਛੋਕੜ ਦੀ ਸਾਂਝ ਹੈ। ਇਸ ਕਰਕੇ ਪ੍ਰੇਮ ਮੇਰੇ ਨਾਲ ਇਲਾਕਾਈ ਅਤੇ ਨਾ-ਵਰਤੇ ਜਾਂਦੇ ਲਫ਼ਜ਼ਾਂ ਦੀ ਗੱਲ ਕਰਦਾ ਰਹਿੰਦਾ ਹੈ ਜਿਵੇਂ ਅਸੀਂ ਕਹਿੰਦੇ ਹਾਂ- ਵਿਲੇ ਲਾ ਦਿੱਤਾ, ਕਿਓਟ ਦੇ, ਜਾਂ ਮਗਰੀ ਮਾਰੀ ਜਾਂਦਾ ਸੀ। ਪ੍ਰੇਮ ਦਾ ਇਲਾਕਾਈ ਭਾਖਾ ਨਾਲ ਮੋਹ ਮੇਰੇ ਬੜਾ ਕੰਮ ਆਇਆ। 'ਪੁਸ਼ਤਾਂ' ਦੇ ਪਰੂਫ਼ ਪ੍ਰੇਮ ਨੇ ਹੀ ਪੜ੍ਹੇ ਸੀ। ਭਾਖਾ ਤੋਂ ਅਣਜਾਣ ਹੋਣ ਕਰਕੇ ਕਈ ਪਾਠਕ ਨਾਟਕ ਵਿਚ ਮਿਸਪ੍ਰਿੰਟ ਦੀ ਸ਼ਿਕਾਇਤ ਕਰਦੇ ਹਨ ਜਿਹੜੀ ਗੱਲ ਠੀਕ ਨਹੀਂ।

ਕੁਝ ਸਾਲ ਹੋਏ ਪ੍ਰੇਮ ਨੂੰ ਗਾਈਆਂ ਦਾ ਖਬਤ ਹੋ ਗਿਆ। ਜਿਵੇਂ ਸਿਰ 'ਤੇ ਭੂਤ ਸਵਾਰ ਹੋਣ ਦਾ ਮੁਹਾਵਰਾ ਹੈ। ਇਹ ਆਪ ਹੀ ਕਹਿੰਦਾ- 'ਮੇਰੇ ਸਿਰ 'ਤੇ ਗਾਂ ਚੜ੍ਹੀ ਹੋਈ ਹੈ। ਜੇ ਇੱਕ ਵੇਚੀ ਤਾਂ ਦੂਸਰੀ ਖਰੀਦ ਲਈ।' ਇਹ ਛੁੱਟੀ ਲੈ ਕੇ ਸਾਰਾ ਸਾਰਾ ਦਿਨ ਗਾਈਆਂ ਵੇਖਦਾ ਫਿਰਦਾ ਸੀ। ਪ੍ਰੇਮ ਨੇ ਸਾਡੀ ਗਊ-ਪੂਜਾ ਬਾਰੇ ਬੜੀ ਦਿਲਚਸਪ ਗੱਲ ਦੱਸੀ। ਗੁਆਂਢੀ ਇਨ੍ਹਾਂ ਤੋਂ ਦੁੱਧ ਲੈ ਜਾਂਦੇ ਸੀ। ਜਦੋਂ ਇਹਨੇ ਮੱਝ ਛੱਡ ਕੇ ਗਊ ਲਈ ਤਾਂ ਗੁਆਂਢੀ ਦੁੱਧ ਲੈਣੋਂ ਹਟ ਗਏ। ਗਾਂ ਦੇ ਦੁੱਧ ਵਿਚ ਘਿਓ ਥੋੜ੍ਹਾ ਹੁੰਦਾ ਹੈ ਭਾਵੇਂ ਮਿਥਿਹਾਸ ਹੈ ਕਿ ਗੋਕੇ ਦੁੱਧ ਵਿਚ ਸੋਨੇ ਦੇ ਕਿਣਕੇ ਹੁੰਦੇ ਹਨ।

ਪ੍ਰੇਮ ਦੇ ਖਬਤ ਤੋਂ ਅਸੀਂ ਇਹਦੇ ਕਹਾਣੀ ਜਗਤ ਨੂੰ ਵੇਖ ਸਕਦੇ ਹਾਂ। ਪ੍ਰੇਮ ਨੂੰ ਪ੍ਰੇਮ ਕਹਾਣੀਆਂ ਦਾ ਲਿਖਾਰੀ ਸਮਝਿਆ ਜਾਂਦਾ ਹੈ। ਇਹਦੀਆਂ ਕਹਾਣੀਆਂ ਵਿਚ ਖਬਤੀ ਪ੍ਰੇਮ ਹੈ। ਸਾਡੇ ਸਾਹਿਤ ਵਿਚ ਪ੍ਰੇਮ-ਚਿਤਰਨ ਭਾਵੇਂ ਪੁਰਾਣਾ ਹੈ, ਪਰ ਬੜਾ ਸੀਮਤ ਰਿਹਾ ਹੈ। ਜਦੋਂ ਸਮਾਜੀ ਮੇਲ-ਮਿਲਾਪ ਦੀ ਕੋਈ ਪ੍ਰਥਾ ਅਤੇ ਸੰਸਥਾ ਨਹੀਂ ਸੀ ਤਾਂ ਪਿਆਰ ਦਾ ਰੂਮਾਨੀ ਹੋਣਾ ਜ਼ਰੂਰੀ ਸੀ। ਇਹ ਰੂਮਾਨ ਦਾ ਚਿਤਰਨ ਜ਼ਿਆਦਾ ਅਤੇ ਪ੍ਰੇਮੀ ਦਾ ਉਲੀਕਣ ਥੋੜ੍ਹਾ ਸੀ। ਸੂਫ਼ੀ ਕਵੀ ਦਰਸ਼ਨ ਦਾ ਸਹਾਰਾ ਲੈ ਕੇ ਇਹਨੂੰ ਦਰਦ ਦਾ ਫੰਤਾਸ ਬਣਾਈ ਜਾਂਦੇ ਹਨ। ਹੁਣ ਇਸਤਰੀ-ਪੁਰਖ ਦੇ ਮਿਲਾਪ ਦੀਆਂ ਕਈ ਸੰਸਥਾਵਾਂ ਹਨ। ਇਸ ਕਰਕੇ ਅਜਿਹੇ ਅਨੁਭਵ ਨੂੰ ਯਥਾਰਥ ਮੁਖੀ ਹੋ ਕੇ ਵੇਖਿਆ ਜਾ ਸਕਦਾ ਹੈ। ਪ੍ਰੇਮ ਪ੍ਰਕਾਸ਼ ਆਪਣੀ ਕਹਾਣੀ ਵਿਚ ਮੁਹੱਬਤ ਦੇ ਯਥਾਰਥ ਨੂੰ ਘੋਖਦਾ ਹੈ। ਇੱਥੇ ਇਹ ਗੱਲ ਕਹੀ ਜਾ ਸਕਦੀ ਹੈ ਕਿ ਸਾਹਿਤ ਕੇਵਲ ਮਨੋਰੰਜਨ ਨਹੀਂ, ਇਹ



ਖੋਜ ਵੀ ਹੈ। ਖੋਜੀ ਪ੍ਰੇਮ ਆਪਣੀਆਂ ਕਹਾਣੀਆਂ ਵਿਚ ਸਾਡੇ ਲਈ ਕਈ ਚੀਜ਼ਾਂ ਲੱਭ ਕੇ ਲਿਆਉਂਦਾ ਹੈ। ਪ੍ਰੇਮ ਦਾ ਸੰਬੰਧ ਸੂਖ਼ਮ ਅਤੇ ਸਵੱਛ ਹੋ ਸਕਦਾ ਹੈ, ਹੁੰਦਾ ਵੀ ਹੈ, ਪਰ ਹਮੇਸ਼ਾ ਨਹੀਂ। ਪ੍ਰੇਮ ਦੇ ਸਮੁੰਦਰ ਵਿਚ ਬਹੁਤ ਕੁਝ ਹੁੰਦਾ ਹੈ। ਮੈਂ ਜਾਣ ਬੁੱਝ ਕੇ ਸਮੁੰਦਰ ਦਾ ਮਨੋਵਿਗਿਆਨਕ ਅਲੰਕਾਰ ਵਰਤਿਆ ਹੈ। ਪ੍ਰੇਮ ਪ੍ਰਕਾਸ਼ ਦੇ ਪਿਆਰ ਦੇ ਸਮੁੰਦਰ ਵਿਚ ਦੋ ਤਿੰਨ ਮਹੱਤਵਪੂਰਨ ਅੰਸ਼ ਹਨ।

ਇਹਦਾ ਪਹਿਲਾ ਅੰਸ਼ ਹਿੰਸਾ ਦਾ ਹੈ। ਇਹਦੇ ਇਸ਼ਾਰੇ, ਇਹਦੀਆਂ ਹਰਕਤਾਂ, ਇਹਦੀ ਮੁਦਰਾ ਅਤੇ ਇੰਗਤ ਵਿਚ ਹਿੰਸਾ ਦਾ ਆਕਾਰ ਹੁੰਦਾ ਹੈ। ਅਸੀਂ ਇਹ ਗੱਲ ਜਾਣਦੇ ਹੋਏ ਵੀ ਭੁੱਲਣਾ ਚਾਹੁੰਦੇ ਹਾਂ ਕਿ ਪਿਆਰ ਵਿਚ ਹਿੰਸਾ ਹੁੰਦੀ ਹੈ। ਕੋਈ ਖਬਤੀ ਆਦਮੀ ਹੀ ਇਹਨੂੰ ਵੇਖ ਸਕਦਾ ਹੈ, ਖਬਤ ਤੋਂ ਬਿਨਾਂ ਇਹਦਾ ਚਿਤਰਨ ਸੰਭਵ ਨਹੀਂ। ਦੂਸਰੇ ਪ੍ਰੇਮ ਪ੍ਰਕਾਸ਼ ਦੇ ਪਿਆਰ ਵਿਚ ਮੌਤ ਦਾ ਪ੍ਰਤੱਵ ਹੈ। ਵੈਸੇ ਤਾਂ ਹਰ ਆਦਮੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਿਆਰ ਦੀ ਲੋੜ ਹੀ ਮੌਤ ਦਾ ਕਾਰਨ ਹੈ। ਇਸੇ ਕਰਕੇ 'ਡੈੱਡ ਲਾਈਨ' ਮਹੱਤਵਪੂਰਨ ਕਹਾਣੀ ਹੈ। ਤੀਸਰੇ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਪਿਆਰ ਧਰਮ 'ਚ ਬਦਲਦਾ ਪ੍ਰਤੀਤ ਹੁੰਦਾ ਹੈ। ਇਹ ਪਿਆਰ ਵਿਚ ਮੌਤ ਦਾ ਹੀ ਵਿਲੱਖਣ ਅਨੁਰੂਪ ਹੈ। ਜੇ ਪਿਆਰ ਤੇ ਮੌਤ ਵਾਦ ਅਤੇ ਪ੍ਰਤਿਵਾਦ ਹਨ ਤਾਂ ਇਨ੍ਹਾਂ ਤੋਂ ਉਪਰੰਤ ਉਦਗਾਮੀ ਸੰਵਾਦ ਧਾਰਮਿਕ ਸੰਕਲਪ ਹੀ ਹੋ ਸਕਦਾ ਹੈ। ਪ੍ਰੇਮ ਪ੍ਰਕਾਸ਼ ਇਹਨੂੰ ਮੁਕਤੀ ਰਾਹੀਂ ਉਜਾਗਰ ਕਰਨਾ ਚਾਹੁੰਦਾ ਹੈ। ਪਿਆਰ ਦੀ ਮੁਕਤੀ 'ਚ ਅਲੌਕਿਕ ਮੁਕਤੀ ਲੱਭਣੀ ਭਰਮ ਹੋ ਸਕਦਾ ਹੈ। ਸ਼ਾਇਦ ਇਹਨੂੰ ਨਿੱਗਰ ਦਰਸ਼ਨ 'ਚ ਬਦਲਣਾ ਠੀਕ ਨਾ ਹੋਵੇ। ਮੈਂ ਪ੍ਰੇਮ ਨੂੰ ਕਈ ਵਾਰ ਸਮਝਾਇਆ ਹੈ ਕਿ ਉਹ ਮੁਕਤੀ ਦੇ ਬੰਧਨ 'ਚ ਨਾ ਪਵੇ। ਪਰ ਉਹਦਾ ਖਬਤ ਉਹਨੂੰ ਚੈਨ ਨਹੀਂ ਲੈਣ ਦਿੰਦਾ। ਉਹਨੇ ਤਾਂ ਸ਼ਾਇਦ ਜ਼ਿਦ ਫੜ ਲੈਣੀ ਹੈ। ਰਚਨਾ ਲਈ ਜ਼ਿੱਦ ਬੜੀ ਜ਼ਰੂਰੀ ਚੀਜ਼ ਹੈ। ਜਿਸ ਨੂੰ ਕਿਸੇ ਗੱਲ ਦੀ ਜ਼ਿੱਦ ਨਹੀਂ, ਉਹਨੇ ਕੀ ਗੱਲ ਫੜਨੀ ਹੈ। ਗ੍ਰਿਫ਼ਤ ਨਾਲ ਹੀ ਪਕੜ ਬਣਦੀ ਹੈ।

ਪ੍ਰੇਮ ਨੂੰ ਭਗਵੇਂ ਕੱਪੜੇ ਪਾਉਣ ਦਾ ਸ਼ੌਕ ਹੈ। ਘਰ ਦਾ ਜੋਗੀ ਬਣਦਾ ਹੈ। 'ਬਣਦਾ' ਲਫ਼ਜ਼ ਠੀਕ ਹੈ। ਇਹਦੇ ਵਿਚ ਕੋਈ ਬਨਾਵਟ ਹੈ। ਉਹ ਪਿੱਛੇ ਜਿਹੇ ਗੁਜਰਾਤ ਮਹਾਂਰਾਸ਼ਟਰ ਵਿਚ ਐਵੇਂ ਫਿਰਦਾ ਰਿਹਾ। ਇਹਦਾ ਖ਼ਿਆਲ ਹੈ ਕਿ ਸ਼ਾਇਦ ਸਾਧੂਪਣ 'ਚ ਕੋਈ ਚੀਜ਼ ਹੋਵੇ। ਇਹਦੀ ਆਵਾਰਗੀ 'ਚ ਮੁਕਤੀ ਦੇ ਧਰਮ ਜਿਹਾ ਭਰਮ ਹੈ। ਦੋਸਤਾਂ ਨੂੰ ਦੋਸਤਾਂ ਦੀ ਪੱਕੀ ਸਮਝ ਨਹੀਂ ਹੁੰਦੀ, ਜਿਵੇਂ ਆਲੋਚਕਾਂ ਨੂੰ ਰਚਨਾ ਦੀ ਪੱਕੀ ਸਮਝ ਦਾ ਦਾਅਵਾ ਨਹੀਂ ਕਰਨਾ ਚਾਹੀਦਾ। ਇਸ ਕਰਕੇ ਮੈਨੂੰ ਦੂਹਰੀ ਗ਼ਲਤੀ ਲੱਗ ਸਕਦੀ ਹੈ। ਸਾਧੂਪਣ ਅਤੇ ਮੁਕਤੀ ਦਾ ਭਰਮ ਸ਼ਾਇਦ ਮੇਰਾ ਹੋਵੇ ਨਾ ਕਿ ਪ੍ਰੇਮ ਦਾ। ਪ੍ਰੇਮ ਖੁਣਸੀ ਆਦਮੀ ਹੈ। ਉਹ ਸ਼ਾਇਦ ਇਹਦੇ ਵਿਚੋਂ ਕੁਝ ਕੱਢ ਲਏ।

ਬੰਦੇ ਦੀ ਪਹਿਚਾਣ ਉਹਦੇ ਕੁੱਤੇ 'ਤੋਂ ਹੋ ਜਾਂਦੀ ਹੈ। ਪ੍ਰੇਮ ਦਾ ਇੱਕ ਕੁੱਤਾ ਸੀ ਟਾਈਗਰ, ਉਹ ਬਿਲਕੁਲ ਇਹਦੇ 'ਤੇ ਸੀ। ਇਹ ਕਤੂਰੇ ਨੂੰ ਕਿਧਰੋਂ ਲੱਭ-ਲਭਾ ਕੇ ਲਿਆਇਆ। ਉਹਨੂੰ ਪਾਲਿਆ। ਉਹ ਆਏ ਗਏ ਨੂੰ ਪੈਂਦਾ ਸੀ। ਪ੍ਰੇਮ ਦੇ ਗੁਆਂਢ 'ਚ ਸਿੱਧੂ ਪਰਿਵਾਰ ਰਹਿੰਦਾ ਸੀ। ਸਿੱਧੂ ਸਾਹਿਬ ਨੇ ਕਿਤੇ ਟਾਈਗਰ ਨੂੰ ਮਾਰਿਆ। ਟਾਈਗਰ ਮੁੜ ਕੇ ਉਨ੍ਹਾਂ ਦੇ ਘਰ ਨਹੀਂ ਗਿਆ। ਕੋਈ ਲਾਲਚ ਟਾਈਗਰ ਨੂੰ ਭਰਮਾ ਨਾ ਸਕਿਆ। ਫੇਰ ਕੁੱਤੇ ਦੀ ਕਿਵੇਂ ਲੱਤ ਟੁੱਟ ਗਈ। ਪ੍ਰੇਮ ਆਪਣੇ ਟਾਈਗਰ ਦਾ ਪ੍ਰਸ਼ੰਸਕ ਸੀ। ਮੈਨੂੰ ਕਈ ਵਾਰ ਖ਼ਿਆਲ ਆਉਂਦਾ ਕਿ ਪ੍ਰੇਮ ਦਾ ਸਭ ਤੋਂ ਵੱਡਾ ਦੋਸਤ ਟਾਈਗਰ ਹੈ। ਜਦ ਮੈਂ ਇਹ ਗੱਲ ਕਹਿੰਦਾ ਹਾਂ ਤਾਂ ਪ੍ਰੇਮ ਦੇ ਹੋਰ ਦੋਸਤਾਂ ਨੂੰ ਕੰਨ ਹੋਣੇ ਚਾਹੀਦੇ ਹਨ। ਫੇਰ ਨਿਰਮੋਹੀ ਪ੍ਰੇਮ ਨੇ ਟਾਈਗਰ ਨੂੰ ਘਰੋਂ ਕੱਢ ਦਿੱਤਾ। ਟਾਈਗਰ ਬੁੱਢਾ ਹੋ ਗਿਆ ਸੀ। ਮੈਂ ਪੁੱਛਿਆ ਤਾਂ ਇਹ ਕਹਿੰਦਾ ਕਿ ਇੱਥੇ ਕਿਤੇ ਬਾਹਰ ਫਿਰਦਾ ਹੋਣੈ। ਟਾਈਗਰ ਵੀ 593, ਮੋਤਾ ਸਿੰਘ ਨਗਰ ਨੂੰ ਭੁੱਲ ਗਿਆ ਸੀ। ਮਾਲਕ ਅਤੇ ਕੁੱਤੇ ਦਾ ਇੱਕੋ ਸੁਭਾਅ ਸੀ।

ਪ੍ਰੇਮ ਨੂੰ ਕਵਿਤਾ ਨਾਲ ਕੋਈ ਲਗਾਓ ਨਹੀਂ। ਉਹ ਕਹਿੰਦਾ ਹੈ ਕਿ ਮੈਨੂੰ ਸ਼ਾਇਰੀ ਸਮਝ ਨਹੀਂ ਆਉਂਦੀ। ਮੈਨੂੰ ਇਹਦੀ ਇਹ ਗੱਲ ਸਮਝ ਨਹੀਂ ਆਉਂਦੀ। ਇੱਕ ਵਾਰ ਮੈਂ ਕਿਤੇ ਇਹਨੂੰ ਕਹਿ ਬੈਠਾ ਕਿ ਕਵਿਤਾ ਅਤੇ ਕਹਾਣੀ ਹਮ-ਮਾਅਨੀ ਹੋ ਸਕਦੀਆਂ ਹਨ। ਖੁਸ਼ਕਿਸਮਤੀ ਨਾਲ ਜਾਂ ਤਾਂ ਸਾਡੀ ਬਹਿਣੀ-ਖਲੋਣੀ ਜ਼ਿਆਦਾ ਹੋ ਗਈ ਜਾਂ ਅਸੀਂ ਅਨੁਭਵ ਦੇ ਹਮ-ਖਿਆਲ ਹੋ ਗਏ। ਇਹਨੇ ਕਿਧਰੇ ਮੈਨੂੰ ਕਹਾਣੀ ਸੁਣਾਈ ਜਿਸਦਾ ਮਤਲਬ ਸੀ ਕਿ ਬੰਦਾ ਪਿਆਰ 'ਚ ਖੱਜਲ ਖੁਆਰ ਜ਼ਿਆਦਾ ਹੁੰਦਾ ਹੈ ਅਤੇ ਹਿਸਾਬ ਦਾ ਮਿਲਦਾ-ਮਿਲਾਉਂਦਾ ਕੁਝ ਨਹੀਂ। ਮੈਂ ਮਜ਼ਦੂਰੀ ਲਹਿਜ਼ੇ 'ਚ ਕਹਿ ਦਿੱਤਾ ਕਿ ਬੰਦੇ ਦੀ ਮਿਹਨਤ ਨਹੀਂ ਮੁੜਦੀ। ਮੈਂ ਇਹੀ ਗੱਲ ਨਜ਼ਮ 'ਚ ਬੰਨ੍ਹ ਲਈ ਸੀ। ਹੁਣ ਪ੍ਰੇਮ ਮੇਰੇ ਨਾਲ ਰਿਆਇਤ ਕਰਨ ਲੱਗ ਪਿਆ ਹੈ। ਇਹ ਉਹ ਚੀਜ਼ ਸੁਣ ਲੈਂਦਾ ਹੈ ਜਿਹੜੀ ਇਹਦੀ ਨਵੀਂ ਕਹਾਣੀ ਦੀ ਹਮ-ਖ਼ਿਆਲ ਹੋਵੇ।

– ਪ੍ਰੇਮ ਮੇਰੀ ਲਿਖਤ ਨੂੰ ਕਦੇ ਨਹੀਂ ਪੜ੍ਹਦਾ। ਮੈਂ ਵੀ ਪ੍ਰੇਮ ਤੋਂ ਬਦਲਾ ਲੈਂਦਾ ਹਾਂ। ਇਹਦੀ ਕਹਾਣੀ ਮੈਂ ਕਦੇ ਨਹੀਂ ਪੜ੍ਹੀ। ਇਹਨੂੰ ਆਪਣੀ ਹਰ ਕਹਾਣੀ ਮੈਨੂੰ ਸੁਣਾਉਣੀ ਪੈਂਦੀ ਹੈ।

# ਜਨਮ ਸਮੇਂ ਰਹਿ ਗਈਆਂ ਸਰੀਰਕ ਬਣਤਰ ਦੀਆਂ ਕਮੀਆਂ ਪੇਸ਼ੀਆਂ –4

ਜੰਮਦੇ ਬੱਚੇ ਦੀਆਂ ਅੱਖਾਂ ਦੀਆਂ ਮਾਸਪੇਸ਼ੀਆਂ ਬਹੁਤ ਨਾਜ਼ੁਕ ਹੁੰਦੀਆਂ ਹਨ ਤੇ ਜਿਸ ਸਾਈਡ/ਪਾਸੇ ਬੱਚੇ ਨੂੰ ਲਿਟਾਇਆ ਜਾਵੇ ਦੋਵੇਂ ਅੱਖਾਂ ਆਮ ਤੌਰ 'ਤੇ ਉਸੇ ਪਾਸੇ ਲੁੜਕ ਜਾਂਦੀਆਂ ਹਨ। ਅਗਰ ਸਿੱਧੇ ਲਿਟਾਇਆ ਜਾਵੇ ਤਾਂ ਦੋਵੇਂ ਅੱਖਾਂ ਬਾਹਰ ਵਾਲੇ ਪਾਸੇ ਲੁੜਕ ਜਾਂਦੀਆਂ ਹਨ। ਇਕ ਮਹੀਨੇ ਵਿਚ ਬੱਚੇ ਦੀਆਂ ਅੱਖਾਂ ਵਿਚ ਪੂਰੀ ਤਰ੍ਹਾਂ ਸਥਿਰਤਾ ਆਉਣੀ ਸ਼ੁਰੂ ਹੁੰਦੀ ਹੈ ਤੇ ਪੰਜਵੇਂ ਮਹੀਨੇ ਵਿਚ ਬੱਚੇ ਦੀਆਂ ਅੱਖਾਂ ਸਥਿਰ ਸਟੇਬਲ ਹੋ ਜਾਂਦੀਆਂ ਹਨ।



ਨਜ਼ਰ ਆਮ ਤੌਰ 'ਤੇ ਬੱਚੇ ਦੀ ਇਸ ਸਥਿਰਤਾ ਨਾਲ ਹੀ ਜੁੜੀ ਹੋਈ ਹੈ।

ਇਕ ਮਹੀਨੇ ਵਿਚ ਬੱਚਾ ਹਰ ਸਮੇਂ ਵਾਹ ਪੈਣ ਵਾਲੇ

**ਗੁਰਦੀਪ ਸਿੰਘ ਸੰਧੂ**
**ਫੋਨ: 408-687-1899**

ਚਿਹਰਿਆਂ ਨੂੰ ਪਹਿਚਾਨਣ ਲਗਦਾ ਹੈ ਉਨ੍ਹਾਂ ਦਾ ਸਪਰਸ਼ ਮਹਿਸੂਸ ਕਰਦਾ ਹੈ। ਪਰ ਨਜ਼ਰ ਦੀ ਪਕਿਆਈ ਪੰਜਵੇਂ ਮਹੀਨੇ ਤੱਕ ਜਾ ਕੇ ਹੁੰਦੀ ਹੈ।

ਬੱਚਾ ਦੇਖ ਸਕਦਾ ਹੈ ਕਿ ਨਹੀਂ ਇਸ ਦਾ ਪਤਾ ਆਮ ਤੌਰ 'ਤੇ ਜਨਮ ਤੋਂ ਇਕ ਮਹੀਨੇ ਬਾਅਦ ਲੱਗਦਾ ਹੈ। ਪਰ ਮੱਧਮ ਲਾਈਟ ਦੇ ਹਿਲਾਉਣ ਨਾਲ ਪੁਤਲੀਆਂ ਦਾ ਸੁਕੜਨਾ ਜਾਂ ਅੱਖਾਂ ਦਾ ਉਸੇ ਪਾਸੇ ਨੂੰ ਹਿੱਲਣਾ ਅੱਖਾਂ ਦੇ ਫਿਜ਼ੀਕਲੀ ਇਕ ਅੰਗ ਦੇ ਤੌਰ 'ਤੇ ਨਾਰਮਲ ਹੋਣ ਦੀ ਗਵਾਹੀ ਹੈ ਪਰ ਯਕੀਨਨ ਤੌਰ 'ਤੇ ਜਨਮ ਦੇ ਪੰਜਵੇਂ ਮਹੀਨੇ ਤੋਂ ਇਹ ਪਰਪੱਕ ਹੋ ਜਾਂਦਾ ਹੈ ਕਿ ਬੱਚਾ ਦੇਖ ਸਕਦਾ ਹੈ।

ਇਕ ਗੱਲ ਹੋਰ ਜ਼ਰੂਰੀ ਹੈ ਕਿ ਬਰੇਨ ਵਿਚੋਂ ਬਾਰਾਂ ਜੋੜੇ ਮਤਲਬ ਚੌਵੀ ਨਰਵਜ਼ ਵੱਖ-ਵੱਖ ਹਿੱਸਿਆਂ ਵਿਚੋਂ ਨਿਕਲਦੀਆਂ ਹਨ। ਜੋ ਸਰੀਰ ਦੇ ਵੱਖ ਵੱਖ ਅੰਗਾਂ ਦਾ ਪ੍ਰਬੰਧ ਸੰਭਾਲ਼ਦੀਆਂ ਹਨ ਅਤੇ ਸਰੀਰ ਦੇ ਹਿੱਸਿਆਂ ਵਿਚ ਵਾਪਰਦੀਆਂ ਘਟਨਾਵਾਂ ਦੀ ਜਾਣਕਾਰੀ ਬਰੇਨ ਨੂੰ ਤੇ ਬਰੇਨ ਦੇ ਹੁਕਮ ਦੀ ਸੂਚਨਾ ਉਨ੍ਹਾਂ ਅੰਗਾਂ ਨੂੰ ਪਹੁੰਚਾਉਂਦੀਆਂ ਹਨ। ਇਸ ਲਿੰਕ ਦੇ ਕੰਮ ਕਰਨ ਵਿਚ ਰੁਕਾਵਟ ਦਾ ਮਤਲਬ ਹੈ ਹੜਤਾਲ ਮਤਲਬ ਕੋਈ ਕੰਮ ਨਹੀਂ ਹੋ ਰਿਹਾ। ਇਹ ਬਾਰਾਂ ਜੋੜੇ ਨਰਵਜ਼ ਵਿਚੋਂ ਇਕ ਇਕ ਨਰਵ ਕਈ-ਕਈ ਅੰਗਾਂ ਦਾ ਕੰਟਰੋਲ ਵੀ ਸਾਂਭਦੀ ਹੈ। ਹਰੇਕ ਨਰਵ ਵਿਚ ਦੋ ਤਰ੍ਹਾਂ ਦੀ ਕਾਰਵਾਈ ਕਰਨ ਲਈ ਫਾਈਬਰ ਹੁੰਦੇ ਹਨ। ਜਿਵੇਂ ਮਹਿਸੂਸ ਕਰਨ ਵਾਲੇ ਤੇ ਕੰਮ ਕਰਨ ਵਾਲੇ। ਜਿਨ੍ਹਾਂ ਨੂੰ ਸੈਂਸਰੀ ਕੇ ਲੋਕੋਮੋਟਰ ਫਾਈਬਰ ਕਹਿੰਦੇ ਹਨ।

ਅੱਖਾਂ ਨਾਲ ਸੰਬੰਧਿਤ ਨਰਵ ਦਾ ਨਾਂ ਔਪਟਿਕ ਨਰਵ ਹੈ ਜੋ ਦੂਜੀ ਬਾਰਾਂ ਜੋੜੇ ਨਰਵਜ਼ ਵਿਚੋਂ ਦੂਜੇ ਨੰਬਰ ਦੀ ਨਰਵ ਹੈ। ਇਹ ਨਜ਼ਰ ਭਾਵ ਦੇਖਣ ਦੀ ਕਾਰਵਾਈ ਕਰਦੀ ਹੈ ਤੇ ਜੋ ਦੇਖਿਆ ਹੈ ਉਸਨੂੰ ਬਰੇਨ ਤੱਕ ਪਹੁੰਚਾਉਂਦੀ ਹੈ। ਇਸਦਾ ਸਹਿਯੋਗ ਕਰਨ ਲਈ ਤੀਸਰੀ ਨਰਵ ਦਾ ਨਾਂ ਔਕੁਲੋਮੋਟਰ ਨਰਵ ਹੈ ਜੋ ਅੱਖ ਦੇ ਆਨਿਆਂ ਨੂੰ ਅਕਸ ਦੇਖਣ ਲਈ ਲੋੜ ਅਨੁਸਾਰ ਘੁਮਾਉਣ ਦੀ ਜ਼ਿੰਮੇਵਾਰੀ ਸੰਭਾਲ਼ਦੀ ਹੈ। ਭਾਵ ਅੱਖ ਦੇ ਆਨੇ ਦੀਆਂ ਮਾਸਪੇਸ਼ੀਆਂ ਦਾ ਕੰਟਰੋਲ ਸੰਭਾਲ਼ਦੀ ਹੈ।

ਜਪੁਜੀ ਸਾਹਿਬ ਵਿਚ ਦਰਜ ਹੈ, "ਪੰਚਾ ਕਾ ਗੁਰ ਏਕ ਧਿਆਨ" ਪੰਜੇ ਹੀ ਗਿਆਨ ਇੰਦਰੀਆਂ ਜੋ ਵੀ ਗਿਆਨ ਬਾਹਰੋਂ ਇਕੱਠਾ ਕਰਦੀਆਂ ਹਨ ਉਹ ਸਾਰਾ ਗਿਆਨ ਇਨ੍ਹਾਂ ਨਰਵਜ਼ ਦੇ ਸੈਂਸਰੀ ਫਾਈਬਰ ਬਰੇਨ ਨੂੰ ਪਹੁੰਚਾਉਂਦੀਆਂ ਹਨ। ਮਿਸਾਲ ਵਜੋਂ ਅੱਖਾਂ ਨੇ ਵੇਖਿਆ ਕੋਈ ਆਦਮੀ ਬੋਲ ਰਿਹਾ ਹੈ। ਇਹ ਸੂਚਨਾ ਉਸ ਨੇ ਬਰੇਨ ਨੂੰ ਦੇ ਦਿੱਤੀ। ਕੰਨਾਂ ਨੇ ਸੁਣਿਆ ਕਿ ਕੋਈ ਕੀ ਬੋਲ ਰਿਹਾ ਹੈ ਉਹਨੇ ਜੋ ਸੁਣਿਆ ਉਹੀ ਬਰੇਨ ਤੱਕ ਪਹੁੰਚਾ ਦਿੱਤਾ। ਬਰੇਨ ਦੋਹਾਂ ਹੀ ਸੂਚਨਾਵਾਂ ਦੇ ਮਿਲਾਨ ਨਾਲ ਫੈਸਲਾ ਕਰਦਾ ਹੈ ਕਿ ਜਿਹੜਾ ਸਾਹਮਣੇ ਹੈ ਉਹੀ ਬੋਲ ਰਿਹਾ ਹੈ ਤੇ ਕੀ ਕਹਿ ਰਿਹਾ ਹੈ। ਉਸ ਕਹੇ ਨੂੰ ਸਮਝ ਕੇ ਬਰੇਨ ਜੀਭ ਨੂੰ ਜੋ ਜਵਾਬ ਦੇਣ ਲਈ ਕਹਿੰਦਾ ਹੈ ਉਹ ਜੀਭ ਬੋਲ ਕੇ ਦੱਸਦੀ ਹੈ।

ਸੋ ਪੰਜੇ ਹੀ ਗਿਆਨ ਇੰਦਰੀਆਂ ਦੀ ਕਾਰਕਰਦਗੀ ਇਨ੍ਹਾਂ ਨਰਵਜ਼ ਰਾਹੀਂ ਕੰਟਰੋਲ ਹੁੰਦੀ ਹੈ। ਇਹ ਨਰਵਜ਼ ਆਪਸੀ ਇਕ-ਦੂਜੇ ਨੂੰ ਉਨ੍ਹਾਂ ਦੇ ਕੰਮ ਨੂੰ ਪੂਰਾ ਹੋਣ ਲਈ ਸਹਿਯੋਗ ਕਰਦੀਆਂ ਹਨ।

ਬੱਚੇ ਵਿਚ ਜਮਾਂਦਰੂ ਅੱਖਾਂ ਦੇ ਰੋਗ ਮਾਂ-ਬਾਪ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਦਾ ਨਤੀਜਾ ਵੀ ਹੋ ਸਕਦੇ ਹਨ। ਸ਼ੂਗਰ ਰੋਗ ਦੇ ਸ਼ਿਕਾਰ ਇਕ ਜਾਂ ਦੋਹਾਂ ਮਾਪਿਆਂ ਦੀ ਨਜ਼ਰ ਵਿਚ ਗਲੂਕੋਮਾ/ਕੈਟਾਰੈਕਟ ਵੀ ਹੋ ਸਕਦੇ ਹਨ ਜੋ ਜਨਮ ਤੋਂ ਪਹਿਲਾਂ ਹੀ ਬੱਚੇ ਦੀਆਂ ਅੱਖਾਂ ਵਿਚ ਅੰਨ੍ਹੇਪਨ ਦਾ ਕਰਨ ਬਣ ਸਕਦੇ ਹਨ। ਮਾਂ ਦੇ ਜਣਨ ਅੰਗਾਂ ਦੀਆਂ ਇਨਫੈਕਸਨ ਫੈਲਾਉਣ ਵਾਲੀਆਂ ਬਿਮਾਰੀਆਂ ਹੋਣ ਤਾਂ ਉਨ੍ਹਾਂ ਦੀ ਵਜਹ ਕਰਕੇ ਵੀ ਬੱਚੇ ਦੀ ਨਜ਼ਰ ਜਨਮ ਤੋਂ ਬਾਅਦ ਪਰਭਾਵਿਤ ਹੋ ਸਕਦੀ ਹੈ ਜਿਸ ਲਈ ਬਚਾਅ ਵਜੋਂ ਜਨਮ ਸਮੇਂ ਹੀ ਬੱਚੇ ਦੀਆਂ ਅੱਖਾਂ ਕਿਸੇ ਸੌਫਟ ਐਂਟੀਸੈਪਟਿਕ ਸਲੂਸ਼ਨ ਨਾਲ ਧੋ ਦੇਣੀਆਂ ਚਾਹੀਦੀਆਂ ਹਨ।

ਅੰਡਰ ਡਿਵੈਲਪ ਚਾਈਲਡ ਭਾਵ ਉਹ ਬੱਚੇ ਜਿਹੜੇ ਮਾਂ ਦੇ ਪੇਟ ਵਿਚ ਹੀ ਖ਼ੁਰਾਕ ਦੀ ਕਮੀ ਦਾ ਸ਼ਿਕਾਰ ਹੁੰਦੇ ਹਨ ਉਨ੍ਹਾਂ ਦਾ ਜੀਵਨ ਕਰਮ ਤੇ ਸਰੀਰਕ ਡਿਵੈਲਪਮੈਂਟ ਵੀ ਪਰਭਾਵਿਤ ਹੁੰਦੀ ਹੈ। ਇਸ ਲਈ ਐਂਟੀਨੇਟਲ ਕੇਅਰ ਭਾਵ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਮਾਂ ਦੀ ਰੁਟੀਨ ਚੈਕਅਪ ਹੁੰਦੀ ਰਹਿਣੀ ਚਾਹੀਦੀ ਹੈ ਤਾਂ ਕਿ ਕਿਸੇ ਵੀ ਕਮੀ ਪੇਸ਼ੀ ਦੇ ਨਤੀਜੇ ਸਾਹਮਣੇ ਆਉਣ ਤੋਂ ਪਹਿਲਾਂ ਹੀ ਅਗਾਊਂ ਉਪਚਾਰ ਕੀਤਾ ਜਾ ਸਕੇ ਤੇ ਬੱਚਾ ਤੰਦਰੁਸਤ ਪੈਦਾ ਹੋਵੇ।

ਕਈ ਵੇਰ ਜਨਮ ਸਮੇਂ ਬੱਚੇ ਦੇ ਦਿਮਾਗ 'ਤੇ ਪਿਆ ਪਰੈਸ਼ਰ ਅਗਰ ਕਿਸੇ ਨਰਵ ਸੈਂਟਰ ਨੂੰ ਪਰਭਾਵਤ ਕਰਦਾ ਹੈ ਤਾਂ ਵੀ ਉਸ ਨਰਵ ਦੇ ਕੰਟਰੋਲ ਵਾਲੇ ਅੰਗਾਂ ਦੀ ਬਣਤਰ ਤੇ ਕਿਰਿਆ ਪਰਭਾਵਿਤ ਹੁੰਦੀ ਹੈ ਬਲਕਿ ਕਈ ਵੇਰ ਜੰਮਦਿਆਂ ਹੀ ਉਨ੍ਹਾਂ ਅੰਗਾਂ ਦੀ ਕਿਰਿਆ ਲੋੜ ਤੋਂ ਘੱਟ ਜਾਂ ਬਿਲਕੁਲ ਹੀ ਖਤਮ ਵੀ ਹੋ ਸਕਦੀ ਹੈ। ਜਿਵੇਂ ਔਪਟਿਕ ਨਰਵ 'ਤੇ ਪਿਆ ਜਨਮ ਸਮੇਂ ਦਾ ਪਰੈਸ਼ਰ ਕਈ ਵੇਰ ਨਾਰਮਲ ਸਮੇਂ ਵਿਚ ਅੱਖਾਂ ਦੀ ਕਿਰਿਆ ਨਾਰਮਲ ਨਹੀਂ ਹੋਣ ਦਿੰਦਾ ਜਾਂ ਜਮਾਂਦਰੂ ਟੈਂਪਰੇਰੀ ਅੰਨ੍ਹਾਪਨ ਜਾਂ ਪਰਮਾਨੈਂਟ ਅੰਨ੍ਹਾਪਨ ਵੀ ਹੋ ਸਕਦਾ ਹੈ। ਪਰ ਇਹ ਜ਼ਰੂਰੀ ਨਹੀਂ ਕਿ ਔਪਟਿਕ ਨਰਵ ਉੱਪਰ ਪਏ ਪਰੈਸ਼ਰ ਕਰਕੇ ਅਗਰ ਨਰਵ ਪੈਰਾਲਾਈਸਿਸ ਹੋ ਗਿਆ ਹੋਵੇ ਤਾਂ ਇਸ ਨਾਲ ਪੈਦਾ ਹੋਇਆ ਜਮਾਂਦਰੂ ਅੰਨ੍ਹਾਪਨ ਸਦਾ ਵਾਸਤੇ ਹੀ ਹੋਵੇ। ਕਿਉਂਕਿ ਜਨਮ ਸਮੇਂ ਦੇ ਪਰੈਸ਼ਰ ਕਾਰਨ ਪੈਦਾ ਹੋਏ ਅਸਰ ਇਕ ਰੁਟੀਨ ਸਮੇਂ ਵਿਚ ਆਪਣੇ ਆਪ ਠੀਕ ਹੋਣ ਲੱਗਦੇ ਹਨ। ਜਿਸ ਕਰਕੇ ਅੱਖਾਂ, ਕੰਨ, ਜੀਭ ਨਾਲ ਸੰਬੰਧਿਤ ਤੇ ਕਈ ਹੋਰ ਦੂਸਰੇ ਨਰਵ ਫੰਕਸ਼ਨਾਂ ਨਾਲ ਸੰਬੰਧਿਤ ਕਿਰਿਆਵਾਂ ਠੀਕ ਹੋ ਜਾਂਦੀਆਂ ਹਨ।

ਅਸੀਂ ਕਈ ਵਾਰ ਇਨ੍ਹਾਂ ਕਿਰਿਆਵਾਂ ਨੂੰ ਚਮਤਕਾਰਾਂ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਾਂ। ਪਰ ਯਾਦ ਰੱਖਣ ਵਾਲੀ ਗੱਲ ਹੈ ਕਿ ਚਮਤਕਾਰ ਹੁੰਦੇ ਨਹੀਂ ਹਰ ਕਰਮ ਦਾ ਆਪਣਾ ਇਕ ਨਿਯਮ ਤੇ ਸਮਾਂ ਹੁੰਦਾ ਹੈ ਜਿਸ ਮੁਤਾਬਿਕ ਉਹ ਕਰਮ ਚੱਲਦੇ ਰਹਿੰਦੇ ਹਨ। ਸਾਡੀ ਇਨ੍ਹਾਂ ਨਿਯਮਾਂ ਸੰਬੰਧੀ ਅਗਿਆਨਤਾ ਕਰਕੇ ਅਸੀਂ ਇਨ੍ਹਾਂ ਨੂੰ ਚਮਤਕਾਰ ਕਰਕੇ ਪ੍ਰਚਾਰਦੇ ਹਾਂ। ਪਰ ਸਰੀਰ ਦੀ ਹਰੇਕ ਡੈਮੇਜ ਜੋ ਵੱਖ-ਵੱਖ ਤਰ੍ਹਾਂ ਦੇ ਟਿਸ਼ੂਜ਼ ਦੀ ਡੈਮੇਜ ਹੁੰਦੀ ਹੈ ਉਨ੍ਹਾਂ ਦੀ ਰਿਪੇਅਰ ਦਾ ਸਮਾਂ ਕੁਦਰਤ ਵੱਲੋਂ ਨਿਸ਼ਚਿਤ ਕੀਤਾ ਹੋਇਆ ਹੈ ਤੇ ਹਰੇਕ ਟਿਸ਼ੂ ਦੀ ਰਿਪੇਅਰ ਦਾ ਆਪਣਾ ਵੱਖਰਾ ਸਮਾਂ ਹੈ। ਜਿਵੇਂ ਅੱਖਾਂ ਦੇ ਅੰਨ੍ਹੇਪਨ ਦੇ ਸੰਬੰਧ ਵਿਚ ਔਪਟਿਕ ਨਰਵ ਡੈਮੇਜ ਦੇ ਠੀਕ ਹੋਣ ਦਾ ਆਪਣਾ ਸਮਾਂ ਹੈ। ਜੋ ਸਾਲਾਂ ਨਾਲ ਵੀ ਸੰਬੰਧਿਤ ਹੋ ਸਕਦਾ ਹੈ। ਅਗਰ ਵੱਧ ਡੈਮੇਜ ਹੈ ਤਾਂ ਵੱਧ ਸਮਾਂ ਲੱਗ ਸਕਦਾ ਹੈ। ਸਰੀਰ ਵਿਚ ਨਰਵ ਟਿਸ਼ੂ ਸਭ ਤੋਂ ਜ਼ਿਆਦਾ ਸਮਾਂ ਰਿਪੇਅਰ ਲਈ ਲੈਂਦੇ ਹਨ।

ਮਿਸਾਲ ਵਜੋਂ ਟੁੱਟੀ ਹੱਡੀ ਵਾਸਤੇ ਡਾਕਟਰ ਡੇਢ ਮਹੀਨੇ ਦਾ ਪਲਸਤਰ ਲਗਾਉਂਦੇ ਹਨ ਕਿਉਂਕਿ ਹੱਡੀ ਦੀ ਰਿਪੇਅਰ ਦਾ ਸਮਾਂ ਕੁਦਰਤ ਵੱਲੋਂ ਨਿਸ਼ਚਿਤ ਛੇ ਹਫ਼ਤਿਆਂ ਦਾ ਹੈ। ਇਵੇਂ ਹੀ ਵੱਖ-ਵੱਖ ਟਿਸ਼ੂਆਂ ਦੀ ਰਿਪੇਅਰ ਦਾ ਸਮਾਂ ਵੀ ਵੱਖਰਾ-ਵੱਖਰਾ ਹੈ। ਜਦ ਉਸ ਟਿਸ਼ੂ ਦੀ ਰਿਪੇਅਰ ਦਾ ਸਮਾਂ ਪੂਰਾ ਹੁੰਦਾ ਹੈ ਤਾਂ ਉਸ ਨਰਵ ਦਾ ਫੰਕਸ਼ਨ ਸਹੀ ਹੋਣ ਲਗਦਾ ਹੈ ਪਰ ਅਸੀਂ ਇਸ ਨੂੰ ਆਖਰੀ ਪੂਜੇ ਦੇਵੀ ਦੇਵਤੇ ਜਾਂ ਜਿਸ 'ਤੇ ਅਸੀਂ ਸ਼ਰਧਾ ਕੀਤੀ ਹੁੰਦੀ ਹੈ ਉਸ ਦੇ ਨਾਂ ਨੂੰ ਇਸ ਦਾ ਕਰੈਡਿਟ ਦੇ ਦਿੰਦੇ ਹਾਂ। ਜੋ ਅਸਲ ਵਿਚ ਅਜੇਹਾ ਹੁੰਦਾ ਨਹੀਂ ਹੈ ਬਲਕਿ ਕੁਦਰਤੀ ਨਰਵ ਟਿਸ਼ੂ ਦੀ ਰਿਪੇਅਰ ਦਾ ਸਮਾਂ ਪੂਰਾ ਹੋਣ 'ਤੇ ਜੇ ਕੋਈ ਹੋਰ ਉਸ ਵਿਚ ਰੁਕਾਵਟ ਨਹੀਂ ਹੈ ਤਾਂ ਉਹ ਅੰਗ ਠੀਕ ਹੋਣ ਲਗਦਾ ਹੈ।

ਸੋ ਅਜੇਹੇ ਕਾਰਨਾਂ ਵਿਚ ਲੋੜੀਂਦਾ ਇਹਤਿਆਤ ਅਤੇ ਉਪਚਾਰ ਕੀਤਾ ਜਾਣਾ ਚਾਹੀਦਾ ਹੈ। ਵੈਸੇ ਜਨਮ ਸਮੇਂ ਕਿਉਂਕਿ ਹਰ ਐਕਟੀਵਿਟੀ ਬੱਚੇ ਦੀ ਪੈਸਿਵ ਮੋਡ ਵਿਚ ਚੱਲ ਰਹੀ ਹੁੰਦੀ ਹੈ ਤੇ ਨਰਵਜ਼ ਦੇ ਸਿਸਟਮ ਦਾ ਫੰਕਸ਼ਨ ਵੀ ਪੂਰਾ

*(ਬਾਕੀ ਸਫਾ 26 'ਤੇ)*

**ਸ਼ਬਦ ਜੋਤ**

# ਜ਼ਮੀਨ ਦੀ ਵੱਤਰ ਪਰਖਣਾ ਜ਼ਰੂਰੀ ਹੁੰਦੈ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਜਾਗਦੇ ਹੋਇਆਂ ਸੁਪਨਾ ਲੈਣ ਤੋਂ ਵੀ ਪਹਿਲਾਂ ਜ਼ਰੂਰੀ ਹੁੰਦਾ ਨੈਣਾਂ ਵਿਚ ਸੁਪਨਾ ਉਗਾਉਣ ਦੀ ਤਾਂਘ ਹੋਣਾ।

ਸਫ਼ਲਤਾ ਦਾ ਸਿਰਨਾਵਾਂ ਬਣਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਹੈ ਕਿ ਸਾਨੂੰ ਪਤਾ ਹੋਵੇ ਕਿ ਕਈ ਵਾਰ ਅਸਫਲਤਾ ਹੀ ਸਫ਼ਲਤਾ ਲਈ ਪਹਿਲਾ ਕਦਮ ਵੀ ਹੁੰਦੀ ਆ।

ਕੋਰੇ ਸਫ਼ਿਆਂ 'ਤੇ ਕੁਝ ਵੀ ਲਿਖਣ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ ਤੁਹਾਡੇ ਅਵਚੇਤਨ ਵਿਚ ਮਚਲਦੇ ਵਲਵਲਿਆਂ ਅਤੇ ਭਾਵਾਂ ਨੂੰ ਸੂਤਰਬੱਧ ਕਰਨਾ।

ਉਨੀਂਦਰੀਆਂ ਅੱਖਾਂ ਖੋਲ੍ਹਣ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ ਕਿ ਮਨ ਵਿਚ ਅੱਖਾਂ ਖੋਲ੍ਹਣ ਦੀ ਲੋੜ ਪੈਦਾ ਹੋਵੇ।

ਰਾਹਾਂ ਵਿਚ ਉਗੀਆਂ ਖੱਡੇ ਤੇ ਖਾਈਆਂ ਤੋਂ ਬਚਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਹੈ ਕਿ ਅਸੀਂ ਖੁੱਲ੍ਹੀਆਂ ਅੱਖਾਂ ਨਾਲ ਸਫ਼ਰ ਤੇ ਤੁਰੀਏ।

ਮਿਲਣ ਨਾਲੋਂ ਵੀ ਜ਼ਰੂਰੀ ਹੁੰਦਾ ਏ ਮਨ ਵਿਚ ਆਪਣੇ ਪਿਆਰੇ ਨੂੰ ਮਿਲਣ ਦੀ ਤਲਬ ਪੈਦਾ ਹੋਣਾ।

ਸਫ਼ਰ ਨਾਲੋਂ ਵੀ ਅਹਿਮ ਹੁੰਦਾ ਹੈ ਪੈਰਾਂ ਵਿਚ ਸਫ਼ਰ ਪੈਦਾ ਕਰਨ ਦੀ ਤਲਬ ਪੈਦਾ ਕਰਨਾ।

ਗਿਆਨ ਪ੍ਰਾਪਤ ਕਰਨ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ ਕਿ ਸਾਡੀ ਚੇਤਨਾ ਵਿਚ ਗਿਆਨ ਪ੍ਰਾਪਤੀ ਦੀ ਸਿੱਕ ਹੋਣੀ ਚਾਹੀਦੀ ਹੈ।

ਗਿਆਨ ਵੰਡਣ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੁੰਦਾ ਹੈ ਕਿ ਸਾਡਾ ਗਿਆਨ ਸਹੀ ਮਾਅਨਿਆਂ ਵਿਚ ਕਿਸੇ ਨੂੰ ਦੇਣ ਦੇ ਯੋਗ ਵੀ ਹੈ?

ਹਰਫ਼ਾਂ ਨਾਲ ਸੰਵਾਦ ਰਚਾਉਣ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ ਕਿ ਸਾਨੂੰ ਸੰਵਾਦ ਰਚਾਉਣ ਦੀ ਜਾਚ ਵੀ ਆਉਣੀ ਚਾਹੀਦੀ ਹੈ ਅਤੇ ਇਹ ਵੀ ਪਤਾ ਹੋਵੇ ਕਿ ਸੰਵਾਦ ਕਿਉਂ ਜ਼ਰੂਰੀ ਹੁੰਦਾ?

ਮੱਤਾਂ ਦੇਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਖ਼ੁਦ ਨੂੰ ਪਤਾ ਹੋਵੇ ਕਿ ਅਸੀਂ ਮੱਤਾਂ ਦੇਣ ਜੋਗੇ ਹੋਏ ਵੀ ਹਾਂ ਕਿ ਨਹੀਂ। ਨਿਆਣੀਆਂ ਮੱਤਾਂ ਕਈ ਵਾਰ ਖ਼ਤਰਨਾਕ ਹੁੰਦੀਆਂ।

ਜ਼ਮੀਨ ਵਿਚ ਬੀਜ ਕੇਰਨ ਤੋਂ ਪਹਿਲਾਂ ਇਹ ਜਾਣਨਾ ਬਹੁਤ ਜ਼ਰੂਰੀ ਹੁੰਦਾ ਕਿ ਪਰਖ ਲਿਆ ਜਾਵੇ ਕਿ ਜ਼ਮੀਨ ਵੱਤਰ ਵੀ ਹੈ ਕਿ ਨਹੀਂ।

ਕਦਰਾਂ ਕੀਮਤਾਂ ਦਾ ਪਾਠ ਪੜਾਉਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਬੰਦਾ ਖ਼ੁਦ ਕਦਰਾਂ-ਕੀਮਤਾਂ ਦਾ ਧਾਰਨੀ ਹੋਵੇ।

ਬਜ਼ੁਰਗ ਮਾਪਿਆਂ ਦਾ ਅਦਬ ਕਰਨ ਦੀ ਸਿੱਖਿਆ ਦੇਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਿੱਖਿਆ ਦੇਣ ਵਾਲੇ ਖ਼ੁਦ ਆਪਣੇ ਮਾਪਿਆਂ ਦਾ ਸਤਿਕਾਰ ਕਰਦਾ ਹੋਵੇ।

ਬਜ਼ੁਰਗਾਂ ਨੂੰ ਆਖ਼ਰੀ ਉਮਰੇ ਨਾ ਰੋਲਣ ਦੀਆਂ ਸਲਾਹਾਂ ਦੇਣ ਵਾਲੇ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਉਸ ਨੇ ਆਪਣੇ ਮਾਪਿਆਂ ਨੂੰ ਘਰ ਦੇ ਪਿਛਵਾੜੇ ਵਿਚ ਨਾ ਧਕੇਲਿਆ ਹੋਵੇ।

ਨੇਕ ਕਾਰਜ ਕਰਨ ਤੋਂ ਵੀ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਦਿਲ ਵਿਚ ਭਲੇ ਦਾ ਕਾਰਜ ਕਰਨ ਦਾ ਚਾਅ ਪੈਦਾ ਹੋਣਾ ਚਾਹੀਦਾ।

ਲੋੜਵੰਦਾਂ ਦੀ ਮਦਦ ਕਰਨ ਦਾ ਹੰਭਲਾ ਮਾਰਨ ਤੋਂ ਪਹਿਲਾਂ ਮਦਦ ਕਰਨ ਵਾਲਿਆਂ ਲਈ ਇਹ ਜ਼ਰੂਰੀ ਹੁੰਦਾ ਕਿ ਉਨ੍ਹਾਂ ਨੂੰ ਪਤਾ ਹੋਵੇ ਕਿ ਸਰਬੱਤ ਦੇ ਭਲੇ ਦੇ ਕੀ ਅਰਥ ਹਨ?

ਕਿਸੇ ਦੇ ਜ਼ਖ਼ਮਾਂ ਤੇ ਮਰਹਮ ਲਾਉਣ ਤੋਂ ਵੀ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਕਿਸੇ ਦੇ ਜਖਮ ਨੂੰ ਦੇਖ ਕੇ ਅੱਖ ਭਰ ਆਵੇ। ਕਿਸੇ ਜ਼ਰੂਰਤਮੰਦ ਦੀ ਸਹਾਇਤਾ ਕਰਨ ਤੋਂ ਵੀ ਪਹਿਲਾਂ ਸਾਡੇ ਮਨ ਵਿਚ ਇਹ ਭਾਵਨਾ ਹੋਵੇ ਕਿ ਸਮੇਂ ਸਿਰ ਕੀਤੀ ਹੋਈ ਸਹਾਇਤਾ ਤੁਹਾਨੂੰ ਅਸੀਸਾਂ ਨਾਲ ਮਾਲਾ-ਮਾਲ ਕਰੇਗੀ

ਕਿਸੇ ਦੇ ਚਿਹਰੇ 'ਤੇ ਉਗੀਆਂ ਘਰਾਲ਼ਾਂ ਨੂੰ ਪੂੰਝਣ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੁੰਦਾ ਦਰਦਵੰਤੇ ਦੇ ਦਰਦ ਵਿਚ ਸਾਡੇ ਦੀਦਿਆਂ ਨੂੰ ਛਲਕਣ ਦੀ ਜਾਚ ਹੋਵੇ।

ਕਿਸੇ ਦੀਆਂ ਪ੍ਰਾਪਤੀ ਦੇ ਜਸ਼ਨਾਂ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਾਡੀ ਰੂਹ ਵਿਚ ਉਸ ਦੀਆਂ ਪ੍ਰਾਪਤੀਆਂ ਦਾ ਨਾਦ ਗੂੰਜਦਾ ਹੋਵੇ।

ਕਿਸੇ ਨੂੰ ਚਾਹ ਦੇ ਕੱਪ ਤੇ ਮਿਲਣ ਦਾ ਸੱਦਾ ਦੇਣ ਤੋਂ ਪਹਿਲਾਂ ਜਰੂਰੀ ਹੁੰਦਾ ਕਿ ਸਾਡੇ ਮਨ ਵਿਚ ਪ੍ਰਾਹੁਣਚਾਰੀ ਦੀ ਰਹੁਰੀਤ ਮੌਲਦੀ ਹੋਵੇ।

ਸੱਜਣ ਪਿਆਰੇ ਨਾਲ ਕੁਝ ਪਲ ਸਾਂਝੇ ਕਰਨ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਸੱਜਣ ਨੂੰ ਮਿਲਣ ਦੀ ਤਲਬ ਹਿਚਕੀ ਬਣ ਕੇ ਸਾਨੂੰ ਯਾਦ ਕਰਵਾਉਂਦੀ ਰਹੇ।

ਮਿੱਤਰ ਪਿਆਰਿਆਂ ਨਾਲ ਗੁਫ਼ਤਗੂ ਕਰਨ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਸਾਨੂੰ ਗੁਫ਼ਤਗੂ ਕਰਨ ਦੀ ਜਾਚ ਹੋਵੇ।

ਗਿਆਨ-ਗੋਸ਼ਟਿ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਤੁਹਾਨੂੰ ਪਤਾ ਹੋਵੇ ਕਿ ਤੁਸੀਂ ਕਿਸ ਨਾਲ ਅਤੇ ਕਿਸ ਮਕਸਦ ਲਈ ਗਿਆਨ-ਗੋਸ਼ਟਿ ਕਰਨਾ ਚਾਹੁੰਦੇ ਹੋ।

ਸ਼ਬਦਕਾਰੀ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਾਡੇ ਖ਼ਿਆਲਾਂ ਵਿਚ ਸ਼ਬਦ ਸੰਵੇਦਨਾ ਦਾ ਖ਼ਾਕਾ ਤਿਆਰ ਹੋਵੇ।

ਕਵਿਤਾ ਲਿਖਣ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੁੰਦਾ ਕਿ ਬੰਦਾ ਖ਼ੁਦ ਕਵਿਤਾ ਕਵਿਤਾ ਹੋ ਕੇ ਕਵਿਤਾ ਵਿਚ ਉਲਥਾਇਆ ਹੋਵੇ।

ਮੁਹੱਬਤ ਦਾ ਸੂਹਾ ਰੰਗ ਮਾਣਨ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਪ੍ਰੇਮੀ ਦਾ ਅੰਤਰੀਵ ਮੁਹੱਬਤ ਵਿਚ ਪਿਘਲਿਆ ਹੋਵੇ।

ਸੰਗੀਤ ਦਾ ਅਨੰਦ ਮਾਣਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਾਨੂੰ ਸੰਗੀਤ ਅਤੇ ਸ਼ੋਰ ਵਿਚਲਾ ਫ਼ਰਕ ਪਤਾ ਹੋਵੇ ਅਤੇ ਜਾਚ ਹੋਵੇ ਕਿ ਮਨ ਨੂੰ ਕਿਵੇਂ ਸੁਰਬੱਧ ਕਰਨਾ ਹੈ?

ਚੁੱਪ ਦਾ ਸੰਗ ਮਾਣਨ ਤੋਂ ਪਹਿਲਾਂ ਸਾਨੂੰ ਪਤਾ ਹੋਵੇ ਕਿ ਚੁੱਪ ਅਤੇ ਰੌਲ਼ੇ ਵਿਚ ਕੀ ਅੰਤਰ ਹੁੰਦਾ। ਇਹ ਤੋਂ ਜ਼ਰੂਰੀ ਹੁੰਦਾ ਕਿ ਸਾਨੂੰ ਸਮਝ ਹੋਵੇ ਕਿ ਇਲਹਾਮੀ ਅਤੇ ਮਾਤਮੀ ਚੁੱਪ ਵਿਚ ਕੀ ਹੈ ਵਖਰੇਵਾਂ।

ਮਨ ਦੀਆਂ ਮੁਹਾਰਾਂ ਨੂੰ ਚਾਨਣ-ਰੱਤੀਆਂ ਰਾਹਾਂ ਦਾ ਹਾਣੀ ਬਣਾਉਣ ਲਈ ਜ਼ਰੂਰੀ ਹੁੰਦਾ ਕਿ ਸਮਝ ਹੋਵੇ ਕਿ ਮਨ ਦੀ ਭਟਕਣ ਦਾ ਕਾਰਨ ਕੀ ਹੈ ਅਤੇ ਇਸ ਦੀਆਂ ਅਮੋੜ ਭਾਵਨਾਵਾਂ ਨੂੰ ਕਿਵੇਂ ਸੇਧਤ ਕੀਤਾ ਜਾ ਸਕਦਾ?

ਰਿਸ਼ਤਿਆਂ ਨੂੰ ਨਿਭਾਉਣ 'ਤੋਂ ਪਹਿਲਾਂ ਇਹ ਸਮਝ ਲੈਣਾ ਜ਼ਰੂਰੀ ਹੁੰਦਾ ਕਿ ਸਮਾਜਿਕ ਰਿਸ਼ਤਿਆਂ ਦੇ ਅਰਥ ਕੀ ਹਨ, ਭਾਵਨਾ ਕੀ ਹੈ ਅਤੇ ਇਸ ਨੂੰ ਨਿਭਾਉਣ ਵਿਚੋਂ ਬੰਦਾ ਕੀ ਹਾਸਲ ਕਰਦਾ?

ਰਿਸ਼ਤਿਆਂ ਨੂੰ ਪਰਖਣ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਸਾਨੂੰ ਇਹ ਤਾਂ ਪਤਾ ਹੋਵੇ ਕਿ ਪਾਕੀਜ਼ ਅਤੇ ਪਲੀਤ, ਅਪਣੱਤ ਅਤੇ ਨਿਰਮੋਹੇ, ਨਿੱਜਤਾ ਅਤੇ ਸਰਬੱਤੀ ਰਿਸ਼ਤਿਆਂ ਵਿਚ ਕੀ ਵਖਰੇਵਾਂ ਹੁੰਦਾ।

ਦਿਲ ਦੇ ਦਰਦ ਦਾ ਫ਼ਿਕਰ ਕਰਨ ਤੋਂ ਵੀ ਪਹਿਲਾਂ ਸਮਝਣਾ ਜ਼ਰੂਰੀ ਹੁੰਦਾ ਕਿ ਦਰਦ ਕਿਸ ਨੇ, ਕਿਵੇਂ, ਕਦੋਂ ਅਤੇ ਕਿਹੜੀ ਹਾਲਾਤ ਵਿਚ ਮੇਰੇ ਨਾਮ ਕੀਤਾ?

ਦਿਲ ਦੀਆਂ ਪਰਤਾਂ ਨੂੰ ਕਿਸੇ ਕੋਲ ਫਰੋਲਨ ਤੋਂ ਵੀ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਾਨੂੰ ਪਤਾ ਹੋਵੇ ਕਿ ਜਿਸ ਨਾਲ ਦਰਦ ਦੀਆਂ ਬਾਤਾਂ ਪਾਉਣੀਆਂ ਨੇ, ਕੀ ਉਹ ਦਿਲਦਾਰ ਹੈ ਜਾਂ ਯਾਰ ਮਾਰ ਹੈ?

ਰੂਹ ਦੀਆਂ ਰਮਜ਼ਾਂ ਅਤੇ ਰਾਜ਼ ਭਰੀ ਗੁਫ਼ਤਗੂ ਕਰਨ ਤੋਂ ਵੀ ਪਹਿਲਾਂ ਸਾਨੂੰ ਇਲਮ ਹੋਵੇ ਕਿ ਰੂਹ ਦੀ ਕਿਹੜੀ ਭਾਸ਼ਾ, ਬੋਲੀ ਅਤੇ ਅੰਦਾਜ਼ ਰਾਹੀਂ ਇਸ ਦੀਆਂ ਪਰਤਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ?

ਵਗਦੇ ਦਰਿਆ ਵਿਚੋਂ ਪਾਣੀ ਦਾ ਬੁੱਕ ਭਰਨ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੁੰਦਾ ਕਿ ਕੀ ਇਹ ਦਰਿਆ ਪਿਘਲੀ ਹੋਈ ਬਰਫ਼ ਦੇ ਸਰੋਤ ਵਿਚੋਂ ਪੈਦਾ ਹੋਇਆ ਜਾਂ ਗੰਧਲੇ ਪਾਣੀਆਂ ਦਾ ਵਹਾਅ ਹੈ? ਪਤਾ ਤਾਂ ਇਹ ਵੀ ਹੋਣਾ ਚਾਹੀਦਾ ਕਿ ਕਿਧਰੇ ਇਹ ਦਰਿਆ ਬਰੇਤਿਆਂ ਦੀ ਬਸਤੀ ਦਾ ਰਹਿਨੁਮਾ ਤਾਂ ਨਹੀਂ?

ਬੋਲਾਂ ਵਿਚੋਂ ਭਾਵਾਂ ਦੀ ਅਰਥਕਾਰੀ ਕਰਨ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਸਾਨੂੰ ਬੋਲਾਂ ਨੂੰ ਸੁਣਨ, ਪਹਿਚਾਨਣ, ਅਤੇ ਇਸ ਦੀ ਤਾਸੀਰ ਨੂੰ ਸਮਝਣ ਦਾ ਵੱਲ ਅਤੇ ਨਜ਼ਰੀਏ ਦਾ ਵੀ ਪਤਾ ਹੋਵੇ।

ਬੂਹੇ ਤੇ ਉਗੀ ਉਡੀਕ ਦੇ ਨੈਣਾਂ ਵਿਚ ਵਗਦੇ ਖਾਰੇ ਪਾਣੀ ਨੂੰ ਸੁਕਾਉਣ ਤੋਂ ਪਹਿਲਾਂ ਇਹ ਸਮਝ ਤਾਂ ਹੋਵੇ ਕਿ ਇਹ ਖਾਰਾ ਪਾਣੀ ਆਪਣਿਆਂ ਜਾਂ ਬਿਗਾਨਿਆਂ ਨੇ ਦਰਾਂ ਦੇ ਨਾਮ ਕੀਤਾ?

ਘਰ ਦੀ ਉਦਾਸੀ ਦਾ ਕੋਈ ਹੱਲ ਕਰਨ ਤੋਂ ਵੀ ਪਹਿਲਾਂ ਇਹ ਸਮਝਣਾ ਜ਼ਰੂਰੀ ਹੁੰਦਾ ਕਿ ਉਦਾਸੀ ਦੀਆਂ ਪਰਤਾਂ ਘਰਵਾਲਿਆਂ ਨੇ ਹੀ ਕਿਉਂ ਚਾੜ੍ਹੀਆਂ? ਕਿਉਂ ਨਾ ਘਰ ਵਾਲਿਆਂ ਨੂੰ ਘਰਾਂ ਨੂੰ ਪਰਤਣਾ ਯਾਦ ਰਿਹਾ।

ਪ੍ਰਦੇਸ ਤੁਰ ਗਿਆ ਨੂੰ ਯਾਦ ਕਰਕੇ ਹੰਝੂ ਵਹਾਉਣ ਤੋਂ ਵੀ ਪਹਿਲਾਂ ਸਾਨੂੰ ਇਹ ਵੀ ਸੋਚਣਾ ਹੋਵੇਗਾ ਕਿ ਦਿਲਜਾਨੀਆਂ ਨੂੰ ਪਰਦੇਸੀ ਹੋਣ ਲਈ ਮਜਬੂਰ ਕਿਉਂ ਹੋਣਾ ਪਿਆ?

ਬਨੇਰਿਆਂ ਦੀ ਮਾਯੂਸੀ ਨੂੰ ਹਰਨ ਤੋਂ ਪਹਿਲਾਂ ਇਹ ਤਾਂ ਪਤਾ ਹੋਵੇ ਕਿ ਹੁਣ ਕਿਉਂ ਨਹੀਂ ਕੋਈ ਕਾਂ ਬਨੇਰੇ ਤੇ ਬੋਲਦਾ?

ਚਾਨਣ ਦਾ ਵਿਗੋਚਾ ਹੰਢਾ ਰਹੇ ਵਿਹੜੇ ਨੂੰ ਚਾਨਣ ਦਾ ਵਰਦਾਨ ਦੇਣ ਤੋਂ ਵੀ ਪਹਿਲਾਂ ਇਹ ਸਮਝਣਾ ਦੀ ਲੋੜ ਹੈ ਕਿ ਹੁਣ ਕਿਉਂ ਨਹੀਂ ਸਰਘੀ ਦੀ ਲੋਅ ਪੌੜੀਆਂ ਉਤਰਦੀ?

ਰਾਤ ਦੇ ਘੁੱਪ ਹਨੇਰੇ ਵਿਚ ਡੁੱਬੇ ਹੋਏ ਘਰ ਨੂੰ ਚਾਨਣੀ ਨਾਲ ਨਹਾਉਣ ਤੋਂ ਪਹਿਲਾਂ ਇਹ ਤਾਂ ਪਤਾ ਹੋਵੇ ਕਿ ਚੰਨ-ਚਾਨਣੀ ਨੇ ਕਿਉਂ ਵੱਸਦੇ ਰਸਦੇ ਘਰ ਤੋਂ ਮੁੱਖ ਮੋੜ ਲਿਆ?

ਮਾਂ ਦੇ ਕਦਮਾਂ ਵਿਚ ਬੈਠਣ ਤੋਂ ਪਹਿਲਾਂ ਸਾਨੂੰ ਇਹ ਅਹਿਸਾਸ ਤਾਂ ਹੋਣਾ ਚਾਹੀਦਾ ਕਿ ਮਾਂ ਦੇ ਪੈਰਾਂ ਵਿਚ ਜੰਨਤ ਵੱਸਦੀ ਹੈ। ਰੱਬ ਦੀ ਜੰਨਤ ਤਾਂ ਸ਼ਾਇਦ ਕਿਸੇ ਨੇ ਨਾ ਦੇਖੀ ਹੋਵੇ ਪਰ ਮਾਂ ਦੀ ਜੰਨਤ ਦਾ ਜਲੌ ਤਾਂ ਬੱਚਾ ਹਰ ਦਮ ਮਾਣਦਾ ਹੈ।

ਧੁੱਪ ਵਿਚ ਬਾਪ ਦੇ ਪਰਨੇ ਦੀ ਛਾਵੇਂ ਤੁਰਨ ਤੋਂ ਵੀ ਪਹਿਲਾਂ ਇਹ ਤਾਂ ਪਤਾ ਹੋਵੇ ਕਿ ਬਾਪ ਦੀਆਂ ਛਾਂ ਵਿਚ ਧੁੱਪਾਂ ਨਾਲ ਝੁਲਸੀਆਂ ਰੀਝਾਂ ਵੀ ਪੁੰਗਰਨ ਲੱਗਦੀਆਂ ਨੇ।

ਵੀਰੇ ਦੀ ਹੂੰਗਰ ਵਿਚੋਂ ਦੁੱਖਾਂ ਅਤੇ ਪੀੜਾ ਨੂੰ ਦੂਰ ਕਰਨ ਤੋਂ ਪਹਿਲਾਂ ਸਾਡੇ ਚਿੱਤ ਵਿਚ ਇਹ ਭਾਵਨਾ ਹੋਣੀ ਜ਼ਰੂਰੀ ਕਿ ਖ਼ੂਨ ਦੇ ਰਿਸ਼ਤਿਆਂ ਨੂੰ ਪਾਕੀਜ਼ਗੀ ਅਤੇ ਪਕਿਆਈ ਸਿਰਫ਼ ਆਪਣੇ ਹੀ ਬਖ਼ਸ਼ਦੇ ਨੇ। ਵਰਦੀਆਂ ਗੋਲੀਆਂ ਅਤੇ ਛਵ੍ਹੀਆਂ ਦੀ ਰੁੱਤੇ ਆਪਣਿਆਂ ਦੀ ਢਾਲ ਵਿਚ ਕੋਈ ਕੁਝ ਵੀ ਨਹੀਂ ਵਿਗਾੜ ਸਕਦਾ।

ਕਿਸੇ ਨੂੰ ਨਾਂਹ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਸਾਨੂੰ ਇਹ ਤਾਂ ਸਮਝ ਹੋਵੇ ਕਿ ਨਾਂਹ ਕਿਉਂ ਜ਼ਰੂਰੀ ਅਤੇ ਇਸ ਨਾਂਹ ਦੇ ਕਿਸੇ ਦੇ ਜ਼ਿੰਦਗੀ ਲਈ ਕੀ ਅਰਥ ਹਨ?

ਕਿਸੇ ਨੂੰ ਹਾਂ ਕਰਨ ਤੋਂ ਪਹਿਲਾਂ ਇਹ ਅਤਿਅੰਤ ਜ਼ਰੂਰੀ ਹੁੰਦਾ ਕਿ ਸਾਨੂੰ ਅਹਿਸਾਸ ਹੋਵੇ ਸਾਡੀ ਹਾਂ ਵਿਚੋਂ ਕੋਈ ਸਖਸ਼ ਹਾਂ ਪੱਖੀ ਜਾਂ ਨਾਂ ਪੱਖੀ ਉਮੀਦ ਉਪਜਾਵੇਗਾ ਅਤੇ ਇਸ ਦਾ ਕੀ ਪ੍ਰਤੀਕਰਮ ਹੋਵੇਗਾ?

ਚਮਨ ਵਿਚ ਖਿੜੀ ਗੁਲਜ਼ਾਰ ਨਾਲ ਗੁਫ਼ਤਗੂ ਕਰਨ ਤੋਂ ਪਹਿਲਾਂ ਇਹ ਵੀ ਜਾਣਨਾ ਬਹੁਤ ਜ਼ਰੂਰੀ ਹੁੰਦਾ ਕਿ ਇਸ ਵੇਲੇ ਚਮਨ ਵਿਚ ਪਤਝੜ ਦਾ ਬਸੇਰਾ ਹੈ ਜਾਂ ਬਹਾਰ ਨੇ ਸਿਰ ਤੇ ਸਤਰੰਗੀ ਫੁਲਕਾਰੀ ਲਈ ਹੋਈ ਹੈ।

ਝੀਲ ਵਿਚ ਉੱਤਰੇ ਚੰਨ ਨੂੰ ਤੱਕਣ ਲਈ ਘਰੋਂ ਬਾਹਰ ਨਿਕਲਣ ਤੋਂ ਪਹਿਲਾਂ ਸਾਨੂੰ ਅਸਮਾਨ ਵੱਲ ਤੱਕਣਾ ਜ਼ਰੂਰੀ ਹੁੰਦਾ ਮਤਾਂ ਚੰਨ ਨੂੰ ਮੱਸਿਆ ਨੇ ਜਾਂ ਬੱਦਲਾਂ ਨੇ ਨਾ ਲਕੋਇਆ ਹੋਵੇ?

ਸਰਕਦੀ ਹਵਾ ਨਾਲ ਪੱਤਿਆਂ ਵਿਚ ਪੈਦਾ ਹੋਈ ਸੰਗੀਤਕ ਫ਼ਿਜ਼ਾ ਨੂੰ ਮਾਣਨ ਦਾ ਮਨ ਵਿਚ ਚਾਅ ਪੈਦਾ ਕਰਨ ਤੋਂ ਪਹਿਲਾਂ ਇਹ ਦੇਖਣਾ ਪਵੇਗਾ ਕਿ ਕਿਧਰੇ ਹਵਾ ਹੁੱਸੜੀ ਹੋਈ ਤਾਂ ਨਹੀਂ?

ਅਸਮਾਨ ਦੀ ਚਾਦਰ ਤੇ ਤਾਰਿਆਂ ਦੀਆਂ ਬੂਟੀਆਂ ਨੂੰ ਗਿਣਨ ਤੋਂ ਪਹਿਲਾਂ ਜ਼ਰੂਰੀ ਹੁੰਦਾ ਹੈ ਕਿ ਪਤਾ ਹੋਵੇ ਕਿ ਅਸਮਾਨ ਸਾਫ਼ ਵੀ ਹੈ ਜਾਂ ਗਹਿਰ ਨੇ ਤਾਰਿਆਂ ਨੂੰ ਲਕੋਇਆ ਹੋਇਆ ਹੈ?

ਮਨ ਦੇ ਭਾਵਾਂ ਦੀ ਸਰਗਮ ਵਿਚ ਰੂਹ ਨੂੰ ਸਰਸ਼ਾਰ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਮਨ ਅਤੇ ਰੂਹ ਦੀ ਪਾਕੀਜ਼ਗੀ ਤੁਹਾਡੀ ਸਭ ਤੋਂ ਵੱਡੀ ਅਮਾਨਤ ਹੋਵੇ।

ਮਸਤਕ 'ਤੇ ਸੋਚਾਂ ਤੇ ਸੁਪਨਿਆਂ ਨੂੰ ਉੱਕਰਨ ਤੋਂ ਪਹਿਲਾਂ ਜ਼ਰੂਰੀ ਹੁੰਦਾ ਕਿ ਸਾਨੂੰ ਸਮਝ ਹੋਵੇ ਕਿ ਸਾਡੇ ਸੁਪਨਿਆਂ ਅਤੇ ਸੋਚਾਂ ਦੀ ਤਾਸੀਰ ਅਤੇ ਤਕਦੀਰ ਕੀ ਹੈ?

ਪੋਟਿਆਂ ਵਿਚ ਕਲਮ ਫੜਨ ਤੋਂ ਪਹਿਲਾਂ ਇਸ ਅਹਿਸਾਸ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਕਿ ਸਾਨੂੰ ਇਹ ਸੋਝੀ ਹੋਵੇ ਕਿ ਕਲਮ ਦਾ ਧਰਮ ਅਤੇ ਕਰਮ ਕੀ ਹੁੰਦਾ ਹੈ?

ਭਾਵਨਾਵਾਂ ਨੂੰ ਪ੍ਰਗਟ ਕਰਨ ਤੋਂ ਪਹਿਲਾਂ ਸਾਨੂੰ ਇਹ ਜ਼ਰੂਰ ਸਮਝ ਲੈਣਾ ਚਾਹੀਦਾ ਕਿ ਸਾਡੀਆਂ ਭਾਵਨਾਵਾਂ ਦੇ ਦੂਸਰੇ ਲਈ ਕੀ ਮਾਅਨੇ ਹਨ ਜਾਂ ਭਾਵਨਾਵਾਂ ਦੇ ਪ੍ਰਗਟਾਅ ਨਾਲ ਸਾਡਾ ਸ਼ੋਸ਼ਣ ਤਾਂ ਨਹੀਂ ਹੋਵੇਗਾ?

ਕਿਸੇ ਦੇ ਅੰਦਰ ਪਿਘਲਣ ਤੋਂ ਪਹਿਲਾਂ ਇਹ ਪਤਾ ਕਰ ਲੈਣਾ ਵੀ ਜ਼ਰੂਰੀ ਹੁੰਦਾ ਕਿ ਕਿਧਰੇ ਅੰਦਰਲੀ ਤਪਸ਼ ਵਿਚ ਬੰਦੇ ਦਾ ਤਰਲ ਹੋ ਜਾਣਾ ਮੁਮਕਿਨ ਵੀ ਹੈ ਜਾਂ ਨਹੀਂ? ਆਪਣੇ ਆਪ ਨੂੰ ਮਿਲਣ ਤੋਂ ਪਹਿਲਾਂ ਇਹ ਜ਼ਰੂਰੀ ਹੁੰਦਾ ਕਿ ਅਸੀਂ ਜਾਣੀਏ ਕਿ ਆਪਣੇ ਆਪ ਨੂੰ ਕਿਸ ਰੂਪ ਵਿਚ ਮਿਲਣਾ ਹੈ।

# ਪਰਵਾਨੇ ਮੇਰੇ ਪਿੰਡ ਦੇ

ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਇੱਕ ਦਰਦ ਭਰੀ ਆਵਾਜ਼ ਫ਼ਿਜ਼ਾ ਨੂੰ ਦਰਦ ਵਿਚ ਵਲ੍ਹੇਟ ਦੇਂਦੀ। ਇਹ ਆਵਾਜ਼ ਸ੍ਰੀ ਨਰਾਇਣ ਸਿੰਘ ਨਿਹੰਗ ਦੀ ਸੀ। 'ਨਾਭੇ ਨੂੰ ਨਾ ਜਾਈਂ ਚੰਨ ਵੇ ਉੱਥੇ ਪੈਂਦੀ ਡਾਂਗਾਂ ਦੀ ਮਾਰ'। ਉਹ ਇੱਕ ਹੂਕ ਜਿਹੀ ਆਵਾਜ਼ ਕੱਢਦਾ। ਅਸਲ ਵਿਚ ਇਹ ਜੈਤੋ ਦੇ ਮੋਰਚੇ ਦਾ ਦਰਦ ਸੀ। ਨਰਾਇਣ ਸਿੰਘ ਨਿਹੰਗ ਕੌਣ ਸੀ, ਕਿਸੇ ਨੂੰ ਪਤਾ ਨਹੀਂ। ਕਿੱਥੋਂ ਆਉਂਦਾ, ਕਿੱਥੇ ਚਲਿਆ ਜਾਂਦਾ ਹੈ। ਇੱਕ ਪਤਾ ਹੈ ਉਹ ਮਹੀਨਾ ਭਰ ਸਾਡੇ ਪਿੰਡ ਦੇ ਨਾਹਰ ਪੱਤੀ ਦੇ ਦਰਵਾਜ਼ੇ ਵਿਚ ਠਹਿਰਦਾ। ਇਹ ਸਵੇਰੇ ਸਾਜਰੇ ਹੱਥ ਵਿਚ ਗੜਵਾ ਲੈ ਕੇ ਦੁੱਧ ਦੀ ਗਜ਼ਾ ਕਰਦਾ। ਉਹੋ ਵਿਰਲਾਪ ਵਰਗੀ ਆਵਾਜ਼ 'ਚ ਬੋਲਦਾ ਰਹਿੰਦਾ।



ਪਰ ਮੌਤ ਦੇ ਸੰਨਾਟੇ ਵਰਗੇ ਹਾਲਾਤ ਵਿਚ ਵੀ ਗੁਰੂ ਦੇ ਸਿੰਘ ਸਿਰ 'ਤੇ ਕੱਫਣ ਬੰਨ੍ਹ ਕੇ ਜੈਤੋ ਧੁੱਸ ਦੇ ਕੇ ਘੁਸ ਜਾਂਦੇ। ਮੇਰੇ ਪਿੰਡ ਦੇ ਕੁਝ ਸੱਜਣਾਂ ਨੇ ਤਲਵਾਰ ਦੀ ਧਾਰ 'ਤੇ ਤੁਰਨਾ ਪ੍ਰਵਾਨ ਕਰ ਲਿਆ। ਇਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ: (1) ਸ੍ਰ. ਜੋਗਿੰਦਰ ਸਿੰਘ, ਮੁਨਸ਼ਾ ਸਿੰਘ, ਚਪੜਾਸੀ ਦਾ ਭਾਈ, (2) ਸ. ਅਜੀਤ ਸਿੰਘ ਤਹਿਸੀਲਦਾਰਾਂ ਦੇ ਪਰਿਵਾਰ ਵਿਚੋਂ, (3) ਸਿਆਮਾ ਪੱਤੀ ਉਚਾਂਦ, (4) ਨਿਹਾਲ ਸਿੰਘ ਦੱਗੋ ਪੱਤੀ (5) ਆਤਮਾ ਸਿੰਘ ਮਿਸਤਰੀ। ਪੁਲੀਸ ਨੇ ਇਨ੍ਹਾਂ ਸਾਰੇ ਸੱਜਣਾਂ ਨੂੰ ਕੁੱਟ-ਕੁੱਟ ਕੇ ਸੜਕ 'ਤੇ ਲਿਟਾ ਦਿੱਤਾ ਤੇ ਇਹ ਮੁੜ ਸਿਹਤਯਾਬ ਨਹੀਂ ਹੋ ਸਕੇ। ਉਮਰ ਭਰ ਇਨ੍ਹਾਂ ਲੋਕਾਂ ਨੇ ਬਿਮਾਰਾਂ ਵਾਲੀ ਜ਼ਿੰਦਗੀ ਬਤੀਤ ਕੀਤੀ।

ਹਰਨੇਕ ਸਿੰਘ ਘੜੂੰਆਂ
ਫੋਨ: 98156-28998

ਇੱਕ ਜੋੜਾ ਹੋਰ ਬੱਬਰ ਅਕਾਲੀ ਲਹਿਰ ਵਿਚ ਕੁੱਦਿਆ, ਇਨ੍ਹਾਂ ਦਾ ਨਾਂ ਸੀ ਸ. ਮੰਨਾ ਸਿੰਘ ਤੇ ਮਾਤਾ ਜੀ ਦਾ ਨਾਮ ਸੀ ਸ੍ਰੀਮਤੀ ਪ੍ਰੇਮ ਕੌਰ। ਸ. ਮੰਨਾ ਸਿੰਘ ਆਪਣੇ ਨਿਸ਼ਾਨੇ 'ਤੇ ਬਿਜਲੀ ਵਾਂਗੂੰ ਝਪਟਦਾ ਤੇ ਇਸ ਕਰਕੇ ਇਸ ਦਾ ਨਾਂ ਬਿਜਲਾ ਸਿੰਘ ਪੈ ਗਿਆ। ਕਾਫ਼ੀ ਦੇਰ ਇਸ ਜੋੜੀ ਨੇ ਆਪਣੀਆਂ ਗਤੀਵਿਧੀਆਂ ਜਾਰੀ ਰੱਖੀਆਂ, ਅੰਤ ਵਿਚ ਇਹ ਜੋੜੀ ਲਾਹੌਰ ਤੋਂ ਗ੍ਰਿਫ਼ਤਾਰ ਕਰ ਲਈ ਗਈ। ਇਨ੍ਹਾਂ ਨੂੰ ਮੀਆਂਵਾਲੀ ਜੇਲ੍ਹ ਭੇਜ ਦਿੱਤਾ ਗਿਆ। ਮੀਆਂ ਵਾਲੀ ਜੇਲ੍ਹ ਸਭ ਤੋਂ ਸਖ਼ਤ ਜੇਲ੍ਹ ਸੀ ਅਤੇ ਜੇਲ੍ਹਰ ਬੜਾ ਹੀ ਅੱਖੜ ਕਿਸਮ ਦਾ ਬੰਦਾ ਸੀ। ਇੱਕ ਦਿਨ ਮਾਤਾ ਪ੍ਰੇਮ ਕੌਰ ਦੀ ਜੇਲ੍ਹਰ ਨਾਲ ਤੂੰ-ਤੂੰ, ਮੈਂ-ਮੈਂ ਹੋ ਗਈ। ਜੇਲ੍ਹਰ ਨੇ ਗੁੱਸੇ ਵਿਚ ਆ ਕੇ ਮਾਤਾ ਪ੍ਰੇਮ ਕੌਰ ਦੇ ਪੇਟ ਵਿਚ ਜ਼ੋਰਦਾਰ ਲੱਤ ਮਾਰੀ। ਇਸ ਨਾਲ ਉਸ ਦੇ ਪੇਟ ਦਾ ਬੱਚਾ ਛਣ ਗਿਆ। ਫਿਰ ਬਿਜਲਾ ਸਿੰਘ ਨੇ ਗਾਤਰੇ ਨਾਲ ਜੇਲ੍ਹਰ ਨੂੰ ਖ਼ੂਨ ਨਾਲ ਲੱਥ-ਪੱਥ ਕਰ ਦਿੱਤਾ। ਜੇਲ੍ਹਰ ਦੀ ਗੋਲੀ ਦਾ ਇੱਕ ਛੱਰਾ ਸ. ਬਿਜਲਾ ਸਿੰਘ ਦੀ ਅੱਖ ਦੇ ਕੋਏ ਵਿਚ ਧਸ ਗਿਆ। ਬਾਅਦ ਵਿਚ ਅੱਖ ਬੈਠ ਗਈ। ਇੱਥੇ ਇਨ੍ਹਾਂ ਨੇ ਢਾਈ ਸਾਲ ਜੇਲ੍ਹ ਕੱਟੀ। ਇੱਕ ਵਾਰ ਪੁਲੀਸ ਪਾਰਟੀ ਸ. ਬਿਜਲਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਗਈ ਤਦ ਮਾਤਾ ਪ੍ਰੇਮ ਕੌਰ ਥਾਣੇਦਾਰ ਦੀ ਘੋੜੀ ਭਜਾ ਕੇ ਲੈ ਗਈ। ਭਾਵੇਂ ਸ. ਬਿਜਲਾ ਸਿੰਘ ਦੇ ਬਾਰੇ ਕੁਝ ਕਿੰਤੂ-ਪਰੰਤੂ ਵੀ ਹੁੰਦਾ ਹੈ, ਪਰ ਫਿਰ ਵੀ ਉਸ ਦੀ ਕੁਰਬਾਨੀ ਨੂੰ ਛੋਟਿਆਂ ਕਰਕੇ ਨਹੀਂ ਦੇਖਿਆ ਜਾ ਸਕਦਾ।



*ਸ਼ਹੀਦਾਂ ਦੀਆਂ ਸਮਾਧਾਂ*

ਭਾਈ ਰਤਨ ਸਿੰਘ ਭੰਗੂ ਨੇ ਪੰਥ ਪ੍ਰਕਾਸ਼ ਵਿਚ ਜਾਨੀ ਖਾਂ ਤੇ ਮਾਨੀ ਖਾਂ ਨੂੰ ਘੜੂੰਏਂ ਦੇ ਲੁਹਾਰ ਰਣ ਸਿੰਘ ਤੇ ਦਲ ਸਿੰਘ ਨੇ ਹਥੌੜਿਆਂ ਨਾਲ ਮਾਰਨ ਦਾ ਜ਼ਿਕਰ ਕੀਤਾ ਹੈ। ਬਹੁਤ ਪੁਣ-ਛਾਣ ਕਰਨ ਦੇ ਬਾਵਜੂਦ ਵੀ ਗੱਲ ਕਿਸੇ ਤਣ ਪੱਤਣ ਨਹੀਂ ਲੱਗੀ। ਜਾਨੀ ਖਾਂ ਤੇ ਮਾਨੀ ਖਾਂ ਮੋਰਿੰਡੇ ਥਾਣੇ ਵਿਚ ਥਾਣੇਦਾਰ ਸਨ ਜੋ ਦਸਮ ਪਿਤਾ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਕੇ ਸੂਬਾ ਸਰਹਿੰਦ ਦੀ ਕਚਹਿਰੀ ਵਿਚ ਲੈ ਗਏ ਸਨ। ਹੁਣ ਇਹ ਪਤਾ ਕਿਸ ਤਰ੍ਹਾਂ ਚੱਲੇ ਰਣ ਸਿੰਘ ਦਲ ਸਿੰਘ ਕਿਸ ਪਰਿਵਾਰ ਵਿਚੋਂ ਸਨ। ਕਿੱਥੇ ਉਨ੍ਹਾਂ ਦਾ ਘਰ-ਬਾਰ ਸੀ। ਇਹ ਬੰਦ ਕਮਰੇ ਵਿਚ ਬੁਝਾਰਤ ਬਣ ਕੇ ਰਹਿ ਗਈ।

ਅਚਾਨਕ ਇੱਕ ਦਿਨ ਆਪਣੇ ਪਿੰਡ ਦੇ ਮਿਸਤਰੀ ਸ. ਕਰਮ ਸਿੰਘ ਢੋਲਾ ਨਾਲ ਗੱਲਬਾਤ ਕਰ ਰਿਹਾ ਸੀ, ਉਸ ਨੇ ਮੇਰੀ ਸਾਰੀ ਤਾਣੀ ਸੁਲਝਾ ਦਿੱਤੀ। ਹਾਲਾਂਕਿ ਸਾਰਾ ਦੋ ਚਾਰ ਜਮਾਤਾਂ ਪੜ੍ਹਿਆ ਹੋਇਆ ਹੈ। ਕਰਮ ਸਿੰਘ ਨੇ ਸ. ਕਰਤਾਰ ਸਿੰਘ ਕਲਾਸਵਾਲਾ ਦੇ ਹਵਾਲੇ ਨਾਲ ਦੱਸਿਆ ਕਿ ਜਾਨੀ ਖਾਂ, ਮਾਨੀ ਖਾਂ ਨੂੰ ਹਰਸੇ ਦਿਆਂ ਦੇ ਖ਼ਾਨਦਾਨ ਵਿਚੋਂ ਸ. ਜਸਵੰਤ ਸਿੰਘ ਤੇ ਸ. ਕੁਲਵੰਤ ਸਿੰਘ ਨੇ ਮਾਰਿਆ ਸੀ। ਸ. ਕਰਤਾਰ ਸਿੰਘ ਕਲਾਸਵਾਲਾ ਲੰਮਾ ਸਮਾਂ ਦਰਬਾਰ ਸਾਹਿਬ ਦਾ ਹੈੱਡ ਗ੍ਰੰਥੀ ਰਿਹਾ ਤੇ ਇੱਕ ਨਾਮਵਰ ਇਤਿਹਾਸਕਾਰ ਸੀ। ਜਾਨੀ ਖਾਂ ਤੇ ਮਾਨੀ ਖਾਂ ਹਰ ਉਸ ਪਰਿਵਾਰ 'ਤੇ ਨਜ਼ਰ ਰੱਖਦੇ ਜੋ ਸਿੰਘਾਂ ਦੀ ਟਹਿਲ ਸੇਵਾ ਕਰਦਾ। ਹਰਸੇ ਦਿਆਂ ਦਾ ਪਰਿਵਾਰ ਸਿੰਘਾਂ ਦੀ ਟਹਿਲ ਸੇਵਾ ਕਰਦਾ ਸੀ। ਇੱਕ ਦਿਨ ਜਾਨੀ ਖਾਂ ਤੇ ਮਾਨੀ ਖਾਂ ਪੁਲਿਸ ਟੁਕੜੀ ਲੈ ਕੇ ਜਸਵੰਤ ਸਿੰਘ ਤੇ ਕੁਲਵੰਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪਿੰਡ ਘੜੂੰਏਂ ਪਹੁੰਚ ਗਏ। ਪਿੰਡ ਪਹੁੰਚਣ 'ਤੇ ਪਤਾ ਚੱਲਿਆ ਕਿ ਜਸਵੰਤ ਸਿੰਘ ਤੇ ਕੁਲਵੰਤ ਸਿੰਘ ਦੋਨੋਂ ਭਰਾ ਲੁਹਾਰਾਂ ਦੇ ਕਾਰਖਾਨੇ ਵਿਚ ਬੈਠੇ ਹਨ। ਇਸ ਤੋਂ ਬਾਅਦ ਦੋਨੋਂ ਭਰਾਵਾਂ ਦੀ ਪੁਲਿਸ ਪਾਰਟੀ ਨਾਲ ਲੜਾਈ ਹੋਈ। ਗੁਰੂ ਦੇ ਸਿੰਘਾਂ ਨੇ ਸਾਰੀ ਪੁਲਿਸ ਹਥੌੜਿਆਂ ਨਾਲ ਮਾਰ ਮੁਕਾ ਦਿੱਤੀ। ਇੱਥੇ ਭਾਈ ਰਤਨ ਸਿੰਘ ਭੰਗੂ ਹਥੌੜਿਆਂ ਦਾ ਜ਼ਿਕਰ ਆਉਣ 'ਤੇ ਸਿੰਘਾਂ ਨੂੰ ਲੁਹਾਰ ਸਮਝ ਬੈਠੇ। ਉਸ ਤੋਂ ਬਾਅਦ ਮੋਰਿੰਡੇ ਦੇ ਰੰਘੜਾਂ ਦਾ ਬਹੁਤ ਵੱਡਾ ਇਕੱਠ ਦੋਨੋਂ ਸਿੰਘਾਂ ਨੂੰ ਕਾਬੂ ਕਰਨ ਆਇਆ। ਭਾਵੇਂ ਰੰਘੜ ਆਹਮਣੇ-ਸਾਹਮਣੇ ਦੀ ਲੜਾਈ ਨਹੀਂ ਕਰ ਸਕੇ, ਪਰ ਉਨ੍ਹਾਂ ਨੇ ਤੀਰਾਂ ਨਾਲ ਸ਼ਹੀਦ ਕੀਤਾ। ਇਸ ਪਰਿਵਾਰ ਦੇ ਘਰ ਵਿਚ ਮੈਂ ਵੀ ਨਿੱਕਾ ਹੁੰਦਾ ਖੇਡਣ ਜਾਂਦਾ ਸੀ। ਇਨ੍ਹਾਂ ਦੇ ਘਰ ਵਿਚ ਮੈਂ ਮੋਰਚੇ ਬਣੇ ਦੇਖੇ ਹਨ। ਮੈਂ ਉਹ ਲੁਹਾਰਾਂ ਦਾ ਕਾਰਖ਼ਾਨਾ ਵੀ ਦੇਖਿਆ, ਜਿੱਥੇ ਰੰਘੜਾਂ ਨਾਲ ਲੜਾਈ ਹੋਈ ਸਿੰਘਾਂ ਦੀ। ਸਾਡੇ ਵੇਲੇ ਇਸ ਨੂੰ ਤਰਲੋਕੇ ਦਾ ਕਾਰਖ਼ਾਨਾ ਕਹਿੰਦੇ ਸਨ। ਇਹ ਸਾਡੇ ਜੱਦੀ ਪੁਰਖੀ ਲੁਹਾਰ ਸਨ। ਮੈਂ ਵੀ ਛੋਟਾ ਹੁੰਦਾ ਇਸ ਕਾਰਖ਼ਾਨੇ ਵਿਚ ਬੈਠਦਾ ਹੁੰਦਾ ਸੀ। ਇਨ੍ਹਾਂ ਸ਼ਹੀਦਾਂ ਦੀਆਂ ਸਮਾਧਾਂ ਝਾਟੇ ਦਿਆਂ ਦੇ ਸੱਜਣ ਦੇ ਖੇਤ ਵਿਚ ਹਨ। ਮੁਰੱਬੇਬੰਦੀ ਤੋਂ ਪਹਿਲਾਂ ਇਹ ਹਰਸੇ ਦਿਆਂ ਦਾ ਖੇਤ ਹੁੰਦਾ ਸੀ। ਅਫ਼ਸੋਸ ਅੱਜ ਅਸੀਂ ਆਪਣੇ ਸ਼ਹੀਦਾਂ ਦੇ ਨਾਮ ਤੱਕ ਵੀ ਨਹੀਂ ਜਾਣਦੇ। ਕਿੰਨਾ ਚੰਗਾ ਹੋਵੇ ਜੇਕਰ ਅਸੀਂ ਇਨ੍ਹਾਂ ਪਰਵਾਨਿਆਂ ਦੇ ਨਾਂ 'ਤੇ ਸਾਲ ਵਿਚ ਜੋੜ ਮੇਲਾ ਮਨਾਈਏ ਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਇੱਕ ਸੇਧ ਮਿਲੇ।

# ਪੰਜ ਮੈਂਬਰੀ ਕਮੇਟੀ ਦੀ ਅੱਖੀਂ ਦੇਖੀ ਭਰਤੀ ਮੁਹਿੰਮ !

ਲੰਘੀ ਪਹਿਲੀ ਅਪਰੈਲ ਨੂੰ ਸਵੇਰੇ ਫੇਸ-ਬੁੱਕ ਖੋਲ੍ਹੀ ਹੀ ਸੀ ਕਿ ਸਮਰਾਲ਼ੇ ਇਲਾਕੇ ਵਿਚ ਸਰਗਰਮ ਪੱਤਰਕਾਰ ਵੀਰ ਬਲਵੀਰ ਸਿੰਘ ਬੱਬੀ ਜੀ ਦੀ ਪੋਸਟ ਨਜ਼ਰੀਂ ਪਈ। ਜਿਸ ਵਿਚ ਉਨ੍ਹਾਂ ਲਿਖਿਆ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ-ਸੁਰਜੀਤੀ ਵਾਸਤੇ ਭਰਤੀ ਕਰਨ ਵਾ.ਲੀ ਪੰਜ ਮੈਂਬਰੀ ਕਮੇਟੀ ਦੇ ਕੁੱਝ ਸੱਜਣ 2 ਅਪਰੈਲ ਦਿਨ ਬੁੱਧਵਾਰ ਨੂੰ ਇਤਹਾਸਿਕ ਨਗਰ ਸ੍ਰੀ ਮਾਛੀਵਾੜਾ ਸਾਹਿਬ ਵਿਖੇ ਪਹੁੰਚ ਰਹੇ ਹਨ। ਇਹ ਸੂਚਨਾ ਪੜ੍ਹ ਕੇ ਮੈਂ ਸੋਚਿਆ ਕਿ ਕਿਉਂ ਨਾ



ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: 78146-92724

ਮੌਕੇ 'ਤੇ ਪਹੁੰਚ ਕੇ ਖੁਦ ਦੇਖਿਆ ਜਾਵੇ ਕਿ ਇਸ ਕਮੇਟੀ ਨੂੰ ਬਹੁਤ ਭਰਵੇਂ ਹੁੰਗਾਰੇ ਦੀਆਂ ਛਾਇਆ ਹੋ ਰਹੀਆਂ ਖਬਰਾਂ ਵਿਚ ਕਿੰਨੀ ਕੁ ਸੱਚਾਈ ਹੈ? ਉਂਜ ਵੀ ਮੈਨੂੰ ਮਾਛੀਵਾੜਾ ਸਾਹਿਬ ਦਾ ਨਾਂ ਸੁਣ ਕੇ ਚਾਅ ਚੜ੍ਹ ਜਾਂਦਾ ਹੈ ਕਿਉਂਕਿ ਸ੍ਰੀ ਦਸਮੇਸ਼ ਪਿਤਾ ਦੀ ਪਾਵਨ ਚਰਨਛੋਹ ਪ੍ਰਾਪਤ ਇਹ ਨਗਰ ਸਾਨੂੰ ਲੋਕਲ ਵਾਂਗ ਹੀ ਹੈ, ਸਿਰਫ ਵਿਚਕਾਰ ਵਗਦੇ ਸਤਲੁਜ ਦਰਿਆ ਨੇ ਹੀ 'ਉਰਾਰ-ਪਾਰ' ਬਣਾਏ ਹੋਏ ਹਨ।

ਬੱਬੀ ਜੀ ਦੀ ਪੂਰੀ ਪੋਸਟ ਪੜ੍ਹਨ ਬਾਅਦ ਮੈਂ ਉਸੇ ਵੇਲੇ ਆਪਣੇ ਭਰਾਵਾਂ ਵਰਗੇ ਮਿੱਤਰ ਜਸਪਾਲ ਸਿੰਘ ਵਿਰਕ ਸਰਪੰਚ ਬੀਰੋਵਾ.ਲ ਨੂੰ ਨਾਲ ਚੱਲਣ ਲਈ ਬੇਨਤੀ ਕੀਤੀ। ਹਮੇਸ਼ਾਂ ਵਾਂਗ ਉਨ੍ਹਾਂ ਪ੍ਰਵਾਨਗੀ ਦਿੰਦਿਆਂ ਕਿਹਾ ਕਿ ਕੱਲ੍ਹ ਸਵੇਰੇ 'ਥਾਰ' ਤਿਆਰ ਹੋਵੇਗੀ ਮਾਛੀਵਾੜਾ ਸਾਹਿਬ ਜਾਣ ਲਈ!

ਦੂਜੇ ਦਿਨ 2 ਅਪਰੈਲ ਨੂੰ ਅਸੀਂ ਸਾਢੇ ਕੁ ਦਸ ਵਜੇ ਮਾਛੀਵਾੜਾ ਸਾਹਿਬ ਦੇ ਸ਼ਿਵਾ ਪੈਲਿਸ 'ਤੇ ਜਾ ਪਹੁੰਚੇ। ਪੈਲਿਸ ਦੀ ਖੁਲ੍ਹੀ ਡੁੱਲ੍ਹੀ ਪਾਰਕਿੰਗ ਵੀ ਗੱਡੀਆਂ ਨਾਲ ਭਰੀ ਪਈ ਸੀ ਤੇ ਬਾਹਰ ਸੜ੍ਹਕ ਦੇ ਦੋਹੀਂ ਪਾਸੀਂ ਲੱਗੀਆਂ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੋਕਾਂ ਦਾ ਭਰਵਾਂ ਉਤਸ਼ਾਹ ਦਰਸਾ ਰਹੀਆਂ ਸਨ। ਨੀਲੀਆਂ-ਪੀ.ਲੀਆਂ ਦਸਤਾਰਾਂ ਵਾਲ਼ਿਆਂ ਦਾ ਇਕ ਤਰਾਂ ਨਾਲ ਹੜ੍ਹ ਆਇਆ ਹੋਇਆ ਸੀ। ਮੁਸਲਿਮ ਟੋਪੀਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਹਿੰਦੂ ਵੀਰ ਵੀ ਇਕੱਠ ਵਿੱਚ 'ਸ਼੍ਰੋਮਣੀ ਅਕਾਲੀ ਦਲ' ਵਾ.ਲੀਆਂ ਝੰਡੀਆਂ ਹੱਥਾਂ 'ਚ ਲਹਿਰਾਉਂਦੇ ਫਿਰਦੇ ਸਨ। ਸਾਰਿਆਂ ਦੇ ਚਿਹਰਿਆਂ ਉੱਤੇ ਵਿਆਹ ਜਿੰਨੀ ਖੁਸ਼ੀ ਡਲ੍ਹਕਾਂ-ਝਲਕਾਂ ਮਾਰ ਰਹੀ ਸੀ। ਕੰਨ ਨੂੰ ਫੋਨ ਲਈ ਫਿਰਦੇ ਇਕ ਪ੍ਰਬੰਧਕ ਸੁਰਜੀਤ ਸਿੰਘ ਮਾਂਗਟ ਨੇ ਦੱਸਿਆ ਕਿ ਇਆ.ਲੀ ਜੀ, ਉਮੈਦ ਪੁਰੀ ਸਾਹਬ ਅਤੇ ਝੂੰਦਾ ਸਾਹਬ ਮਾਛੀਵਾੜਾ ਸਾਹਬ ਪਹੁੰਚ ਚੁੱਕੇ ਹਨ ਤੇ ਉਹ ਪਹਿਲਾਂ ਕਲਗੀਆਂ ਵਾ.ਲੇ ਪਾਤਸ਼ਾਹ ਦੇ ਦਰਬਾਰ ਸਾਹਿਬ ਵਿਖੇ ਅਸ਼ੀਰਵਾਦ ਪ੍ਰਾਪਤ ਕਰਨ ਗਏ ਹੋਏ ਹਨ। ਇਸ ਇਕੱਠ ਵਿਚ ਬੀਬੀਆਂ ਦੀ ਅਣਹੋਂਦ ਜਰੂਰ ਖਟਕਦੀ ਸੀ!

ਮਿੱਥੇ ਹੋਏ ਸਮੇਂ 'ਤੇ 11ਵਜੇ ਮੁੱਖ ਪਤਵੰਤਿਆਂ ਅਤੇ ਆਈ ਸੰਗਤ ਨੂੰ ਰੁਪਿੰਦਰ ਸਿੰਘ ਰੂਬੀ ਬੈਨੀਵਾਲ ਵਲੋਂ 'ਜੀਉ ਆਇਆਂ' ਕਹਿਣ ਨਾਲ ਸਮਾਗਮ ਅਰੰਭ ਹੋਇਆ। ਭਾਈ ਸੰਤਾ ਸਿੰਘ ਉਮੈਦ ਪੁਰੀ ਅਤੇ ਇਕਬਾਲ ਸਿੰਘ ਝੂੰਦਾ ਨੇ ਪ੍ਰਭਾਵਸ਼ਾਲੀ ਢੰਗ ਨਾਲ ਸਿਆਸੀ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਕਿਵੇਂ ਸ੍ਰੀ ਅਕਾਲ ਤਖਤ ਸਾਹਿਬ ਤੋਂ 2 ਦਸੰਬਰ 2024 ਨੂੰ ਜਾਰੀ ਹੋਏ ਹੁਕਮਨਾਮੇ ਤੋਂ ਆਕੀ ਹੁੰਦਿਆਂ ਕੁੱਝ ਕਬਜਾਧਾਰੀ ਬਿਰਤੀ ਵਾ.ਲੇ ਆਗੂ ਪੰਥ ਨੂੰ ਗੁਮਰਾਹ ਕਰ ਰਹੇ ਹਨ। ਕੁੱਝ ਦਿਨ ਪਹਿਲੋਂ ਮਲੇਰ ਕੋਟਲਾ ਅਤੇ ਸੰਗਰੂਰ ਵਿਖੇ ਸਫਲਤਾ ਦੇ ਵਿਲੱਖਣ ਝੰਡੇ ਗੱਡਣ ਵਾ.ਲੀਆਂ ਭਰਤੀ ਮੁਹਿੰਮਾਂ ਅਤੇ ਮਾਛੀਵਾੜਾ ਸਾਹਿਬ ਦੇ ਜੋਸ਼ੀਲੇ ਇਕੱਠ ਤੋਂ ਬਾਗੋ-ਬਾਗ ਹੁੰਦਿਆਂ ਦੋਹਾਂ ਆਗੂਆਂ ਨੇ ਖੁਸ਼ੀ ਪ੍ਰਗਟਾਈ ਕਿ ਹੁਣ ਪੰਥ ਜਾਗ ਪਿਆ ਹੈ ਤੇ ਕਿਸੇ ਲੀਡਰ ਦੀਆਂ ਕਪਟੀ ਚਾਲਾਂ ਕਤੱਈ ਸਫਲ ਨਹੀਂ ਹੋਣੀਆਂ! ਉਨ੍ਹਾਂ ਨੇ ਨਿਮਰਤਾ ਨਾਲ ਸ਼੍ਰੋਮਣੀ ਅਕਾਲੀ ਦਲ ਵਾਸਤੇ ਭਰਤੀ ਪਰਚੀਆਂ ਭਰਨ ਦੀ ਤਕਨੀਕ ਸਮਝਾਉਂਦਿਆਂ ਕਿਹਾ, ਅਧਾਰ ਕਾਰਡ ਦਾ ਨੰਬਰ ਜਰੂਰ ਭਰਿਆ ਜਾਵੇ ਅਤੇ ਇਹ ਭਰਤੀ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਦੀ ਰੌਸ਼ਨੀ ਵਿਚ ਸਾਰੇ ਵਰਗਾਂ ਲਈ ਖੁੱਲ੍ਹੀ ਹੈ। ਅਠਾਰਾਂ ਸਾਲ ਤੋਂ ਉੱਤੇ ਉਮਰ ਵਾ.ਲਾ, ਪੰਥ-ਪੰਜਾਬ-ਪੰਜਾਬੀਅਤ ਦਾ ਹਰੇਕ ਹਿਤੈਸ਼ੀ ਮਾਈ-ਭਾਈ ਪਰਚੀ ਭਰ ਕੇ ਪਾਰਟੀ ਦਾ ਮੈਂਬਰ ਬਣ ਸਕਦਾ ਹੈ। ਇਹ ਪਰਚੀ ਵੀ ਸਾਂਭ ਕੇ ਰੱਖਣੀ ਹੋਵੇਗੀ ਜੋ ਤੁਹਾਡੇ ਕੋ.ਲ ਅਕਾਲੀ ਦਲ ਦੇ ਵਰਕਰ ਬਣਨ ਦੇ ਦਸਤਾਵੇਜ ਵਜੋਂ ਸਨਦ ਰਹੇਗੀ।



ਇਨ੍ਹਾਂ ਤੋਂ ਬਾਅਦ ਨੌਜਵਾਨ ਅਕਾਲੀ ਵਿਧਾਨਕਾਰ ਮਨਪ੍ਰੀਤ ਸਿੰਘ ਇਆ.ਲੀ ਨੇ ਪੁਰਾਣੇ ਜਥੇਦਾਰਾਂ ਵਾਂਗ ਪੰਥਕ ਸ਼ਬਦਾਵਲੀ ਵਾ.ਲੇ ਮੁਹਾਵਰੇ ਵਿਚ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, ਭਾਵੇਂ ਸਿਆਸਤ ਵਿਚ 'ਟਪੂਸੀ-ਮਾਰ' ਦਲਬਦਲੀਆਂ ਵਾ.ਲਾ ਦੌਰ ਹੈ ਪਰ ਮੈਂ ਘਰੇ ਬਹਿਣਾ ਪਸੰਦ ਕਰ ਲਿਆ ਸੀ ਕਿਉਂ ਕਿ ਬੜੀ ਮੁਸ਼ੱਕਤ ਨਾ.ਲ ਤਿਆਰ ਕੀਤੀ ਝੂੰਦਾ ਕਮੇਟੀ ਦੀ ਰਿਪੋਰਟ ਦੀਆਂ ਅਹਿਮ ਸਿਫਾਰਸ਼ਾਂ ਨੂੰ ਸਾਡੇ ਉਤਲੇ ਆਗੂ ਸੁਣਨ ਲਈ ਵੀ ਤਿਆਰ ਨਹੀਂ ਸਨ। ਅਸੀਂ ਪਾਰਟੀ ਦੇ ਵਰਕਰਾਂ ਵਲੋਂ ਹੱਥ ਜੋੜ-ਜੋੜ ਵਾਸਤੇ ਵੀ ਪਾਏ ਪਰ ਪ੍ਰਧਾਨਗੀ ਨਾ.ਲ ਚਿੰਬੜੇ ਸ੍ਰੀ ਮਾਨ ਜੀ 'ਮੈਂ ਨਾ ਮਾਨੂੰ' ਦੀ ਰਟ ਹੀ ਲਾਈ ਗਏ! ਇਸੇ ਮਨਹੂਸ 'ਰਟ' ਕਾਰਨ ਸਾਡੀ ਪੰਥਕ ਪਾਰਟੀ 'ਤੇ ਆਹ ਕਲਹਿਣੇ ਦਿਨ ਆਏ!

ਪੜ੍ਹਨ-ਲਿਖਣ ਵਾ.ਲੇ ਅਕਾਲੀ ਦਾ ਸਬੂਤ ਦਿੰਦਿਆਂ ਸਰਦਾਰ ਇਆ.ਲੀ ਜੀ ਨੇ ਸਮਰਾ.ਲਾ ਵਿਧਾਨ ਸਭਾ ਹਲਕੇ ਦੇ ਮਾਣਮੱਤੇ ਪੰਥਕ ਪਿਛੋਕੜ ਦੀ ਮਿਸਾਲ ਦਿੱਤੀ! ਉਨ੍ਹਾਂ 'ਨੈਸ਼ਨਲ ਪ੍ਰੋਫੈਸਰ ਆਫ ਸਿੱਖ ਇਜ਼ਮ' ਸਿਰਦਾਰ ਕਪੂਰ ਸਿੰਘ ਵਲੋਂ ਇਸੇ ਸਮਰਾ.ਲਾ ਹਲਕੇ ਤੋਂ ਅਸੰਬਲੀ ਚੋਣ ਲੜਨ ਸਮੇਂ ਕਹੀ ਗੱਲ ਚੇਤੇ ਕਰਵਾਈ ਕਿ ਉਨ੍ਹਾਂ ਵਲੋਂ ਐਲਾਨੀਆਂ 'ਬੀੜੀ-ਸਿਗਰਟ ਪੀਣ ਵਾ.ਲੇ ਮੈਨੂੰ ਵੋਟ ਨਾ ਪਾਉਣ!' ਕਹਿਣ ਦੇ ਬਾਵਜੂਦ ਉਨ੍ਹਾਂ ਇੱਥੋਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਸੀ! ਉਦੋਂ ਮੈਂ ਹੈਰਾਨ ਰਹਿ ਗਿਆ ਜਦੋਂ ਇਆ.ਲੀ ਜੀ ਨੇ ਸ੍ਰੋਤਿਆਂ ਨੂੰ ਪੁੱਛਿਆ ਕਿ ਦੋਸਤੋ ਤੁਹਾਡੇ 'ਚੋਂ ਕਿਸੇ ਨੂੰ ਯਾਦ ਐ ਕਿ ਕਪੂਰ ਸਿੰਘ ਹੁਣਾ ਸਮਰਾ.ਲੇ ਤੋਂ ਕਦੋਂ ਚੋਣ ਲੜੀ ਸੀ? ਤਾਂ ਇਕੱਠ ਵਿੱਚ ਨੀਲੀਆਂ ਦਸਤਾਰਾਂ ਵਾ.ਲੇ ਕਈ ਜਥੇਦਾਰ ਉੱਠ ਕੇ ਬੋਲੇ-'ਸੰਨ 1969 ਵਿੱਚ ਜੀ!'

ਅਖੀਰ ਵਿਚ ਸਟੇਜ ਸਕੱਤਰ ਨਰਿੰਦਰਪਾਲ ਸਿੰਘ ਬਾਜਵਾ ਨੇ ਮਿੱਥੇ ਪ੍ਰੋਗਰਾਮ ਵਿਚ ਥੋੜ੍ਹੀ ਅਦਲਾ-ਬਦਲੀ ਕਰਕੇ, ਆਏ ਹੋਏ ਆਗੂ ਸਾਹਿਬਾਨ ਅਤੇ ਸਮੁੱਚੇ ਇਕੱਠ ਦਾ ਧੰਨਵਾਦ ਕਰਨ ਲਈ, ਉਜਾਗਰ ਸਿੰਘ ਸਾਬਕ ਪ੍ਰਧਾਨ ਨਗਰ ਕੌਂਸਲ ਅਤੇ ਗੁਰਚਰਨ ਸਿੰਘ ਉੱਪਲਾਂ ਦੀ ਬਜਾਏ ਮੇਰੀ ਡਿਊਟੀ ਲਾਈ। ਦੋ ਚਾਰ ਕੁ ਮਿੰਟ ਵਿਚ ਮੈਂ ਸੰਕੋਚਵਾਂ ਨਿੱਜੀ ਵੇਰਵਾ ਦਿੰਦਿਆਂ ਕਿਹਾ ਕਿ 24-25 ਅਕਤੂਬਰ 2002 ਵਾ.ਲੀ ਰਾਤ ਜਦ ਮੈਂ ਬਾਲਾ ਸਰ ਤੋਂ ਬਾਦਲ ਦਲ ਤੋਂ ਬਗਾਵਤ ਕਰਕੇ ਆਇਆ ਸਾਂ, ਤਦ ਮੈਨੂੰ ਜਥੇਦਾਰ ਟੌਹੜਾ ਸਾਹਬ ਅਤੇ ਸੁਰਜਣ ਸਿੰਘ ਠੇਕੇਦਾਰ ਹੁਣਾ ਨੇ ਇਕ ਜੋਸ਼ੀਲੇ ਸ਼ਬਦਾਂ ਵਾ.ਲਾ ਸ਼ਾਨਦਾਰ ਮੋਮੈਂਟੋ ਭੇਂਟ ਕੀਤਾ ਸੀ। ਪਰ ਜਦੋਂ ਟੌਹੜਾ ਸਾਹਬ ਨੇ ਬਜ਼ੁਰਗ ਬਾਦਲ ਹੱਥੋਂ ਸਮਝੌਤੇ ਦੇ 'ਪੀ.ਲੇ-ਪੀ.ਲੇ ਲੱਡੂ' ਖਾ ਲਏ ਤਾਂ ਮੈਂ ਇਕ ਅਖਬਾਰੀ ਲੇਖ ਲਿਖ ਕੇ ਟੌਹੜਾ ਸਾਹਿਬ ਨੂੰ ਪੁੱਛਿਆ ਸੀ ਕਿ 'ਪ੍ਰਧਾਨ ਸਾਹਬ ਜੀ' ਮੈਂ ਹੁਣ ਉਸ ਮੋਮੈਂਟੋ ਦਾ ਕੀ ਕਰਾਂ? ਇਸੇ ਤਨਜ਼ ਨੂੰ ਅੱਗੇ ਤੋਰਦਿਆਂ ਮੈਂ ਮਨਪ੍ਰੀਤ ਸਿੰਘ ਇਆ.ਲੀ ਵਲੋਂ ਜ਼ਿਕਰ ਕੀਤੇ ਸਿਰਦਾਰ ਕਪੂਰ ਸਿੰਘ ਵਲੋਂ ਹੀ ਕਹੀ ਉਹ ਪ੍ਰਸਿੱਧ ਗੱਲ ਚੇਤੇ ਕਰਵਾਈ ਕਿ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹੋਏ ਇਕ ਪ੍ਰਤੀਨਿਧ ਪੰਥਕ ਇਕੱਠ ਵਿਚ ਸਿਰਦਾਰ ਸਾਹਿਬ ਨੇ ਮੋਹਰੇ ਬੈਠੀ ਸੰਗਤ ਵੱਲ੍ਹ ਹੱਥ ਕਰਦਿਆਂ ਕਿਹਾ ਸੀ ਕਿ ਖਾਲਸਾ ਜੀ ਤੁਸੀਂ ਪੰਥ ਲਈ ਕੁਰਬਾਨੀਆਂ ਕਰਨ ਤੋਂ ਕਦੇ ਪਿੱਛੇ ਨਹੀਂ ਹਟੇ ਪਰ (ਭਰੀ ਸਟੇਜ ਵੱਲ੍ਹ ਹੱਥ ਕਰਕੇ) ਆਹ ਕਦੇ ਗੱਦਾਰੀਆਂ ਕਰਨ ਤੋਂ ਨਹੀਂ ਟ.ਲੇ! ਮੇਰੇ ਬੋਲਦੇ ਵੱਲ੍ਹ ਦੇਖਦੇ ਪੰਜ ਮੈਂਬਰੀ ਭਰਤੀ ਕਮੇਟੀ ਦੇ ਤਿੰਨਾਂ ਮੁੱਖ ਆਗੂਆਂ ਨੂੰ ਮੈਂ ਇਸ਼ਾਰੇ ਮਾਤਰ ਬੇਨਤੀ ਕੀਤੀ ਕਿ ਭਰੇ ਇਕੱਠ ਵਿਚ ਜੁੜੇ ਬੈਠੇ ਜੁਝਾਰੂ ਸਿਪਾਹੀ ਤਾਂ ਪੰਥਕ ਜਜ਼ਬੇ ਨਾਲ ਸਦਾ "ਤ-ਪੋਤ ਹੀ ਰਹਿੰਦੇ ਹਨ ਪਰ 'ਫਲਾਣੇ ਸਿੰਹੁ ਦੀ ਮੁਕਾਣੇ ਵੀ ਨਾ ਜਾਣ' ਦੇ ਦਮਗਜ਼ੇ ਮਾਰਨ ਵਾ.ਲੇ ਸਾਡੇ ਕੁੱਝ ਆਗੂ 'ਥਾ.ਲੀ ਦੇ ਬੈਂਗਣ' ਵਾਂਗ ਰਿੜ੍ਹਦੇ-ਰਿੜ੍ਹਦੇ ਉਸੇ 'ਫਲਾਣੇ ਸਿੰਹੁ' ਦੇ ਚਮਚੇ ਬਣ ਜਾਂਦੇ ਹਨ! ਸਮਾਪਤੀ ਉਪਰੰਤ ਮਾਛੀਵਾੜਾ ਸਾਹਿਬ ਇਲਾਕੇ ਦੇ ਅਕਾਲੀਆਂ ਨੇ ਕੌਫੀ, ਚਾਹ-ਪਾਣੀ ਅਤੇ ਬ੍ਰੈਡਪੀਸ-ਪਕੌੜਿਆਂ ਦਾ ਅਤੁੱਟ ਲੰਗਰ ਵਰਤਾਇਆ!

# 'ਏਕਮ ਸਾਹਿਤ-ਮੰਚ' ਤੇ 'ਰਾਬਤਾ ਮੁਕਾਲਮਾ ਕਾਵਿ-ਮੰਚ' ਵਲੋਂ 'ਚੇਤਰ ਦਾ ਵਣਜਾਰਾ' ਸਾਹਿਤਕ ਸਮਾਗ਼ਮ

**ਅੰਮ੍ਰਿਤਸਰ:** ਲੰਘੇ ਸ਼ਨਿਚਰਵਾਰ ਨੂੰ ਅੰਮ੍ਰਿਤਸਰ ਦੀਆਂ ਦੋ ਸਾਹਿਤਕ ਸੰਸਥਾਵਾਂ 'ਏਕਮ ਸਾਹਿਤਕ ਮੰਚ' ਅਤੇ 'ਰਾਬਤਾ ਮੁਕਾਲਮਾ ਮੰਚ' ਵੱਲੋਂ 'ਚੇਤਰ ਦਾ ਵਣਜਾਰਾ' ਸਾਹਿਤਕ ਸਮਾਗ਼ਮ ਤੇ ਕਵੀ-ਦਰਬਾਰ ਕਰਵਾਇਆ ਗਿਆ। ਇਹ ਕਵੀ ਦਰਬਾਰ ਅੰਮ੍ਰਿਤਸਰ ਦੇ ਮਹਿਰੂਮ ਕਵੀ ਅਮਰ ਚਿਤਰਕਾਰ ਦੀ ਨਿੱਘੀ ਤੇ ਮਿੱਠੀ ਯਾਦ ਨੂੰ

### *40 ਤੋਂ ਵਧੇਰੇ ਕਵੀਆਂ/ ਕਵਿੱਤਰੀਆਂ ਨੇ ਕੀਤੀ ਸ਼ਿਰਕਤ*

ਸਮਰਪਿਤ ਸੀ ਅਤੇ ਇਸ ਵਿਚ 40 ਤੋਂ ਵਧੇਰੇ ਕਵੀਆਂ/ਕਵਿੱਤਰੀਆਂ ਨੇ ਭਾਗ ਲਿਆ। ਇਹ ਸਮਾਗ਼ਮ ਸਵੇਰੇ 10.00 ਵਜੇ ਤੋਂ ਆਰੰਭ ਹੋ ਕੇ ਬਾਅਦ ਦੁਪਹਿਰ 12.30 ਵਜੇ ਤੱਕ ਚੱਲਿਆ। ਕਵੀ-ਦਰਬਾਰ ਦੀ ਸ਼ੁਰੂਆਤ ਜਸਵੰਤ ਧਾਪ ਵੱਲੋਂ ਅਮਰ ਚਿੱਤਰਕਾਰ ਦੀ ਗਾਈ ਗਈ ਗਜ਼ਲ ਨਾਲ ਕੀਤੀ ਗਈ। ਅਰਤਿੰਦਰ ਸੰਧੂ ਨੇ ਅਮਰ ਚਿੱਤਰਕਾਰ ਦੀ ਇੱਕ ਕਵਿਤਾ ਸੁਣਾਈ। ਉਪਰੰਤ, ਡਾ. ਭੁਪਿੰਦਰ ਸਿੰਘ ਫੇਰੂਮਾਨ ਵੱਲੋਂ ਅਮਰ ਚਿੱਤਰਕਾਰ ਦੇ ਜੀਵਨ ਅਤੇ ਉਨ੍ਹਾਂ ਦੀ ਕਾਵਿ-ਰਚਨਾ ਨੂੰ ਦਰਸਾਉਂਦਾ ਵਿਸਤ੍ਰਿਤ ਪੇਪਰ ਪੜ੍ਹਿਆ ਗਿਆ। ਆਪਣੇ ਪੇਪਰ ਵਿਚ ਡਾ. ਫੇਰੂਮਾਨ ਨੇ ਕਿਹਾ ਕਿ ਅਸੀਂ 'ਅੰਬਰਸਰੀਆਂ' ਨੇ ਇਸ ਸ਼ਹਿਰ ਦੇ ਅਨੇਕਾਂ ਹੀ ਸ਼ਾਇਰ ਆਪਣੇ ਮਨੋਂ ਵਿਸਾਰ ਛੱਡੇ ਹਨ। ਲਾਲਾ ਧਨੀ ਰਾਮ ਚਾਤ੍ਰਿਕ ਸਿਲੇਬਸ ਦੀਆਂ ਕਿਤਾਬਾਂ ਤੱਕ ਹੀ ਸੀਮਤ ਰਹਿ ਗਿਆ ਹੈ, ਜਦਕਿ ਫ਼ਿਰੋਜ਼ਦੀਨ ਸ਼ਰਫ਼, ਕਰਤਾਰ ਸਿੰਘ ਬਲੱਗਣ, ਵਿਧਾਤਾ ਸਿੰਘ ਤੀਰ, ਹਰਸਾ ਸਿੰਘ ਚਾਤਰ, ਧਨਵੰਤ ਸਿੰਘ, ਖ਼ੁਸ਼ਵੰਤ ਸਿੰਘ ਕੰਵਲ, ਖ਼ੁਰਸ਼ੀਦ ਤੇ ਬਚਨਜੀਤ ਅਜਿਹੇ ਨਾਂ ਹਨ ਜਿਨ੍ਹਾਂ ਦੇ ਬਾਰੇ ਨਵੀਂ ਪੀੜ੍ਹੀ 'ਚੋਂ ਬਹੁਤਿਆਂ ਨੇ ਸੁਣਿਆ ਵੀ ਨਹੀਂ ਹੈ। ਅਲਬੱਤਾ, ਮਰਹੂਮ ਸ਼ਾਇਰ ਦੇਵ ਦਰਦ ਤੇ ਬਾਬਾ ਬਲਵੰਤ ਵਰਗੇ ਇੱਕ-ਦੋ ਹੀ ਹੋਰ ਸ਼ਾਇਰ ਹੋਣਗੇ ਜਿਨ੍ਹਾਂ ਨੂੰ 'ਜਨਵਾਦੀ ਲੇਖਕ ਮੰਚ ਅੰਮ੍ਰਿਤਸਰ' ਵਰਗੀਆਂ ਇੱਕਾ-ਦੁੱਕਾ ਸਾਹਿਤਕ ਸੰਸਥਾਵਾਂ ਵੱਲੋਂ ਯਾਦ ਕੀਤਾ ਜਾਂਦਾ ਹੈ।



ਮਰਹੂਮ ਕਵੀ ਅਮਰ ਚਿੱਤਰਕਾਰ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ 'ਛੁਪੇ ਰਹਿਣ ਦੀ ਚਾਹ' ਰੱਖਣ ਵਾਲਾ 'ਲੋਕ ਲਿਖਾਰੀ ਸਭਾ ਅੰਮ੍ਰਿਤਸਰ' ਦਾ ਸਰਗ਼ਰਮ ਮੈਂਬਰ ਸੀ ਅਤੇ ਜ਼ਿੰਦਗੀ ਦੇ ਹਰੇਕ ਮੁਕਾਮ 'ਤੇ ਜੂਝਦਾ ਰਿਹਾ ਹੈ। ਉਸ ਨੇ ਪੰਜਾਬੀ ਕਾਵਿ-ਜਗਤ ਨੂੰ 'ਚਾਰੇ ਕੂੰਟਾਂ', 'ਆਤਮਾ', 'ਭਰੇ ਪੀਤੇ', ਅਤੇ 'ਹਰਫ਼-ਹਰਫ਼ ਜ਼ਿੰਦਗੀ' ਚਾਰ ਕਾਵਿ-ਸੰਗ੍ਰਹਿ ਭੇਟ ਕਰ ਕੇ ਪੰਜਾਬੀ ਬੋਲੀ ਦਾ ਮਾਣ ਵਧਾਇਆ। ਉਸ ਦੀਆਂ ਕਵਿਤਾਵਾਂ 'ਦੋ ਪਰਛਾਵੇਂ', 'ਭੜਾਸ', 'ਕਾਫ਼ਲੇ', 'ਉਡੀਕ', ਆਦਿ ਕਾਵਿ-ਮਨਾਂ ਉੱਪਰ ਬਹੁਤ ਵਧੀਆ ਪ੍ਰਭਾਵ ਪਾਉਂਦੀਆਂ ਹਨ। ਉਨ੍ਹਾਂ ਦੱਸਿਆ ਕਿ ਅਮਰ ਚਿੱਤਰਕਾਰ 15 ਅਗਸਤ 1925 ਨੂੰ ਗੁਰਦਾਸਪੁਰ ਦੀ ਡੇਰਾ ਬਾਬਾ ਨਾਨਕ ਤਹਿਸੀਲ ਦੇ ਪਿੰਡ ਜੋੜੀਆਂ ਕਲਾਂ 'ਚ ਪੈਦਾ ਹੋਏ ਅਤੇ 18 ਅਗਸਤ 1995 ਨੂੰ 70 ਸਾਲ ਤੋਂ ਕੇਵਲ ਦੋ ਦਿਨ ਉੱਪਰ ਉਮਰ ਭੋਗ ਕੇ ਇਸ ਦੁਨੀਆਂ ਤੋਂ ਵਿਦਾ ਹੋਏ।

ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਡਾ. ਸੁਖਦੇਵ ਸਿੰਘ ਝੰਡ ਨੇ ਮਰਹੂਮ ਕਵੀ ਅਮਰ ਚਿੱਤਰਕਾਰ ਦੀ ਯਾਦ ਵਿਚ ਕੀਤੇ ਜਾ ਰਹੇ ਇਸ ਸਮਾਗ਼ਮ ਨੂੰ 'ਚੇਤਰ ਦਾ ਵਣਜਾਰਾ' ਕਵੀ-ਦਰਬਾਰ ਦੇ ਰੂਪ ਵਿਚ ਪੇਸ਼ ਕਰਨ ਦੀ 'ਏਕਮ ਸਾਹਿਤਕ ਮੰਚ' ਤੇ 'ਰਾਬਤਾ ਮੁਕਾਲਮਾ ਮੰਚ' ਦੇ ਸਾਂਝੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਇਸ ਸਫ਼ਲ ਸਮਾਗ਼ਮ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗ਼ਮਾਂ ਵਿਚ ਜਿੱਥੇ ਬੀਤੇ ਸਮੇਂ ਦੇ ਅਦੀਬਾਂ ਤੇ ਅਹਿਮ ਸ਼ਖ਼ਸੀਅਤਾਂ ਨੂੰ ਯਾਦ ਕੀਤਾ ਜਾਂਦਾ ਹੈ, ਉੱਥੇ ਇਹ ਸਮਾਗ਼ਮ ਅਜੋਕੇ ਸਾਹਿਤਕਾਰਾਂ ਨੂੰ ਮਿਲ ਬੈਠਣ ਅਤੇ ਆਪਣੇ ਵਿਚਾਰ ਸਾਂਝੇ ਕਰਨ ਲਈ ਵਧੀਆ ਮੌਕਾ ਪ੍ਰਦਾਨ ਕਰਦੇ ਹਨ। ਅਮਰ ਚਿੱਤਰਕਾਰ ਦੇ ਬੇਟੇ ਸਰਬਜੀਤ ਸਿੰਘ ਵੱਲੋਂ ਆਪਣੇ ਪਿਤਾ ਦੀ ਯਾਦ ਵਿਚ ਇਹ ਸਮਾਗ਼ਮ ਰਚਾਉਣ ਲਈ ਸਮਾਗ਼ਮ ਦੇ ਆਯੋਜਕਾਂ ਤੇ ਅਦੀਬਾਂ ਦਾ ਧੰਨਵਾਦ ਕੀਤਾ ਗਿਆ।

ਕਵੀ-ਦਰਬਾਰ ਦਾ ਸੰਚਾਲਨ ਸ਼ਾਇਰ ਮਲਵਿੰਦਰ ਤੇ ਸਾਹਿਤਕ ਰਿਸਾਲੇ 'ਏਕਮ' ਦੀ ਸੰਪਾਦਕ ਅਰਤਿੰਦਰ ਸੰਧੂ ਵੱਲੋਂ ਮਿਲ ਕੇ ਕੀਤਾ ਗਿਆ ਜਿਸ ਵਿਚ 40 ਤੋਂ ਵਧੇਰੇ ਕਵੀਆਂ/ ਕਵਿੱਤਰੀਆਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਇਨ੍ਹਾਂ ਵਿਚ ਪ੍ਰੋੜ-ਕਵੀ ਨਿਰਮਲ ਅਰਪਨ, ਜਸਵੰਤ ਧਾਪ, ਧਰਵਿੰਦਰ ਸਿੰਘ ਔਲਖ, ਸਤਿੰਦਰ ਸਿੰਘ ਓਠੀ, ਵਿਸ਼ਾਲ ਬਿਆਸ, ਡਾ. ਮੋਹਨ ਬੇਗੋਵਾਲ, ਡਾ. ਸੁਖਦੇਵ ਸਿੰਘ ਝੰਡ, ਡਾ. ਭੁਪਿੰਦਰ ਸਿੰਘ ਫੇਰੂਮਾਨ, ਹਰਜੀਤ ਸਿੰਘ ਸੰਧੂ, ਸਰਬਜੀਤ ਸਿੰਘ ਸੰਧੂ, ਰਮੇਸ਼ ਕੁਮਾਰ ਜਾਨੂੰ, ਸੁਰਿੰਦਰ ਸਿੰਘ ਚੋਹਕਾ, ਹਰਪਾਲ ਸਿੰਘ ਸੰਧਾਵਾਲੀਆ, ਕੰਵਲਜੀਤ ਭੁੱਜ, ਰਣਜੀਤ ਸਿੰਘ 'ਆਰਜੀਤ', ਕੁਲਦੀਪ ਸਿੰਘ 'ਦਰਾਜਕੇ', ਮਲਵਿੰਦਰ, ਹਰਪਾਲ ਸਿੰਘ ਨਾਗਰਾ, ਰੋਜ਼ੀ ਸਿੰਘ, ਕੰਵਲਪ੍ਰੀਤ ਕੌਰ ਥਿੰਦ, ਸਤਿੰਦਰ ਕੌਰ, ਪ੍ਰਭਜੀਤ ਕੌਰ, ਸੀਮਾ ਗਰੇਵਾਲ, ਪਰਜਿੰਦਰ ਕੌਰ ਕਲੇਰ, ਕੁਲਜੀਤ ਕੌਰ ਮੰਡ ਤੇ ਕਈ ਹੋਰ ਸ਼ਾਮਲ ਸਨ। ਇਸ ਮੌਕੇ ਸੁਹਿਰਦ ਸਰੋਤਿਆਂ ਵਿਚ ਰਾਜ ਖ਼ੁਸ਼ਵੰਤ ਸਿੰਘ ਸੰਧੂ, ਅਜੀਤ ਸਿੰਘ ਨਬੀਪੁਰ, ਡਾ. ਪ੍ਰਭਜੀਤ ਕੌਰ, ਮੇਜਰ ਸਿੰਘ, ਦਿਲਜੀਤ ਸਿੰਘ, ਅਮਰ ਚਿੱਤਰਕਾਰ ਦੇ ਸਪੁੱਤਰ ਸਰਬਜੀਤ ਸਿੰਘ ਤੇ ਹੋਰ ਬਹੁਤ ਸਾਰੇ ਸਾਹਿਤ ਪ੍ਰੇਮੀ ਹਾਜ਼ਰ ਸਨ।

*ਰਿਪੋਰਟ: ਡਾ. ਝੰਡ*

## *ਜਨਮ ਸਮੇਂ ਰਹਿ ਗਈਆਂ ਸਰੀਰਕ ਬਣਤਰ ਦੀਆਂ ਕਮੀਆਂ ਪੇਸ਼ੀਆਂ -4*

*(ਸਫਾ 24 ਦੀ ਬਾਕੀ)*

ਐਕਟਿਵ ਨਹੀਂ ਹੁੰਦਾ ਜਿਸ ਕਰਕੇ ਬੱਚਾ ਨਾ ਤਾਂ ਬਹੁਤੀ ਤਕਲੀਫ ਹੀ ਮਹਿਸੂਸ ਕਰਦਾ ਹੈ ਨਾ ਡੈਮੇਜ ਹੋਇਆ ਕਿਸੇ ਨਰਵ ਦਾ ਫੰਕਸ਼ਨ ਹੀ ਜਲਦੀ ਪਤਾ ਲਗਦਾ ਹੈ। ਜਿਵੇਂ ਅੱਖਾਂ ਦੀ ਸਹੀ ਨਜ਼ਰ ਦਾ ਪਤਾ ਪੰਜ ਮਹੀਨੇ ਤੱਕ ਲਗਦਾ ਹੈ। ਸੋ ਜਨਮ ਬਾਅਦ ਇਹ ਕਿਰਿਆਵਾਂ ਆਪਣੇ ਆਪ ਨਾਰਮਲ ਸਮੇਂ ਵਿਚ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜੇ ਰਿਪੇਅਰ ਦੇ ਰਸਤੇ ਵਿਚ ਕੋਈ ਹੋਰ ਰੁਕਾਵਟ ਨਹੀਂ ਹੈ ਤਾਂ।

ਬੱਚੇ ਦਾ ਬੋਲਾਪਨ: ਬੇਸ਼ਕ ਕੰਨ ਦੀ ਕਾਰਕਰਦਗੀ ਔਡੀਰੀ ਨਰਵ ਨਾਲ ਸੰਬੰਧਿਤ ਹੈ ਪਰ ਫਿਰ ਵੀ ਕਈ ਲੋਕਲ ਕਾਰਨ ਹੋ ਸਕਦੇ ਹਨ ਜਿਨ੍ਹਾਂ ਕਰਕੇ ਬੱਚੇ ਦੀ ਨਾਰਮਲ ਸੁਣਨ ਸ਼ਕਤੀ ਨਹੀਂ ਹੁੰਦੀ ਜਾਂ ਬਿਲਕੁਲ ਨਹੀਂ ਹੁੰਦੀ। ਬੱਚਾ ਮਾਂ ਦੇ ਪੇਟ ਵਿਚ ਐਮਨੀਓਟਿਕ ਫਲਿਊਡ ਵਿਚ ਘੁੰਮਦਾ ਰਹਿੰਦਾ ਹੈ ਜਿਸ ਕਾਰਨ ਇਹ ਪਾਣੀ ਕੰਨਾਂ ਵਿਚ ਜਾਂਦਾ ਤੇ ਨਿਕਲਦਾ ਰਹਿੰਦਾ ਹੈ। ਪਰ ਜੇ ਜਨਮ ਸਮੇਂ ਇਹ ਸੰਘਣਾ ਹੋਇਆ ਮੁਆਦ ਕੰਨਾਂ ਵਿਚ ਜੰਮਿਆ ਰਹਿ ਜਾਵੇ ਤਾਂ ਟੈਂਪਰੇਰੀ ਬੋਲਾਪਨ ਹੋ ਸਕਦਾ ਹੈ ਜਦ ਤੱਕ ਕਿ ਕੰਨਾਂ ਦੀ ਸਫ਼ਾਈ ਨਹੀਂ ਕੀਤੀ ਜਾਂਦੀ। ਜਨਮ ਸਮੇਂ ਸਾਈਡ ਤੋਂ ਬਰੇਨ 'ਤੇ ਪਿਆ ਪ੍ਰੈਸ਼ਰ (ਕਰੇਨੀਅਲ ਪਰੈਸ਼ਰ) ਵੀ ਕਈ ਵਾਰ ਬੱਚੇ ਦੇ ਬੋਲੇਪਨ ਦਾ ਕਾਰਨ ਬਣਦਾ ਹੈ। ਬਾਅਦ ਵਿਚ ਗਲੇ ਵਿਚ ਟੌਂਸਿਲ/ਐਡੀਨੋਆਇਡਜ਼ ਵੀ ਬੱਚੇ ਦੇ ਬੋਲੇਪਨ ਦਾ ਕਾਰਨ ਹੋ ਸਕਦੇ ਹਨ।

ਇਕ ਜ਼ਰੂਰੀ ਗੱਲ ਖ਼ੁਰਾਕ ਨਲੀ ਵਿਚ ਜੋ ਬਰੇਨ ਦੇ ਬੇਸ ਤੋਂ ਸ਼ੁਰੂ ਹੁੰਦੀ ਹੈ ਤੇ ਹੇਠਾਂ ਮਿਹਦੇ ਯਾਨੀ ਸਟੌਮਿਕ ਤੱਕ ਪਹੁੰਚਦਿਆਂ ਇਸ ਵਿਚ ਸੱਤ ਸੁਰਾਖ ਹੁੰਦੇ ਹਨ ਜੋ ਬਰੀਕ ਪਰਦਿਆਂ ਨਾਲ ਢਕੇ ਹੁੰਦੇ ਹਨ। ਇਨ੍ਹਾਂ ਸੁਰਾਖ਼ਾਂ ਦੇ ਬਾਹਰੀ ਹਿੱਸਿਆਂ ਵਿਚ ਵੱਖ-ਵੱਖ ਅੰਗ ਲੱਗੇ ਹੁੰਦੇ ਹਨ। ਜਿਵੇਂ ਔਪਟਿਕ ਨਰਵ ਦੇ ਬਾਹਰ ਔਰਬਿਟ ਵਿਚ ਅੱਖਾਂ ਹਨ।



# ਫ਼ਿਲਮ ਲੋਕ



## ਦਿਸ਼ਾ ਪਟਾਨੀ ਨੂੰ ਮਸ਼ਹੂਰੀਆਂ ਦਾ ਸਹਾਰਾ



ਵਪਾਰਕ ਘੱਟ ਤੇ ਨਿੱਜੀ ਗੱਲਾਂ ਕਰਕੇ ਜ਼ਿਆਦਾ ਜਾਣੀ ਜਾਂਦੀ ਦਿਸ਼ਾ ਪਟਾਨੀ ਅਕਸਰ ਸੁਰਖੀਆਂ ਦਾ ਸ਼ਿੰਗਾਰ ਬਣਦੀ ਹੈ। ਅੱਜਕਲ੍ਹ ਚੱਲ ਰਹੇ ਭਾਰਤੀ ਕ੍ਰਿਕਟ ਦੇ ਨਿੱਜੀ ਮਹਾਂਕੁੰਭ ਆਈ.ਪੀ.ਐਲ. ਲਈ ਸ਼ਾਨਦਾਰ ਅਦਾਇਗੀ ਦੇ ਕੇ ਦਿਸ਼ਾ ਪਟਾਨੀ ਵਿਸ਼ਵ ਭਰ 'ਚ ਚਰਚਿਤ ਹੋਈ ਹੈ। ਕ੍ਰਿਕਟਰ ਧੋਨੀ ਦੇ ਇਕ ਨਵੇਂ ਵੀਡੀਓ ਨਾਲ ਦਿਸ਼ਾ ਦੀ ਪੂਰੀ ਚਰਚਾ ਹੈ। ਚਿੱਟੀ ਸਕਰਟ ਤੇ ਪਹਿਰਾਵਾ ਪਹਿਨ ਕੇ ਉਹ ਕਿਸੇ ਰੈਸਟੋਰੈਂਟ 'ਚ ਰਾਤ ਦੇ ਖਾਣੇ ਲਈ ਪਹੁੰਚੀ ਨਜ਼ਰ ਆ ਰਹੀ ਹੈ। ਵੈਸੇ ਪਹਿਲੀ ਵਾਰ ਹੈ ਕਿ ਦਿਸ਼ਾ ਦੇ ਚਿਹਰੇ 'ਤੇ ਗਲੈਮਰ ਅਰਥਾਤ ਚਮਕ-ਦਮਕ ਨਹੀਂ ਸਗੋਂ ਸਾਦਗੀ ਝਲਕ ਰਹੀ ਹੈ। ਦੂਸਰੇ ਪਾਸੇ ਲੋਕਾਂ ਦੇ ਮੂੰਹ 'ਤੇ ਕਿਹੜੀ ਟੇਪ ਲੱਗੀ ਹੈ, ਕਿਸੇ ਨੇ ਕਿਹਾ ਕਿ ਇਹ ਦਿਸ਼ਾ ਦੀ ਨਵੀਂ ਸੋਚ ਹੈ ਕਿ ਆਈ.ਪੀ.ਐਲ. ਦੇ ਇਸ ਨਵੇਂ ਵੀਡੀਓ ਰਾਹੀਂ ਚਰਚਾ ਲਈ ਜਾਵੇ। ਕਿਸੇ ਨੇ ਕਿਹਾ ਹੈ ਕਿ ਦਿਸ਼ਾ ਬਿਲਕੁਲ ਨਕਲੀ ਜਿਹੀ ਲੱਗ ਰਹੀ ਹੈ।

ਸੂਰਿਆ ਨਾਲ 'ਕੰਗੂਵਾ' ਫ਼ਿਲਮ 'ਚ ਨਜ਼ਰ ਆਈ ਦਿਸ਼ਾ ਬਾਬਤ ਇਸ ਫ਼ਿਲਮ ਦੀ ਨਿਰਮਾਤਰੀ ਨੇ ਇਹ ਆਖ ਕੇ ਦਿਸ਼ਾ ਦੇ ਸੱਤੀਂ ਕੱਪੜੀਂ ਅੱਗ ਲਾ ਦਿੱਤੀ ਕਿ ਇਸ ਫ਼ਿਲਮ 'ਚ ਦਿਸ਼ਾ ਸਿਰਫ਼ ਦਿਖਾਵੇ ਦੀ ਚੀਜ਼ ਦੇ ਤੌਰ 'ਤੇ ਲਈ ਗਈ ਹੈ ਬਾਕੀ ਸਾਰਾ ਕੰਮ ਤਾਂ ਹੀਰੋ ਸੂਰਿਆ ਦਾ ਹੀ ਸੀ। ਵੈਸੇ ਵੀ, 'ਕਲਕੀ 2898 ਏ.ਡੀ.' 'ਚ ਵੀ ਦਿਸ਼ਾ ਪਟਾਨੀ ਦੀ ਭੂਮਿਕਾ ਨਿੱਕੀ ਜਿਹੀ ਹੀ ਸੀ ਤੇ ਅੱਜਕਲ੍ਹ ਬਤੌਰ ਹੀਰੋਇਨ ਦਿਸ਼ਾ ਕੋਲ ਫ਼ਿਲਮਾਂ ਨਹੀਂ ਹਨ। ਦਿਸ਼ਾ ਨੂੰ ਦੁੱਖ ਇਸ ਗੱਲ ਹੈ ਕਿ ਆਈ.ਪੀ.ਐਲ. ਦੇ ਉਦਘਾਟਨੀ ਸਮਾਰੋਹ 'ਚ ਉਸ ਦੇ ਨਾਚ ਦਾ ਪੂਰਾ ਹਿੱਸਾ ਪ੍ਰਸਾਰਿਤ ਨਹੀਂ ਕੀਤਾ ਗਿਆ। ਮਿਸ ਲਖਨਊ ਰਹੀ ਦਿਸ਼ਾ ਨੇ ਪੈਂਟਾਲੂਨ ਮਾਡਲ ਦੀ ਪਹਿਲੀ ਰਨਰ-ਅੱਪ ਦਾ ਖ਼ਿਤਾਬ ਵੀ ਜਿੱਤਿਆ ਹੋਇਆ ਹੈ। ਬਰੇਲੀ ਦੀ ਰਹਿਣ ਵਾਲੀ ਪਟਾਨੀ ਪੜ੍ਹਨ-ਲਿਖਣ 'ਚ ਕਾਫੀ ਹੁਸ਼ਿਆਰ ਸੀ ਤੇ ਉਹ ਵਿਗਿਆਨੀ ਬਣਨਾ ਚਾਹੁੰਦੀ ਸੀ। ਬਣ ਉਹ ਅਭਿਨੇਤਰੀ ਬਣ ਗਈ ਪਰ ਟਾਈਗਰ ਸ਼ਰਾਫ਼ ਦੇ ਚੱਕਰਾਂ 'ਚ ਦਿਸ਼ਾ ਦਾ ਕੈਰੀਅਰ ਹੀ ਸਰਾਪਿਆ ਗਿਆ ਹੈ।

ਗਾਰਨੀਅਰ ਤੇ ਏਅਰਸੈੱਲ ਦੀਆਂ ਮਸ਼ਹੂਰੀਆਂ ਨੇ ਦਿਸ਼ਾ ਨੂੰ ਅੱਜ ਵੀ ਮਸ਼ਹੂਰ ਕੀਤਾ ਹੋਇਆ ਹੈ। ਦਿਸ਼ਾ ਨੇ ਗੂਗਲ ਪਲੇਅ ਸਟੋਰ 'ਤੇ ਆਪਣਾ ਇਕ ਐਪ ਸ਼ੁਰੂ ਕੀਤਾ ਹੋਇਆ ਹੈ ਤੇ ਇਸ ਦਾ ਪ੍ਰਚਾਰ ਉਹ ਇੰਸਟਾਗ੍ਰਾਮ, ਫੇਸਬੁੱਕ ਤੇ ਟਵਿੱਟਰ 'ਤੇ ਖ਼ੂਬ ਕਰਦੀ ਰਹਿੰਦੀ ਹੈ। ਇਕ ਹਾਦਸੇ ਦਾ ਉਹ ਸ਼ਿਕਾਰ ਵੀ ਹੋ ਚੁੱਕੀ ਹੈ ਤੇ ਇਸ ਹਾਦਸੇ ਕਾਰਨ ਦਿਸ਼ਾ ਪਟਾਨੀ ਦੀ 6 ਮਹੀਨੇ ਲਈ ਯਾਦਾਸ਼ਤ ਵੀ ਚਲੀ ਗਈ ਸੀ । ਪੜ੍ਹਾਈ ਦੌਰਾਨ ਆਪਣੀ ਜਮਾਤ 'ਚ ਉਹ ਹਮੇਸ਼ਾ ਮਨੀਟਰ ਰਹੀ ਹੈ ਤੇ ਸਾਰੇ ਉਸ ਨੂੰ ਅੰਤਰਮੁਖੀ ਕੁੜੀ ਕਿਹਾ ਕਿਹਾ ਕਰਦੇ ਸਨ।

## ਫ਼ਿਲਮ ਆਲੋਚਕਾਂ ਦੀ ਵੀ ਚਹੇਤੀ ਹੈ ਰਿਚਾ ਚੱਢਾ



ਰਿਚਾ ਚੱਢਾ ਅਤੇ ਅਲੀ ਫਜ਼ਲ ਦੇ ਪ੍ਰੋਡਕਸ਼ਨ ਦੀ ਪਹਿਲੀ ਫ਼ਿਲਮ 'ਗਰਲਜ਼ ਵਿਲ ਬੀ ਗਰਲਜ਼' ਨੂੰ ਇਸ ਸਾਲ 'ਇੰਡੀਪੈਂਡੈਂਟ ਸਪਿਰਿਟ ਐਵਾਰਡ' ਵਿਚ ਜਾਨ ਕੈਸਵੇਟਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਫ਼ਿਲਮ ਨੂੰ ਸੂਚੀ ਤਲਾਤੀ ਨੇ ਨਿਰਦੇਸ਼ਿਤ ਕੀਤਾ ਹੈ। 18 ਦਸੰਬਰ, 1986 ਨੂੰ ਪੰਜਾਬ ਦੇ ਅੰਮ੍ਰਿਤਸਰ ਵਿਚ ਪੈਦਾ ਹੋਈ ਅਦਾਕਾਰਾ ਰਿਚਾ ਚੱਢਾ ਨੇ ਫ਼ਿਲਮ 'ਓਏ ਲੱਕੀ ਲੱਕੀ ਓਏ' ਤੋਂ ਕਰੀਅਰ ਦੀ ਸ਼ੁਰੂਆਤ ਕਰਨ ਬਾਅਦ ਫ਼ਿਲਮਾਂ ਵਿਚ ਆਪਣੇ ਦਮਦਾਰ ਅਭਿਨੈ ਅਤੇ ਕਿਰਦਾਰਾਂ ਦੇ ਬੂਤੇ ਕਾਫ਼ੀ ਹਰਮਨਪਿਆਰਤਾ ਹਾਸਿਲ ਕੀਤੀ ਹੈ। ਮ੍ਰਿਗਦੀਪ ਸਿੰਘ ਲਾਂਬਾ ਵਲੋਂ ਨਿਰਦੇਸ਼ਿਤ 'ਫੁਕਰੇ' ਵਿਚ ਭੋਲੀ ਪੰਜਾਬਣ ਦੇ ਕਿਰਦਾਰ ਵਿਚ ਰਿਚਾ ਚੱਢਾ ਨੇ ਪਹਿਲੀ ਵਾਰ ਆਪਣੀ ਐਕਟਿੰਗ ਦਾ ਲੋਹਾ ਮਨਵਾਇਆ ਸੀ। ਉਸ ਤੋਂ ਬਾਅਦ 'ਮਸਾਨ', 'ਸਰਬਜੀਤ', 'ਮੈਡਮ ਚੀਫ ਮਿਨਿਸਟਰ' ਅਤੇ 'ਫੁਕਰੇ-3' ਵਰਗੀਆਂ ਫ਼ਿਲਮਾਂ ਤੋਂ ਇਹ ਸਿਲਸਿਲਾ ਬਦਸਤੂਰ ਜਾਰੀ ਹੈ। ਸ਼ਾਨਦਾਰ ਕੰਮ ਜ਼ਰੀਏ ਉਹ ਦਰਸ਼ਕਾਂ ਦੇ ਨਾਲ-ਨਾਲ ਆਲੋਚਕਾਂ ਦੀ ਵੀ ਚਹੇਤੀ ਅਦਾਕਾਰਾ ਬਣ ਚੁੱਕੀ ਹੈ। ਸੁਧੀਰ ਮਿਸ਼ਰਾ ਵਲੋਂ ਨਿਰਦੇਸ਼ਿਤ ਰੋਮਾਂਟਿਕ, ਰਾਜਨੀਤਕ, ਥ੍ਰਿਲਰ ਫ਼ਿਲਮ 'ਦਾਸ ਦੇਵ' ਵਿਚ ਰਿਚਾ ਚੱਢਾ ਨੇ ਇਕ ਰਾਜਨੀਤੀ ਦਾ ਬੇਹੱਦ ਦਮਦਾਰ ਚਰਿੱਤਰ ਨਿਭਾਇਆ, ਜਿਸ ਨੂੰ ਉਹ ਸਭ ਤੋਂ ਚੁਣੌਤੀਪੂਰਨ ਮੰਨਦੀ ਹੈ। ਪਰ ਬਦਕਿਸਮਤੀ ਨਾਲ ਫ਼ਿਲਮ, ਟਿਕਟ ਖਿੜਕੀ 'ਤੇ ਸਫ਼ਲ ਸਾਬਿਤ ਨਾ ਹੋ ਸਕੀ। ਨਿਰਮਾਤਾ ਪੂਜਾ ਭੱਟ ਦੀ ਫ਼ਿਲਮ 'ਕੈਬਰੇ', 'ਰਾਜੋ ਰਜੀਆ ਰੱਜ' ਅਤੇ ਕੋਰਟ ਰੂਮ ਡਰਾਮਾ 'ਤੇ ਆਧਾਰਿਤ 'ਸੈਕਸ਼ਨ 375 : ਮਰਜ਼ੀ ਜਾਂ ਜ਼ਬਰਦਸਤੀ' ਵਿਚ ਪਬਲਿਕ ਪ੍ਰੋਸੀਕਿਊਟਰ ਹਿਰਲ ਗਾਂਧੀ ਦਾ ਜੋ ਕਿਰਦਾਰ ਨਿਭਾਇਆ, ਉਸ ਨੂੰ ਕਾਫ਼ੀ ਜ਼ਿਆਦਾ ਪਸੰਦ ਕੀਤਾ ਗਿਆ ।

## ਉਰਵਸ਼ੀ ਰੌਤੇਲਾ 'ਟ੍ਰੋਲਰਜ਼' ਦੇ ਨਿਸ਼ਾਨੇ 'ਤੇ

ਕਈ ਫ਼ਿਲਮਾਂ ਵਿਚ ਕੰਮ ਕਰ ਚੁੱਕੀ ਬਾਲੀਵੁੱਡ ਦੀ ਬੇਹੱਦ ਖ਼ੂਬਸੂਰਤ ਅਤੇ ਗਲੈਮਰਸ ਅਦਾਕਾਰਾ ਉਰਵਸ਼ੀ ਰੌਤੇਲਾ ਦੀਆਂ ਜ਼ਿਆਦਾਤਰ ਫ਼ਿਲਮਾਂ ਫਲਾਪ ਰਹੀਆਂ ਹਨ। ਸ਼ਾਇਦ ਇਹੀ ਵਜ੍ਹਾ ਹੈ ਕਿ ਉਹ ਆਪਣੀ ਐਕਟਿੰਗ ਨਾਲੋਂ ਜ਼ਿਆਦਾ ਆਪਣੀ ਦਿੱਖ ਨੂੰ ਲੈ ਕੇ ਸੁਰਖੀਆਂ ਵਿਚ ਬਣੀ ਰਹਿੰਦੀ ਹੈ।

ਉਰਵਸ਼ੀ ਰੌਤੇਲਾ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਵੀ ਸੁਰਖੀਆਂ ਵਿਚ ਰਹਿੰਦੀ ਹੈ। ਟ੍ਰੋਲਰਸ ਤਾਂ ਹਮੇਸ਼ਾ ਉਸ 'ਤੇ ਨਿਸ਼ਾਨਾ ਸਾਧਦੇ ਹੀ ਰਹਿੰਦੇ ਹਨ। ਕ੍ਰਿਕਟਰ ਰਿਸ਼ਭ ਪੰਤ ਨਾਲ ਉਸ ਦਾ ਨਾਂਅ ਜੁੜਦਾ ਰਹਿੰਦਾ ਹੈ ਪਰ ਉਹ ਹਮੇਸ਼ਾ ਇਨ੍ਹਾਂ ਖ਼ਬਰਾਂ ਦੀ ਸੱਚਾਈ ਤੋਂ ਇਨਕਾਰ ਕਰਦੀ ਆਈ ਹੈ। ਉਰਵਸ਼ੀ ਰੌਤੇਲਾ ਨੇ ਮਹਿਜ਼ 19 ਸਾਲ ਦੀ ਉਮਰ ਵਿਚ ਸੰਨੀ ਦਿਓਲ ਦੀ ਫ਼ਿਲਮ 'ਸਿੰਘ ਸਾਹਿਬ ਦ ਗ੍ਰੇਟ' ਤੋਂ ਫ਼ਿਲਮ ਸਨਅਤ ਵਿਚ ਕਦਮ ਰੱਖਿਆ ਸੀ। ਫ਼ਿਲਮ ਵਿਚ ਦੋਵਾਂ ਦੀ ਕੈਮਿਸਟਰੀ ਦਰਸ਼ਕਾਂ ਨੂੰ ਬਿਲਕੁਲ ਵੀ ਪਸੰਦ ਨਹੀਂ ਸੀ ਆਈ, ਕਿਉਂਕਿ ਸੰਨੀ ਦਿਓਲ ਉਮਰ ਵਿਚ ਉਸ ਤੋਂ 38 ਸਾਲ ਵੱਡੇ ਸਨ। ਫ਼ਿਲਮ ਇਤਿਹਾਸ ਦਾ ਲੇਖਾ-ਜੋਖਾ ਰੱਖਣ ਵਾਲੇ ਕੁਝ ਜਾਣਕਾਰਾਂ ਦਾ ਮੰਨਣਾ ਹੈ ਕਿ ਦੋਵਾਂ ਵਿਚਾਲੇ ਉਮਰ ਦਾ ਇਹ ਫ਼ਰਕ ਬਾਲੀਵੁੱਡ ਦੇ ਇਤਿਹਾਸ ਦਾ ਸਭ ਤੋਂ ਵੱਡਾ ਉਮਰ ਫ਼ਰਕ ਸੀ।

'ਸਿੰਘ ਸਾਹਿਬ ਦ ਗ੍ਰੇਟ' ਤੋਂ ਬਾਅਦ ਉਰਵਸ਼ੀ 'ਭਾਗ ਜਾਨੀ', 'ਸਨਮ ਰੇ', 'ਗ੍ਰੇਟ ਗ੍ਰੈਂਡ ਮਸਤੀ', 'ਹੇਟ ਸਟੋਰੀ4' ਅਤੇ 'ਪਾਗਲਪੰਤੀ' ਵਰਗੀਆਂ ਕਈ ਫ਼ਿਲਮਾਂ ਵਿਚ ਨਜ਼ਰ ਆਈ, ਪਰ ਬਦਕਿਸਮਤੀ ਨਾਲ 'ਹੇਟ ਸਟੋਰੀ-4' ਤੋਂ ਇਲਾਵਾ ਉਸ ਦੀ ਕੋਈ ਵੀ ਫ਼ਿਲਮ ਕਾਮਯਾਬ ਨਹੀਂ ਹੋ ਸਕੀ। ਪੁਲਿਸ ਸੁਧਾਰ ਵਰਗੇ ਮੁੱਦਿਆਂ ਨੂੰ ਲੈ ਕੇ ਸਾਈਬਰ ਕ੍ਰਾਈਮ ਦੀ ਹਨੇਰੀ ਦੁਨੀਆ 'ਤੇ ਰੌਸ਼ਨੀ ਪਾਉਂਦੀ ਪਿਛਲੇ ਸਾਲ ਪ੍ਰਦਰਸ਼ਿਤ ਸੂਸੀ ਗਣੇਸ਼ਨ ਦੀ ਫ਼ਿਲਮ 'ਘੁਸਪੈਠੀਆ' ਵਿਚ ਵਿਨੀਤ ਕੁਮਾਰ ਸਿੰਘ ਉੱਤਰ ਪ੍ਰਦੇਸ਼ ਦੇ ਪੁਲਿਸ ਅਫ਼ਸਰ ਦੇ ਕਿਰਦਾਰ ਵਿਚ ਅਤੇ ਉਰਵਸ਼ੀ ਰੌਤੇਲਾ ਉਸ ਦੀ ਪਤਨੀ ਦੀ ਭੂਮਿਕਾ ਵਿਚ ਨਜ਼ਰ ਆਈ ਸੀ, ਜਦ ਕਿ ਫ਼ਿਲਮ ਵਿਚ ਅਕਸ਼ੈ ਉਬਰਾਏ ਖਲਨਾਇਕ ਦੀ ਭੂਮਿਕਾ ਵਿਚ ਹੈ। ਫ਼ਿਲਮ ਵਿਚ ਪਹਿਲੀ ਵਾਰ ਉਰਵਸ਼ੀ ਰੌਤੇਲਾ ਨੇ ਆਪਣੀ ਬੈਸਟ ਪਰਫਾਰਮੈਂਸ ਨਾਲ ਹਰ ਕਿਸੇ ਨੂੰ ਪ੍ਰਭਾਵਿਤ ਕੀਤਾ। ਪਰ ਉਸ ਤੋਂ ਬਾਅਦ ਹਾਲ ਹੀ ਵਿਚ ਰਿਲੀਜ਼ ਤੇਲਗੂ ਫ਼ਿਲਮ 'ਡਾਕੂ ਮਹਾਰਾਜ' ਵਿਚ ਜਿਸ ਤਰ੍ਹਾਂ ਨਾਲ ਉਰਵਸ਼ੀ ਨੇ 34 ਸਾਲ ਵੱਡੇ ਐਕਟਰ ਨੰਦਮੂਰਾਰੀ ਬਾਲਕ੍ਰਿਸ਼ਨ ਨਾਲ ਇਕ ਡਾਂਸ ਨੰਬਰ ਵਿਚ ਜੋ ਸਟੈੱਪ ਕੀਤੇ, ਉਹ ਲੋਕਾਂ ਨੂੰ ਕਾਫ਼ੀ ਅਸ਼ਲੀਲ ਲੱਗੇ। ਇਸ ਦੀ ਵਜ੍ਹਾ ਨਾਲ ਉਸ ਨੂੰ ਜੰਮ ਕੇ ਟ੍ਰੋਲ ਵੀ ਕੀਤਾ ਗਿਆ। ਉਰਵਸ਼ੀ ਦੀਆਂ ਆਉਣ ਵਾਲੀਆਂ ਫ਼ਿਲਮਾਂ ਵਿਚ ਤੇਲਗੂ ਫ਼ਿਲਮ 'ਬਲੈਕ ਰੋਜ਼' ਅਤੇ ਹਿੰਦੀ ਫ਼ਿਲਮ 'ਵੈਲਕਮ ਟੂ ਦ ਜੰਗਲ' ਅਤੇ 'ਕਸੂਰ-2' ਮਹੱਤਵਪੂਰਨ ਹਨ।




## ਛਾ ਗਿਆ ਵਿੱਕੀ ਕੌਸ਼ਲ



ਫ਼ਿਲਮ 'ਛਾਵਾ' ਨੇ ਪਿਛਲੇ 10 ਸਾਲਾਂ ਵਿਚ ਰਿਲੀਜ਼ ਹੋਈਆਂ ਵਿੱਕੀ ਕੌਸ਼ਲ ਦੀਆਂ ਸਭ ਫ਼ਿਲਮਾਂ ਨੂੰ ਮਾਤ ਦਿੰਦੇ ਹੋਏ ਉਸ ਦੇ ਕਰੀਅਰ ਦੀ ਸਭ ਤੋਂ ਜ਼ਿਆਦਾ ਕਮਾਉਣ ਵਾਲੀ ਫ਼ਿਲਮ ਦਾ ਰਿਕਾਰਡ ਬਣਾ ਲਿਆ ਹੈ। 16 ਮਈ, 1988 ਨੂੰ ਬਾਲੀਵੁੱਡ ਦੇ ਮੰਨੇ-ਪ੍ਰਮੰਨੇ ਐਕਸ਼ਨ ਨਿਰਦੇਸ਼ਕ ਸ਼ਿਆਮ ਕੌਸ਼ਲ ਦੇ ਘਰ ਪੈਦਾ ਹੋਏ ਵਿੱਕੀ ਕੌਸ਼ਲ ਨੇ 'ਮਸਾਨ' ਤੋਂ ਬਾਅਦ 'ਲਵ ਸ਼ੁਕੇਅਰ ਫੁਟ', 'ਰਾਜ਼ੀ', 'ਰਮਨ ਰਾਘਵ 2.0', 'ਸੰਜੂ', 'ਮਨਮਰਜ਼ੀਆਂ', 'ਲਸਟ ਸਟੋਰੀਜ਼' ਅਤੇ 'ਉੜੀ : ਦ ਸਰਜੀਕਲ ਸਟ੍ਰਾਈਕ' ਵਰਗੀਆਂ ਫ਼ਿਲਮਾਂ ਵਿਚ ਬਹੁਤ ਤਾਰੀਫ਼ ਮਿਲੀ। ਰਾਜ ਕੁਮਾਰ ਹਿਰਾਨੀ ਦੀ 'ਸੰਜੂ' ਵਿਚ ਵਿੱਕੀ ਕੌਸ਼ਲ ਇਕ ਬੇਹੱਦ ਛੋਟੇ ਕਿਰਦਾਰ ਵਿਚ ਸੀ ਪਰ ਉਸ ਵਿਚ ਉਸ ਨੇ ਹਰ ਕਿਸੇ ਨੂੰ ਪ੍ਰਭਾਵਿਤ ਕੀਤਾ ਸੀ। 'ਸੰਜੂ' ਲਈ ਵਿੱਕੀ ਕੌਸ਼ਲ ਨੂੰ ਬੈਸਟ ਸਪੋਰਟਿੰਗ ਐਕਟਰ ਦਾ ਫ਼ਿਲਮ ਫੇਅਰ ਪੁਰਸਕਾਰ ਵੀ ਮਿਲਿਆ। ਮੇਘਨਾ ਗੁਲਜ਼ਾਰ ਨਿਰਦੇਸ਼ਿਤ 'ਰਾਜ਼ੀ' ਵਿਚ ਉਹ ਆਲੀਆ ਭੱਟ ਦੇ ਨਾਲ ਨਜ਼ਰ ਆਏ ਸੀ। ਇਸ ਫ਼ਿਲਮ ਵਿਚ ਉਸ ਨੇ ਇਕ ਪਾਕਿਸਤਾਨੀ ਫ਼ੌਜੀ ਅਫ਼ਸਰ ਸਈਅਦ ਇਕਬਾਲ ਦਾ ਬੇਹੱਦ ਸ਼ਾਨਦਾਰ ਕਿਰਦਾਰ ਨਿਭਾਇਆ, ਜਿਸ ਲਈ ਉਸ ਦੀ ਬੇਹੱਦ ਪ੍ਰਸ਼ੰਸਾ ਹੋਈ ਸੀ। ਵਿੱਕੀ ਦੀ ਦਮਦਾਰ ਐਕਟਿੰਗ ਕਾਰਨ 25 ਕਰੋੜ ਦੀ ਲਾਗਤ ਵਾਲੀ 'ਉੜੀ : ਦ ਸਰਜੀਕਲ ਸਟ੍ਰਾਈਕ' ਨੇ 200 ਕਰੋੜ ਤੋਂ ਜ਼ਿਆਦਾ ਦਾ ਕਾਰੋਬਾਰ ਕੀਤਾ ਸੀ। ਇਸ ਫ਼ਿਲਮ ਵਿਚ ਮੇਜਰ ਵਿਹਾਨ ਸਿੰਘ ਸ਼ੇਰਗਿੱਲ ਦੇ ਕਿਰਦਾਰ ਵਿਚ ਪ੍ਰਸ਼ੰਸਾ ਹਾਸਿਲ ਕਰਕੇ ਵਿੱਕੀ ਕੌਸ਼ਲ ਜੋਸ਼ ਵਿਚ ਆ ਗਿਆ ਸੀ।

## ਤਮਿਲ ਫ਼ਿਲਮ 'ਕੂਲੀ' ਵਿੱਚ ਅਮਿਰ ਖਾਨ ਰਜਨੀਕਾਂਤ ਨਾਲ

ਮਨੋਰੰਜਨ ਦੇ ਫ਼ਿਲਮੀ ਕਰੀਅਰ ਵਿਚ ਉਸ ਨੂੰ ਦਰਸ਼ਕਾਂ ਦਾ ਬਹੁਤ ਪਿਆਰ ਮਿਲਿਆ ਹੈ। ਆਮਿਰ ਖਾਨ ਬਾਲੀਵੁੱਡ ਦੇ ਉਨ੍ਹਾਂ ਐਕਟਰਾਂ ਵਿਚੋਂ ਇਕ ਹੈ, ਜਿਨ੍ਹਾਂ ਨੇ ਹੁਣ ਤੱਕ 'ਕਿਆਮਤ ਸੇ ਕਿਆਮਤ ਤਕ', 'ਜੋ ਜੀਤਾ ਉਹੀ ਸਿਕੰਦਰ', 'ਰੰਗੀਲਾ', 'ਰਾਜਾ ਹਿੰਦੁਸਤਾਨੀ', 'ਗੁਲਾਮ', 'ਸਰਫਰੋਸ਼', 'ਲਗਾਨ', 'ਦਿਲ ਚਾਹਤਾ ਹੈ', 'ਤਾਰੇ ਜ਼ਮੀਨ ਪਰ, 'ਗਜਨੀ', 'ਇਡੀਅਟਸ' ਅਤੇ 'ਦੰਗਲ' ਵਰਗੀਆਂ ਕੁਝ ਸਭ ਤੋਂ ਵੱਡੀਆਂ ਹਿਟ ਫ਼ਿਲਮਾਂ ਦਿੱਤੀਆਂ ਹਨ, ਜਿਨ੍ਹਾਂ ਦੇ ਰਿਕਾਰਡ ਅੱਜ ਵੀ ਕਾਇਮ ਹਨ। ਖ਼ਾਸ ਕਰਕੇ ਨਿਤੇਸ਼ ਤਿਵਾਰੀ ਦੇ ਨਿਰਦੇਸ਼ਨ ਵਿਚ ਬਣੀ ਫ਼ਿਲਮ 'ਦੰਗਲ' ਵਿਚ ਦਰਸ਼ਕਾਂ ਨੂੰ ਆਪਣੇ ਕੰਮ ਨਾਲ ਹੈਰਾਨ ਕਰਨ ਕੀਤਾ ਸੀ ਆਮਿਰ ਖਾਨ ਨੇ। ਇਕ ਲੰਮੇ ਵਕਫ਼ੇ ਬਾਅਦ ਹੁਣ ਆਮਿਰ ਖਾਨ ਆਰ.ਐਸ. ਪ੍ਰਸੰਨਾ ਦੇ ਨਿਰਦੇਸ਼ਨ ਵਿਚ ਬਣ ਰਹੀ ਫ਼ਿਲਮ 'ਸਿਤਾਰੇ ਜ਼ਮੀਨ ਪਰ' ਨਾਲ ਵਾਪਸੀ ਕਰ ਰਹੇ ਹਨ। ਆਮਿਰ ਖਾਨ ਅਤੇ ਕਿਰਨ ਰਾਓ ਵਲੋਂ ਬਣਾਈ ਜਾ ਰਹੀ ਇਹ ਫ਼ਿਲਮ ਪਹਿਲਾਂ ਪਿਛਲੇ ਸਾਲ 25 ਦਸੰਬਰ ਨੂੰ ਰਿਲੀਜ਼ ਹੋਣ ਵਾਲੀ ਸੀ ਪਰ ਹੁਣ ਇਹ ਇਸ ਸਾਲ ਰਿਲੀਜ਼ ਹੋਵੇਗੀ। 'ਸਿਤਾਰੇ ਜ਼ਮੀਨ ਪਰ' ਆਮਿਰ ਦੀ ਹੀ 2007 ਵਿਚ ਰਿਲੀਜ਼ ਫ਼ਿਲਮ 'ਤਾਰੇ ਜ਼ਮੀਨ ਪਰ' ਦਾ ਵਿਸਥਾਰ ਹੈ। 'ਸਿਤਾਰ ਜ਼ਮੀਂ ਪਰ' ਤੋਂ ਇਲਾਵਾ ਆਮਿਰ ਖਾਨ ਰਜਨੀਕਾਂਤ ਦੇ ਨਾਲ ਤਾਮਿਲ ਫ਼ਿਲਮ 'ਕੂਲੀ' ਵਿਚ ਨਜ਼ਰ ਆਏਗਾ। ਫ਼ਿਲਮ ਵਿਚ ਉਸ ਦਾ ਦਮਦਾਰ ਕੈਮਿਓ ਬਣਾਇਆ ਜਾ ਰਿਹਾ ਹੈ। ਫ਼ਿਲਮ ਦੀ ਸ਼ੂਟਿੰਗ ਜੈਪੁਰ ਵਿਚ ਚਲ ਰਹੀ ਹੈ।



ੴ ਸਤਿਗੁਰ ਪ੍ਰਸਾਦਿ॥

ਚਿੜੀਓਂ ਸੇ ਮੈਂ ਬਾਜ਼ ਤੁੜਾਊਂ।
ਸਵਾ ਲਾਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।



# ਸਮੂਹ ਪੰਜਾਬੀ ਭਾਈਚਾਰੇ ਨੂੰ ਧਾਲੀਵਾਲ ਪਰਿਵਾਰ ਵਲੋਂ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਵਿਸਾਖੀ ਦੀ

# ਕੋਟਨਿ-ਕੋਟਿ ਵਧਾਈ

1699 ਦੀ ਵਿਸਾਖੀ ਮੌਕੇ ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਜਾਤ-ਪਾਤ ਦਾ ਭਿੰਨ-ਭੇਦ ਹੀ ਨਹੀਂ ਮਿਟਾਇਆ, ਸਗੋਂ ਇਕ-ਇਕ ਸਿੰਘ ਨੂੰ ਸਵਾ-ਸਵਾ ਲੱਖ ਨਾਲ ਲੜਨ ਦਾ ਬਲ ਵੀ ਬਖਸ਼ਿਆ। ਸਿੰਘ ਸਜੋ ਗੁਰੂ ਵਾਲੇ ਬਣੋ।



ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ